Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 910, 11 to 17 June, 2026, Ph: 916-320-9444, E-mail: punjabmailusa@yahoo.com, Web: punjabmailusa.com

## ਫੈਡਰਲ ਅਦਾਲਤ ਵੱਲੋਂ ਐੱਚ-1ਬੀ ਵੀਜ਼ਾ ਲਈ 100,000 ਡਾਲਰ ਫੀਸ ਰੱਦ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੀ ਇੱਕ ਫੈਡਰਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਐੱਚ-1ਬੀ ਵੀਜ਼ਿਆਂ 'ਤੇ ਲਗਾਈ ਗਈ 100,000 ਡਾਲਰ ਫੀਸ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਹੈ। ਬੋਸਟਨ ਦੇ ਯੂ.ਐੱਸ. ਡਿਸਟ੍ਰਿਕਟ ਜੱਜ ਲੀਓ ਸੋਰੋਕਿਨ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਫੀਸ ਅਸਲ ਵਿਚ ਇੱਕ "ਟੈਕਸ" ਸੀ ਅਤੇ ਅਮਰੀਕੀ ਸੰਵਿਧਾਨ ਅਨੁਸਾਰ ਟੈਕਸ ਲਗਾਉਣ ਦਾ ਅਧਿਕਾਰ ਸਿਰਫ਼ ਕਾਂਗਰਸ ਕੋਲ ਹੈ, ਰਾਸ਼ਟਰਪਤੀ ਜਾਂ ਫੈਡਰਲ ਏਜੰਸੀਆਂ ਕੋਲ ਨਹੀਂ।

■ **ਹਜ਼ਾਰਾਂ ਭਾਰਤੀ ਪ੍ਰਵਾਸੀਆਂ ਨੂੰ ਮਿਲੀ ਵੱਡੀ ਰਾਹਤ**



ਐੱਚ-1ਬੀ ਵੀਜ਼ਾ ਅਮਰੀਕਾ ਦਾ ਸਭ ਤੋਂ ਮਹੱਤਵਪੂਰਨ ਸਕਿੱਲਡ ਵਰਕਰ ਵੀਜ਼ਾ ਪ੍ਰੋਗਰਾਮ ਮੰਨਿਆ ਜਾਂਦਾ ਹੈ, ਜਿਸ ਰਾਹੀਂ ਟੈਕਨੋਲੋਜੀ, ਇੰਜੀਨੀਅਰਿੰਗ, ਹੈਲਥਕੇਅਰ, ਯੂਨੀਵਰਸਿਟੀਆਂ ਅਤੇ ਹੋਰ ਖੇਤਰਾਂ ਵਿਚ ਵਿਦੇਸ਼ੀ ਮਾਹਿਰਾਂ ਨੂੰ ਨੌਕਰੀ ਲਈ ਲਿਆਂਦਾ ਜਾਂਦਾ ਹੈ। ਹਰ ਸਾਲ 65,000 ਰੈਗੂਲਰ ਐੱਚ-1ਬੀ ਵੀਜ਼ੇ ਅਤੇ 20,000 ਹੋਰ ਉੱਚ ਡਿਗਰੀ ਵਾਲੇ ਉਮੀਦਵਾਰਾਂ ਲਈ ਜਾਰੀ ਕੀਤੇ ਜਾਂਦੇ ਹਨ। ਆਮ ਤੌਰ 'ਤੇ ਇੱਕ ਐੱਚ-1ਬੀ ਪਟੀਸ਼ਨ ਦੀ ਸਰਕਾਰੀ ਲਾਗਤ ਕੁਝ ਹਜ਼ਾਰ ਡਾਲਰ ਹੁੰਦੀ ਹੈ, ਪਰ ਟਰੰਪ ਪ੍ਰਸ਼ਾਸਨ ਨੇ ਸਤੰਬਰ 2025 ਵਿਚ ਇਸ ਨੂੰ ਸਿੱਧਾ 100,000 ਡਾਲਰ ਕਰ ਦਿੱਤਾ ਸੀ।

ਇਸ ਫੀਸ ਦੇ ਲਾਗੂ ਹੋਣ ਤੋਂ ਬਾਅਦ ਕਈ ਕੰਪਨੀਆਂ ਨੇ ਵਿਦੇਸ਼ੀ ਕਰਮਚਾਰੀਆਂ ਨੂੰ ਸਪਾਂਸਰ ਕਰਨਾ ਘਟਾ ਦਿੱਤਾ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਫਰਵਰੀ 2026 ਤੱਕ ਸਿਰਫ਼ 85 ਅਜਿਹੀਆਂ ਪੇਮੈਂਟਸ ਹੀ ਪ੍ਰਾਪਤ ਹੋਈਆਂ ਸਨ, ਜਿਸ ਨਾਲ ਸਪੱਸ਼ਟ ਸੀ ਕਿ ਇਹ ਨੀਤੀ ਐੱਚ-1ਬੀ ਪ੍ਰੋਗਰਾਮ ਨੂੰ ਲਗਭਗ ਠੱਪ ਕਰਨ ਵੱਲ ਵਧ ਰਹੀ ਸੀ।

ਇਸ ਮਾਮਲੇ ਨੂੰ 20 ਡੈਮੋਕ੍ਰੇਟਿਕ ਸਟੇਟਸ ਦੇ ਅਟਾਰਨੀ ਜਨਰਲ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਉਨ੍ਹਾਂ ਦਾ ਦਲੀਲ ਸੀ ਕਿ ਪ੍ਰਸ਼ਾਸਨ ਨੇ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਇੱਕ ਨਵਾਂ ਟੈਕਸ ਲਗਾ ਦਿੱਤਾ ਹੈ, ਜਿਸ ਨਾਲ ਰਾਜਾਂ ਦੀਆਂ ਯੂਨੀਵਰਸਿਟੀਆਂ, ਹਸਪਤਾਲਾਂ, ਖੋਜ ਸੰਸਥਾਵਾਂ ਅਤੇ ਟੈਕ ਕੰਪਨੀਆਂ ਨੂੰ ਹੁਨਰਮੰਦ ਕਾਮੇ ਭਰਤੀ ਕਰਨ ਵਿਚ ਮੁਸ਼ਕਲ ਆ ਰਹੀ ਸੀ।

ਇਸ ਫੈਸਲੇ ਨੂੰ ਖ਼ਾਸ ਤੌਰ 'ਤੇ ਭਾਰਤੀ ਮੂਲ ਦੇ ਲੱਖਾਂ ਐੱਚ-1ਬੀ ਉਮੀਦਵਾਰਾਂ ਲਈ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਅਮਰੀਕਾ ਵਿਚ ਐੱਚ-1ਬੀ ਵੀਜ਼ਾ ਧਾਰਕਾਂ ਦਾ ਸਭ ਤੋਂ ਵੱਡਾ ਹਿੱਸਾ ਭਾਰਤ ਤੋਂ ਆਉਂਦਾ ਹੈ ਅਤੇ ਕਈ ਭਾਰਤੀ ਆਈ.ਟੀ. ਕੰਪਨੀਆਂ ਅਤੇ ਅਮਰੀਕੀ ਟੈਕ ਕੰਪਨੀਆਂ ਇਸ ਪ੍ਰੋਗਰਾਮ 'ਤੇ ਨਿਰਭਰ ਕਰਦੀਆਂ ਹਨ।

■ ਬਾਕੀ ਖਬਰ ਸਫਾ 31 'ਤੇ

## ਐਡਵੋਕੇਟ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਵਫ਼ਦ ਅਮਰੀਕਾ ਪੁੱਜਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਉੱਚ ਪੱਧਰੀ ਵਫ਼ਦ ਦਾ ਅਮਰੀਕਾ ਪਹੁੰਚਣ 'ਤੇ ਸਾਨ ਫਰਾਂਸਿਸਕੋ ਦੇ ਹਵਾਈ ਅੱਡੇ 'ਤੇ ਸਥਾਨਕ ਸਿੱਖ ਆਗੂਆਂ ਤੇ ਸੰਗਤਾਂ ਵੱਲੋਂ ਜ਼ੋਰਦਾਰ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਵਫ਼ਦ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐੱਸ.ਡੀ. ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਸ਼ਾਮਲ ਸਨ।

■ **ਸਾਨ ਫਰਾਂਸਿਸਕੋ ਹਵਾਈ ਅੱਡੇ 'ਤੇ ਭਰਵਾਂ ਸਵਾਗਤ**

■ **ਸਥਾਨਕ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਕਾਰਜਾਂ ਸਬੰਧੀ ਯੋਜਨਾਵਾਂ ਨੂੰ ਅੱਗੇ ਵਧਾਇਆ ਜਾਵੇਗਾ : ਐਡਵੋਕੇਟ ਧਾਮੀ**



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਵੱਲੋਂ ਦਿੱਤੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਵਿਦੇਸ਼ਾਂ ਅੰਦਰ ਵੱਸਦਾ ਸਿੱਖ ਭਾਈਚਾਰਾ ਪੰਥਕ ਸਰੋਕਾਰਾਂ ਪ੍ਰਤੀ ਹਮੇਸ਼ਾ ਸਮਰਪਤ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਵਾਸੀ ਸਿੱਖ ਭਾਈਚਾਰੇ ਦਰਮਿਆਨ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਇਸੇ ਮੰਤਵ ਲਈ ਉਹ ਵਫ਼ਦ ਸਮੇਤ ਅਮਰੀਕਾ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਇਥੋਂ ਦੇ ਸਿੱਖ ਆਗੂਆਂ ਅਤੇ ਸੰਗਤਾਂ ਨਾਲ ਵਿਚਾਰ ਕਰਕੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਭਵਿੱਖੀ ਯੋਜਨਾਵਾਂ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ ਅਤੇ ਸਿੱਖ ਮਿਸ਼ਨ ਦੀ ਸਥਾਪਨਾ ਦੇ ਕਾਰਜ ਨੂੰ ਪੂਰਾ ਕੀਤਾ ਜਾਵੇਗਾ।

■ ਬਾਕੀ ਖਬਰ ਸਫਾ 31 'ਤੇ

## ਸੈਨੇਟ ਵੱਲੋਂ ICE ਅਤੇ ਬਾਰਡਰ ਪੈਟਰੋਲ ਲਈ 70 ਬਿਲੀਅਨ ਡਾਲਰ ਫੰਡਿੰਗ ਨੂੰ ਮਨਜ਼ੂਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਇਮੀਗ੍ਰੇਸ਼ਨ ਐਨਫੋਰਸਮੈਂਟ ਏਜੰਸੀਆਂ ਲਈ ਲਗਭਗ 70 ਬਿਲੀਅਨ ਦੀ ਵੱਡੀ ਫੰਡਿੰਗ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ 52-47 ਵੋਟਾਂ ਨਾਲ ਪਾਸ ਹੋਇਆ ਅਤੇ ਇਸਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਲਈ ਇੱਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਇਸ ਫੰਡਿੰਗ ਦਾ ਮੁੱਖ ਉਦੇਸ਼ ICE, ਬਾਰਡਰ ਪੈਟਰੋਲ, ਡਿਟੈਨਸ਼ਨ ਸੈਂਟਰਾਂ, ਸਰਹੱਦੀ ਸੁਰੱਖਿਆ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਹੋਰ ਮਜ਼ਬੂਤ ਕਰਨਾ ਹੈ।



ਇਸ ਯੋਜਨਾ ਦੀ ਸ਼ੁਰੂਆਤ ਅਸਲ ਵਿਚ 2025 'ਚ ਟਰੰਪ ਪ੍ਰਸ਼ਾਸਨ ਦੇ ਬਹੁਚਰਚਿਤ "ਵੰਨ ਬਿੱਗ ਬਿਊਟੀਫੁੱਲ ਬਿੱਲ" ਨਾਲ ਹੋਈ ਸੀ। ਉਸ ਬਿੱਲ ਵਿਚ ਸਰਹੱਦੀ ਸੁਰੱਖਿਆ, ICE, ਸੀ.ਬੀ.ਪੀ., ਨਵੇਂ ਬਾਰਡਰ ਏਜੰਟਾਂ ਦੀ ਭਰਤੀ, ਡਿਟੈਨਸ਼ਨ ਸਮਰੱਥਾ ਅਤੇ ਡਿਪੋਰਟੇਸ਼ਨ ਮੁਹਿੰਮ ਲਈ ਅਰਬਾਂ ਡਾਲਰ ਰੱਖਣ ਦੀ ਯੋਜਨਾ ਬਣਾਈ ਗਈ ਸੀ। ਉਸ ਵੇਲੇ ਰਿਪਬਲਿਕਨ ਆਗੂਆਂ ਨੇ ਕਿਹਾ ਸੀ ਕਿ ਉਹ ਟਰੰਪ ਦੇ ਕਾਰਜਕਾਲ ਦੇ ਅੰਤ ਤੱਕ ਇਮੀਗ੍ਰੇਸ਼ਨ ਐਨਫੋਰਸਮੈਂਟ ਲਈ ਲੰਬੇ ਸਮੇਂ ਦੀ ਫੰਡਿੰਗ ਯਕੀਨੀ ਬਣਾਉਣਾ ਚਾਹੁੰਦੇ ਹਨ।

■ ਬਾਕੀ ਖਬਰ ਸਫਾ 22 'ਤੇ

## ਫੈਡਰਲ ਕੋਰਟ ਵੱਲੋਂ ਅਸਾਇਲਮ ਅਤੇ ਇਮੀਗ੍ਰੇਸ਼ਨ ਕੇਸਾਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਕਰਨ ਦੇ ਹੁਕਮ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀਆਂ ਕਈ ਇਮੀਗ੍ਰੇਸ਼ਨ ਨੀਤੀਆਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਅਸਾਇਲਮ, ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀ ਪ੍ਰਕਿਰਿਆ ਤੁਰੰਤ ਮੁੜ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਰੋਡ ਆਈਲੈਂਡ ਦੇ ਫੈਡਰਲ ਜੱਜ ਜੌਨ ਜੇ. ਮੈਕਕੋਨਲ ਜੂਨੀਅਰ ਨੇ 135 ਸਫ਼ਿਆਂ ਦੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਲਾਗੂ ਕੀਤੀਆਂ ਨੀਤੀਆਂ ਨੇ ਹਜ਼ਾਰਾਂ ਪ੍ਰਵਾਸੀਆਂ ਨੂੰ ਕਾਨੂੰਨੀ ਅਨਿਸ਼ਚਿਤਤਾ ਵਿਚ ਧੱਕ ਦਿੱਤਾ ਅਤੇ ਉਨ੍ਹਾਂ ਦੇ ਕੇਸਾਂ ਨੂੰ ਬਿਨਾਂ ਕਾਨੂੰਨੀ ਆਧਾਰ ਦੇ ਰੋਕ ਦਿੱਤਾ।



ਅਦਾਲਤ ਵਿਚ ਦਾਇਰ ਮੁਕੱਦਮੇ ਅਨੁਸਾਰ, 39 ਦੇਸ਼ਾਂ ਦੇ ਨਾਗਰਿਕਾਂ ਲਈ ਅਸਾਇਲਮ, ਵਰਕ ਪਰਮਿਟ, ਗ੍ਰੀਨ ਕਾਰਡ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀਆਂ ਅਰਜ਼ੀਆਂ ਨੂੰ ਰੋਕਿਆ ਗਿਆ ਸੀ। ਇਨ੍ਹਾਂ ਵਿਚ ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਅਤੇ ਮੱਧ ਪੂਰਬ ਦੇ ਕਈ ਦੇਸ਼ ਸ਼ਾਮਲ ਸਨ।

ਜੱਜ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇਹ ਲੋਕ ਉਹ ਹਨ, ਜਿਨ੍ਹਾਂ ਨੇ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਕਰਦਿਆਂ ਕਾਨੂੰਨੀ ਤਰੀਕੇ ਨਾਲ ਅਰਜ਼ੀਆਂ ਦਿੱਤੀਆਂ ਸਨ, ਪਰ ਉਨ੍ਹਾਂ ਦੇ ਕੇਸਾਂ ਨੂੰ ਸਿਰਫ਼ ਉਨ੍ਹਾਂ ਦੇ ਜਨਮ ਦੇਸ਼ ਦੇ ਆਧਾਰ 'ਤੇ ਰੋਕ ਦਿੱਤਾ ਗਿਆ।

■ ਬਾਕੀ ਖਬਰ ਸਫਾ 31 'ਤੇ

## ਅਮਰੀਕੀ ਸਰਕਾਰ ਵੱਲੋਂ 17 ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਨ ਲਈ ਕੇਸ ਦਾਇਰ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੌਰਾਨ ਕਥਿਤ ਧੋਖਾਧੜੀ, ਗਲਤ ਜਾਣਕਾਰੀ ਅਤੇ ਗੰਭੀਰ ਅਪਰਾਧ ਲੁਕਾਉਣ ਦੇ ਦੋਸ਼ਾਂ ਹੇਠ 17 ਨੈਚੁਰਲਾਈਜ਼ਡ ਯੂ.ਐੱਸ. ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਵਾਉਣ ਲਈ ਅਦਾਲਤਾਂ ਵਿਚ ਕੇਸ ਦਾਇਰ ਕੀਤੇ ਹਨ। ਅਮਰੀਕੀ ਨਿਆਂ ਵਿਭਾਗ ਨੇ ਇਸ ਨੂੰ ਦੇਸ਼ ਦੇ ਇਤਿਹਾਸ ਵਿਚ ਡੀਨੈਚੁਰਲਾਈਜ਼ੇਸ਼ਨ ਦੀ ਸਭ ਤੋਂ ਵੱਡੀਆਂ ਕਾਰਵਾਈਆਂ ਵਿਚੋਂ ਇੱਕ ਕਰਾਰ ਦਿੱਤਾ ਹੈ।

ਅਧਿਕਾਰੀਆਂ ਮੁਤਾਬਕ ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਸਖ਼ਤ ਬਣਾਉਣ ਦੇ ਆਪਣੇ ਵਾਅਦੇ ਤਹਿਤ ਇਸ ਮੁਹਿੰਮ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵੇਲੇ ਆਪਣੇ ਅਪਰਾਧਿਕ ਰਿਕਾਰਡ, ਧੋਖਾਧੜੀ ਨਾਲ ਜੁੜੇ ਮਾਮਲੇ ਜਾਂ ਹੋਰ ਮਹੱਤਵਪੂਰਨ ਜਾਣਕਾਰੀਆਂ ਨੂੰ ਲੁਕਾਇਆ ਸੀ।




ਨਿਆਂ ਵਿਭਾਗ ਵੱਲੋਂ ਅਦਾਲਤ ਵਿਚ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਅਨੁਸਾਰ ਨਵੇਂ ਮਾਮਲਿਆਂ ਵਿਚ ਕੁਝ ਅਜਿਹੇ ਲੋਕ ਵੀ ਸ਼ਾਮਲ ਹਨ, ਜੋ ਬੱਚਿਆਂ ਨਾਲ ਸੈਕਸ ਅਪਰਾਧਾਂ, ਵਾਇਰ ਫਰਾਡ, ਮਨੀ ਲਾਂਡਰਿੰਗ ਅਤੇ ਹੋਰ ਗੰਭੀਰ ਜੁਰਮਾਂ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਹਨ। ਕਈਆਂ ਉੱਤੇ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ ਝੂਠੀ ਜਾਣਕਾਰੀ ਦੇਣ ਜਾਂ ਆਪਣੀ ਅਸਲ ਪਛਾਣ ਲੁਕਾਉਣ ਦੇ ਦੋਸ਼ ਵੀ ਲਗਾਏ ਗਏ ਹਨ।

ਇਨ੍ਹਾਂ 17 ਵਿਅਕਤੀਆਂ ਵਿਚ ਇੱਕ ਭਾਰਤੀ ਮੂਲ ਦਾ ਵਿਅਕਤੀ ਵੀ ਸ਼ਾਮਲ ਹੈ, ਜਿਸ ਉੱਤੇ ਕਥਿਤ ਤੌਰ 'ਤੇ ਜਾਅਲਸਾਜ਼ੀ ਵਾਲੀਆਂ ਐੱਚ-1ਬੀ ਵੀਜ਼ਾ ਪਟੀਸ਼ਨਾਂ ਦਾਇਰ ਕਰਨ ਦੇ ਦੋਸ਼ ਹਨ। ਇਸ ਤੋਂ ਇਲਾਵਾ ਮੈਕਸੀਕੋ, ਹੈਤੀ, ਕੋਲੰਬੀਆ, ਜਮੈਕਾ, ਕਿਊਬਾ, ਫਿਲੀਪੀਨਜ਼ ਅਤੇ ਸਾਬਕਾ ਯੂਗੋਸਲਾਵੀਆ ਨਾਲ ਸੰਬੰਧਤ ਕੁਝ ਨਾਗਰਿਕ ਵੀ ਇਸ ਕਾਰਵਾਈ ਦੇ ਘੇਰੇ ਵਿਚ ਆਏ ਹਨ। ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ ਅਤੇ ਜੋ ਲੋਕ ਧੋਖਾਧੜੀ ਜਾਂ ਝੂਠ ਦੇ ਆਧਾਰ 'ਤੇ ਇਹ ਹਾਸਲ ਕਰਦੇ ਹਨ, ਉਨ੍ਹਾਂ ਨੂੰ ਇਸ ਦਾ ਲਾਭ ਨਹੀਂ ਮਿਲਣਾ ਚਾਹੀਦਾ। ਉਨ੍ਹਾਂ ਕਿਹਾ ਕਿ ਨਿਆਂ ਵਿਭਾਗ ਨਾਗਰਿਕਤਾ ਪ੍ਰਣਾਲੀ ਦੇ ਦੁਰਪਯੋਗ ਵਿਰੁੱਧ "ਜ਼ੀਰੋ ਟੋਲਰੈਂਸ" ਨੀਤੀ ਅਪਣਾ ਰਿਹਾ ਹੈ।

■ ਬਾਕੀ ਖਬਰ ਸਫਾ 31 'ਤੇ

## ਮੈਡੀਕੇਡ ਲਾਭਪਾਤਰੀਆਂ ਦੀ ਯੋਗਤਾ ਦੀ ਹੁਣ ਹਰ 6 ਮਹੀਨੇ ਬਾਅਦ ਹੋਵੇਗੀ ਜਾਂਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਮੈਡੀਕੇਡ ਸਿਹਤ ਬੀਮਾ ਪ੍ਰੋਗਰਾਮ ਤਹਿਤ ਕਵਰੇਜ ਲੈ ਰਹੇ ਲੱਖਾਂ ਲੋਕਾਂ ਲਈ ਇੱਕ ਵੱਡਾ ਬਦਲਾਅ ਆਉਣ ਵਾਲਾ ਹੈ। ਨਵੇਂ ਫੈਡਰਲ ਕਾਨੂੰਨ ਅਨੁਸਾਰ 31 ਦਸੰਬਰ 2026 ਤੋਂ ਬਾਅਦ ਮੈਡੀਕੇਡ ਵਿਸਥਾਰ ਪ੍ਰੋਗਰਾਮ ਤਹਿਤ ਕਵਰੇਜ ਲੈ ਰਹੇ ਬਾਲਗਾਂ ਦੀ ਯੋਗਤਾ ਦੀ ਜਾਂਚ ਹੁਣ ਹਰ 12 ਮਹੀਨੇ ਦੀ ਬਜਾਏ ਹਰ 6 ਮਹੀਨੇ ਬਾਅਦ ਕੀਤੀ ਜਾਵੇਗੀ।

ਇਹ ਤਬਦੀਲੀ ਅਫੋਰਡੇਬਲ ਕੇਅਰ ਐਕਟ (ਏ.ਸੀ.ਏ.) ਤਹਿਤ ਮੈਡੀਕੇਡ ਵਿਸਥਾਰ ਰਾਹੀਂ ਕਵਰੇਜ ਲੈ ਰਹੇ ਕਰੋੜਾਂ ਅਮਰੀਕੀਆਂ ਨੂੰ ਪ੍ਰਭਾਵਿਤ ਕਰੇਗੀ। ਹੁਣ ਤੱਕ ਜ਼ਿਆਦਾਤਰ ਲੋਕਾਂ ਨੂੰ ਸਾਲ ਵਿਚ ਇੱਕ ਵਾਰ ਆਪਣੀ ਆਮਦਨ, ਰਿਹਾਇਸ਼ ਅਤੇ ਹੋਰ ਜਾਣਕਾਰੀ ਅਪਡੇਟ ਕਰਨੀ ਪੈਂਦੀ ਸੀ, ਪਰ ਨਵੇਂ ਨਿਯਮਾਂ ਅਧੀਨ ਇਹ ਪ੍ਰਕਿਰਿਆ ਸਾਲ ਵਿਚ ਦੋ ਵਾਰ ਪੂਰੀ ਕਰਨੀ ਪਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਰਾਜ ਸਰਕਾਰਾਂ ਉੱਤੇ ਪ੍ਰਸ਼ਾਸਨਿਕ ਬੋਝ ਕਾਫ਼ੀ ਵੱਧ ਜਾਵੇਗਾ। ਮੈਡੀਕੇਡ ਦਫ਼ਤਰਾਂ ਨੂੰ ਹੁਣ ਦੁੱਗਣੀ ਗਿਣਤੀ ਵਿਚ ਫਾਈਲਾਂ ਦੀ ਜਾਂਚ ਕਰਨੀ ਪਵੇਗੀ ਅਤੇ ਲਾਭਪਾਤਰੀਆਂ ਨੂੰ ਵੀ ਵਾਰ-ਵਾਰ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਣਗੇ। ਨੀਤੀ ਵਿਸ਼ਲੇਸ਼ਕਾਂ ਅਨੁਸਾਰ ਇਸ ਤਬਦੀਲੀ ਦਾ ਸਭ ਤੋਂ ਵੱਡਾ ਪ੍ਰਭਾਵ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜੋ ਪਹਿਲਾਂ ਹੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਜੇ ਕੋਈ ਵਿਅਕਤੀ ਨੋਟਿਸ ਦਾ ਜਵਾਬ ਦੇਣ ਵਿਚ ਦੇਰ ਕਰ ਦਿੰਦਾ ਹੈ, ਪਤਾ ਬਦਲਣ ਦੀ ਜਾਣਕਾਰੀ ਨਹੀਂ ਦਿੰਦਾ ਜਾਂ ਲੋੜੀਂਦੇ ਦਸਤਾਵੇਜ਼ ਸਮੇਂ ਸਿਰ ਨਹੀਂ ਭੇਜਦਾ, ਤਾਂ ਉਸਦੀ ਮੈਡੀਕੇਡ ਕਵਰੇਜ ਬੰਦ ਹੋ ਸਕਦੀ ਹੈ, ਭਾਵੇਂ ਉਹ ਅਜੇ ਵੀ ਯੋਗ ਹੋਵੇ।




■ ਬਾਕੀ ਖਬਰ ਸਫਾ 31 'ਤੇ

# ਭਾਰਤੀ ਕੌਂਸਲੇਟ ਦੀ ਚੇਤਾਵਨੀ: ਅਧਿਕਾਰੀਆਂ ਦੇ ਨਾਂ 'ਤੇ ਆ ਰਹੀਆਂ ਜਾਅਲੀ ਕਾਲਾਂ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਸਾਨ ਫਰਾਂਸਿਸਕੋ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਨੇ ਭਾਰਤੀ-ਅਮਰੀਕੀ ਭਾਈਚਾਰੇ ਨੂੰ ਅਧਿਕਾਰੀਆਂ ਦੇ ਨਾਂ 'ਤੇ ਆ ਰਹੀਆਂ ਜਾਅਲੀ ਫੋਨ ਕਾਲਾਂ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਜਾਰੀ ਕੀਤੀ ਹੈ। ਕੌਂਸਲੇਟ ਨੇ ਕਿਹਾ ਹੈ ਕਿ ਕੁਝ ਠੱਗ ਭਾਰਤੀ ਕੌਂਸਲੇਟ ਅਤੇ ਦੂਤਾਵਾਸ ਦੇ ਫੋਨ ਨੰਬਰਾਂ ਦੀ ਨਕਲ ਕਰਕੇ ਲੋਕਾਂ ਤੋਂ ਨਿੱਜੀ ਜਾਣਕਾਰੀ ਅਤੇ ਪੈਸੇ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਕੌਂਸਲੇਟ ਵੱਲੋਂ ਜਾਰੀ ਐਡਵਾਈਜ਼ਰੀ ਅਨੁਸਾਰ ਠੱਗ ਕਈ ਵਾਰ ਅਜਿਹੀਆਂ ਕਾਲਾਂ ਕਰਦੇ ਹਨ, ਜੋ ਦੇਖਣ ਵਿਚ ਭਾਰਤੀ ਕੌਂਸਲੇਟ ਜਾਂ ਦੂਤਾਵਾਸ ਦੇ ਅਸਲੀ ਨੰਬਰਾਂ ਤੋਂ ਆਈਆਂ ਲੱਗਦੀਆਂ ਹਨ। ਉਹ ਆਪਣੇ ਆਪ ਨੂੰ ਕੌਂਸਲੇਟ ਜਾਂ ਇਮੀਗ੍ਰੇਸ਼ਨ ਅਧਿਕਾਰੀ ਦੱਸ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ।



ਐਡਵਾਈਜ਼ਰੀ ਮੁਤਾਬਕ ਕਾਲ ਕਰਨ ਵਾਲੇ ਅਕਸਰ ਦਾਅਵਾ ਕਰਦੇ ਹਨ ਕਿ ਕਿਸੇ ਵਿਅਕਤੀ ਦੇ ਪਾਸਪੋਰਟ, ਵੀਜ਼ਾ ਅਰਜ਼ੀ, ਇਮੀਗ੍ਰੇਸ਼ਨ ਦਸਤਾਵੇਜ਼ਾਂ ਜਾਂ ਹੋਰ ਸਰਕਾਰੀ ਕਾਗਜ਼ਾਤ ਵਿਚ ਕੋਈ ਗੜਬੜ ਹੈ। ਇਸ ਤੋਂ ਬਾਅਦ ਉਹ ਕਥਿਤ ਸਮੱਸਿਆ ਨੂੰ ਹੱਲ ਕਰਨ ਦੇ ਬਦਲੇ ਪੈਸੇ ਦੀ ਮੰਗ ਕਰਦੇ ਹਨ। ਕੁਝ ਮਾਮਲਿਆਂ ਵਿਚ ਲੋਕਾਂ ਨੂੰ ਭਾਰਤ ਭੇਜਣ ਜਾਂ ਅਮਰੀਕਾ ਵਿਚ ਕਾਨੂੰਨੀ ਕਾਰਵਾਈ ਦੀ ਧਮਕੀ ਵੀ ਦਿੱਤੀ ਜਾਂਦੀ ਹੈ।

ਕੌਂਸਲੇਟ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਦੂਤਾਵਾਸ ਜਾਂ ਕੌਂਸਲੇਟ ਦਾ ਕੋਈ ਵੀ ਅਧਿਕਾਰੀ ਫੋਨ ਰਾਹੀਂ ਕਿਸੇ ਭਾਰਤੀ ਜਾਂ ਵਿਦੇਸ਼ੀ ਨਾਗਰਿਕ ਤੋਂ ਨਿੱਜੀ ਜਾਣਕਾਰੀ ਨਹੀਂ ਮੰਗਦਾ। ਜੇਕਰ ਕਿਸੇ ਅਰਜ਼ੀ ਸਬੰਧੀ ਵਾਧੂ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਤਾਂ ਇਸ ਸਬੰਧੀ ਸੰਪਰਕ ਸਿਰਫ਼ ਅਧਿਕਾਰਤ "mea.gov.in" ਈਮੇਲ ਡੋਮੇਨ ਰਾਹੀਂ ਕੀਤਾ ਜਾਂਦਾ ਹੈ।

ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਸਾਨ ਫਰਾਂਸਿਸਕੋ ਬੇ ਏਰੀਆ ਵਿਚ ਕਈ ਲੋਕਾਂ ਨੂੰ ਅਜਿਹੀਆਂ ਕਾਲਾਂ ਮਿਲੀਆਂ ਹਨ, ਜਿਨ੍ਹਾਂ ਵਿਚ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦਾ ਫੋਨ ਨੰਬਰ ਭਾਰਤ ਵਿਚ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ। ਕੁਝ ਲੋਕਾਂ ਨੂੰ ਇਹ ਵੀ ਕਿਹਾ ਗਿਆ ਕਿ ਭਾਰਤ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਉਨ੍ਹਾਂ ਦੀ ਪਛਾਣ ਦੀ ਪੁਸ਼ਟੀ ਕਰਨ ਦੀ ਲੋੜ ਹੈ।

ਕੌਂਸਲੇਟ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਸ਼ੱਕੀ ਕਾਲ ਨਾਲ ਗੱਲਬਾਤ ਨਾ ਕਰਨ, ਆਪਣੀ ਨਿੱਜੀ ਜਾਣਕਾਰੀ, ਬੈਂਕ ਖਾਤਿਆਂ ਜਾਂ ਕ੍ਰੈਡਿਟ ਕਾਰਡ ਸਬੰਧੀ ਵੇਰਵੇ ਸਾਂਝੇ ਨਾ ਕਰਨ ਅਤੇ ਕਿਸੇ ਵੀ ਤਰ੍ਹਾਂ ਦੀ ਰਕਮ ਨਾ ਭੇਜਣ। ਅਧਿਕਾਰੀਆਂ ਨੇ ਕਿਹਾ ਕਿ ਜੇਕਰ ਕਿਸੇ ਨੂੰ ਅਜਿਹੀ ਸ਼ੱਕੀ ਕਾਲ ਆਉਂਦੀ ਹੈ, ਤਾਂ ਉਹ ਇਸ ਦੀ ਜਾਣਕਾਰੀ ਈਮੇਲ ਰਾਹੀਂ ਕੌਂਸਲੇਟ ਨੂੰ ਦੇਣ ਅਤੇ ਕਾਲ ਸਬੰਧੀ ਉਪਲਬਧ ਵੇਰਵੇ ਸਾਂਝੇ ਕਰਨ।

ਕੌਂਸਲੇਟ ਨੇ ਦੁਹਰਾਇਆ ਹੈ ਕਿ ਲੋਕ ਭਾਰਤੀ ਦੂਤਾਵਾਸ ਜਾਂ ਕੌਂਸਲੇਟ ਦੇ ਨਾਂ 'ਤੇ ਆਉਣ ਵਾਲੀਆਂ ਸ਼ੱਕੀ ਕਾਲਾਂ ਤੋਂ ਸਾਵਧਾਨ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਣਕਾਰੀ ਜਾਂ ਪੈਸਾ ਸਾਂਝਾ ਨਾ ਕਰਨ।

# ਲੈਥਰੋਪ ਤੀਆਂ ਦਾ ਮੇਲਾ 25 ਜੁਲਾਈ ਨੂੰ

**ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)-** ਲੈਥਰੋਪ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਦਾ ਸਾਂਝਾ ਪ੍ਰੋਗਰਾਮ "ਸਾਲਾਨਾ ਲੈਥਰੋਪ ਤੀਆਂ ਮੇਲਾ" ਇਸ ਸਾਲ ਹਮੇਸ਼ਾ ਵਾਂਗ 25 ਜੁਲਾਈ ਦਿਨ ਸ਼ਨੀਵਾਰ ਨੂੰ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਿਸ ਦੀ ਅਗਵਾਈ ਅਤੇ ਸਟੇਜ ਸੰਚਾਲਨ ਵਿਸ਼ੇਸ਼ ਤੌਰ 'ਤੇ ਪੰਜਾਬੀ ਸੱਭਿਆਚਾਰ ਦਾ ਮਾਣ ਭੈਣ ਆਸ਼ਾ ਸ਼ਰਮਾ ਕਰਨਗੇ। ਇਹ ਪ੍ਰੋਗਰਾਮ ਦੁਪਹਿਰ 12 ਵਜੇ ਤੋਂ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲੇਗਾ।

ਸਥਾਨਕ ਪ੍ਰਬੰਧਕਾਂ ਵੱਲੋਂ ਨਜ਼ਦੀਕੀ ਸ਼ਹਿਰ ਮਨਟੀਕਾ, ਸਟਾਕਟਨ ਅਤੇ ਹੋਰ ਨਜ਼ਦੀਕੀ ਸ਼ਹਿਰਾਂ ਦੀਆਂ ਬੀਬੀਆਂ, ਮਾਂਵਾਂ, ਭੈਣਾਂ ਅਤੇ ਧੀਆਂ ਨੂੰ ਇਸ ਤੀਆਂ ਦੇ ਮੇਲੇ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਇਸ ਮੇਲੇ ਦੌਰਾਨ ਪੰਜਾਬੀ ਵਿਰਾਸਤ ਦਾ ਰੰਗ ਲਾਈਵ ਬੋਲੀਆਂ ਅਤੇ ਗਿੱਧਾ, ਡੀ.ਜੇ. ਦੇ ਗੀਤਾਂ ਰਾਹੀਂ ਗਿੱਧਾ-ਭੰਗੜਾ, ਬੱਚਿਆਂ ਦੇ ਗਿੱਧੇ-ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਤੋਂ ਇਲਾਵਾ ਸੀਨੀਅਰ 60 ਤੋਂ 85 ਸਾਲ ਦੀਆਂ ਬੀਬੀਆਂ ਵੀ ਆਪਣੀ ਪੇਸ਼ਕਾਰੀ ਰਾਹੀਂ ਪੰਜਾਬੀਅਤ ਦਾ ਰੰਗ ਪੇਸ਼ ਕਰਨਗੀਆਂ। ਇਸ ਸਮੇਂ ਖਾਸ ਤੌਰ ਤੇ ਰੈਫਲ ਡਰਾਅ ਵੀ ਕੱਢੇ ਜਾਣਗੇ। ਜਿੱਥੇ ਸਟੇਜਾਂ ਦੀ ਮਲਕਾ ਭੈਣ ਆਸ਼ਾ ਸ਼ਰਮਾ ਇਸ ਸਾਰੇ ਪ੍ਰੋਗਰਾਮ ਨੂੰ ਸੱਭਿਆਚਾਰਕ ਸ਼ਾਇਰੋ-ਸ਼ਾਇਰੀ ਅਤੇ ਵੱਖੋ-ਵੱਖਰੀਆਂ ਪੇਸ਼ਕਾਰੀਆਂ ਪੇਸ਼ ਕਰਦੇ ਹੋਏ ਖੂਬਸੂਰਤ ਬਣਾਉਣਗੇ।

# IRS ਦੀ ਜਾਣਕਾਰੀ ICE ਲਈ ਭਰੋਸੇਯੋਗ ਨਹੀਂ; ਇੰਸਪੈਕਟਰ ਜਨਰਲ ਦੀ ਰਿਪੋਰਟ ਨੇ ਚੁੱਕੇ ਸਵਾਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਲਾਗੂ ਕਰਨ ਲਈ IRS (ਇੰਟਰਨਲ ਰੈਵੇਨਿਊ ਸਰਵਿਸ) ਦੇ ਟੈਕਸਦਾਤਾਵਾਂ ਦੇ ਡਾਟੇ ਦੀ ਵਰਤੋਂ ਨੂੰ ਲੈ ਕੇ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। 8 ਜੂਨ ਨੂੰ ਜਾਰੀ ਕੀਤੀ ਗਈ ਟੈਕਸਪੇਅਰ ਇੰਸਪੈਕਟਰ ਜਨਰਲ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ IRS ਵੱਲੋਂ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੂੰ ਦਿੱਤੀ ਗਈ ਜਾਣਕਾਰੀ ਕਈ ਮਾਮਲਿਆਂ ਵਿਚ ਅਸੰਗਤ ਅਤੇ ਗੈਰ-ਭਰੋਸੇਯੋਗ ਸੀ।

ਰਿਪੋਰਟ ਅਨੁਸਾਰ, ਟਰੰਪ ਪ੍ਰਸ਼ਾਸਨ ਦੇ ਵਧੇ ਹੋਏ ਡਿਪੋਰਟੇਸ਼ਨ ਯਤਨਾਂ ਦੌਰਾਨ IRS ਨੇ ਲਗਭਗ 47,000 ਲੋਕਾਂ ਦੇ ਪਤੇ ICE ਨੂੰ ਮੁਹੱਈਆ ਕਰਵਾਏ ਸਨ। ਪਰ ਜਾਂਚ ਵਿਚ ਸਾਹਮਣੇ ਆਇਆ ਕਿ IRS ਵੱਲੋਂ ਬਣਾਇਆ ਗਿਆ ਆਟੋਮੈਟਿਕ ਮੈਚਿੰਗ ਸਿਸਟਮ ਟੈਕਸ ਰਿਕਾਰਡਾਂ ਅਤੇ ICE ਦੇ ਡਾਟੇ ਨੂੰ ਸਹੀ ਢੰਗ ਨਾਲ ਮਿਲਾਉਣ ਵਿਚ ਕਾਮਯਾਬ ਨਹੀਂ ਹੋਇਆ।

ਇੰਸਪੈਕਟਰ ਜਨਰਲ ਨੇ ਪਾਇਆ ਕਿ ਕਈ ਅਜਿਹੇ ਰਿਕਾਰਡ ਵੀ ICE ਨੂੰ ਭੇਜੇ ਗਏ, ਜਿਨ੍ਹਾਂ ਨੂੰ ਨਿਯਮਾਂ ਅਨੁਸਾਰ ਰੱਦ ਕੀਤਾ ਜਾਣਾ ਚਾਹੀਦਾ ਸੀ। IRS ਨੇ ਪਹਿਲਾਂ ਹੀ ਮੰਨਿਆ ਸੀ ਕਿ 47,000 ਵਿਚੋਂ 5 ਫੀਸਦੀ ਤੋਂ ਘੱਟ ਮਾਮਲਿਆਂ ਵਿਚ ਪਤਾ ਸੰਬੰਧੀ ਜਾਣਕਾਰੀ ਗਲਤ ਢੰਗ ਨਾਲ ਸਾਂਝੀ ਕੀਤੀ ਗਈ ਸੀ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ICE ਨੇ ਗੁਪਤ ਟੈਕਸ ਜਾਣਕਾਰੀ ਪ੍ਰਾਪਤ ਕਰਨ ਲਈ ਲਾਜ਼ਮੀ ਸੁਰੱਖਿਆ ਮਾਪਦੰਡਾਂ ਦੀ ਪੂਰੀ ਪਾਲਣਾ ਨਹੀਂ ਕੀਤੀ। ਇਹ ਮਾਮਲਾ ਇਸ ਲਈ ਹੋਰ ਗੰਭੀਰ ਬਣ ਜਾਂਦਾ ਹੈ ਕਿਉਂਕਿ ਟੈਕਸ ਰਿਕਾਰਡ ਅਮਰੀਕੀ ਕਾਨੂੰਨ ਅਧੀਨ ਸਭ ਤੋਂ ਵੱਧ ਸੁਰੱਖਿਅਤ ਨਿੱਜੀ ਜਾਣਕਾਰੀ ਵਿਚ ਗਿਣੇ ਜਾਂਦੇ ਹਨ।

ਪਿਛਲੇ ਸਾਲ ICE ਨੇ IRS ਕੋਲ 12 ਲੱਖ ਤੋਂ ਵੱਧ ਲੋਕਾਂ ਦੇ ਟੈਕਸ ਅਤੇ ਪਤੇ ਸੰਬੰਧੀ ਡਾਟੇ ਦੀ ਮੰਗ ਕੀਤੀ ਸੀ। ਇਸ ਡਾਟਾ-ਸ਼ੇਅਰਿੰਗ ਸਮਝੌਤੇ ਨੂੰ ਲੈ ਕੇ ਕਈ ਨਾਗਰਿਕ ਅਧਿਕਾਰ ਸੰਸਥਾਵਾਂ ਅਤੇ ਇਮੀਗ੍ਰੇਸ਼ਨ ਸਮਰਥਕ ਗਰੁੱਪਾਂ ਨੇ ਅਦਾਲਤਾਂ ਦਾ ਰੁਖ ਕੀਤਾ ਹੋਇਆ ਹੈ।

# ਸਿਰਫ਼ 25% ਲੋਕਾਂ ਹੀ ਮੰਨਦੇ ਨੇ ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼

**ਅਮਰੀਕਾ ਦੇ 250 ਸਾਲ ਪੂਰੇ ਹੋਣ ਤੋਂ ਪਹਿਲਾਂ ਹੋਇਆ ਨਵਾਂ ਸਰਵੇਖਣ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ 250ਵੇਂ ਸਥਾਪਨਾ ਦਿਵਸ ਤੋਂ ਪਹਿਲਾਂ ਜਾਰੀ ਇੱਕ ਨਵੇਂ ਸਰਵੇਖਣ ਨੇ ਦੇਸ਼ ਦੇ ਲੋਕਾਂ ਦੀ ਸੋਚ ਵਿਚ ਆ ਰਹੇ ਵੱਡੇ ਬਦਲਾਅ ਨੂੰ ਉਜਾਗਰ ਕੀਤਾ ਹੈ। ਸਰਵੇ ਅਨੁਸਾਰ ਹੁਣ ਸਿਰਫ਼ ਹਰ ਚਾਰ ਵਿਚੋਂ ਇੱਕ ਅਮਰੀਕੀ ਹੀ ਇਹ ਮੰਨਦਾ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਹੈ।

ਸਰਵੇਖਣ ਵਿਚ ਸਾਹਮਣੇ ਆਇਆ ਕਿ ਕਈ ਅਮਰੀਕੀ ਆਪਣੇ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਦੇਸ਼ ਦੇ ਸਭ ਤੋਂ ਵਧੀਆ ਦਿਨ ਸ਼ਾਇਦ ਪਿੱਛੇ ਰਹਿ ਗਏ ਹਨ। ਖ਼ਾਸ ਕਰਕੇ ਨੌਜਵਾਨ ਪੀੜ੍ਹੀ ਵਿਚ ਇਹ ਸੋਚ ਵੱਧ ਦੇਖਣ ਨੂੰ ਮਿਲੀ।

ਸਰਵੇ ਅਨੁਸਾਰ 51 ਫੀਸਦੀ ਅਮਰੀਕੀਆਂ ਦਾ ਮੰਨਣਾ ਹੈ ਕਿ "ਅਮਰੀਕਨ ਡਰੀਮ" ਹੁਣ ਪਹਿਲਾਂ ਵਾਂਗ ਸੱਚ ਨਹੀਂ ਰਿਹਾ। ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਘਰ ਖਰੀਦਣਾ, ਵਧੀਆ ਨੌਕਰੀ ਲੱਭਣਾ, ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨਾ ਅਤੇ ਅਗਲੀ ਪੀੜ੍ਹੀ ਲਈ ਬਿਹਤਰ ਜੀਵਨ ਯਕੀਨੀ ਬਣਾਉਣਾ ਹੁਣ ਪਹਿਲਾਂ ਨਾਲੋਂ ਕਾਫ਼ੀ ਔਖਾ ਹੋ ਗਿਆ ਹੈ।

ਸਰਵੇ ਵਿਚ ਇਹ ਵੀ ਸਾਹਮਣੇ ਆਇਆ ਕਿ ਅਮਰੀਕਾ ਦੀ ਲੋਕਤੰਤਰੀ ਪ੍ਰਣਾਲੀ ਨੂੰ ਲੈ ਕੇ ਵੀ ਲੋਕਾਂ ਵਿਚ ਚਿੰਤਾ ਵੱਧ ਰਹੀ ਹੈ। ਖ਼ਾਸ ਤੌਰ 'ਤੇ ਨੌਜਵਾਨਾਂ ਵਿਚ ਲੋਕਤੰਤਰ ਅਤੇ ਰਾਜਨੀਤਿਕ ਸੰਸਥਾਵਾਂ ਪ੍ਰਤੀ ਵਿਸ਼ਵਾਸ ਪਹਿਲਾਂ ਨਾਲੋਂ ਘੱਟ ਨਜ਼ਰ ਆ ਰਿਹਾ ਹੈ।

ਰਾਜਨੀਤਿਕ ਪੱਧਰ 'ਤੇ ਵੀ ਵੱਡਾ ਫ਼ਰਕ ਦੇਖਣ ਨੂੰ ਮਿਲਿਆ। ਰਿਪਬਲਿਕਨ ਸਮਰਥਕਾਂ ਵਿਚ ਅਮਰੀਕਾ ਨੂੰ ਵਿਸ਼ੇਸ਼ ਅਤੇ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਮੰਨਣ ਵਾਲਿਆਂ ਦੀ ਗਿਣਤੀ ਡੈਮੋਕ੍ਰੇਟ ਅਤੇ ਆਜ਼ਾਦ ਵੋਟਰਾਂ ਨਾਲੋਂ ਵੱਧ ਹੈ। ਇਸੇ ਤਰ੍ਹਾਂ ਰਿਪਬਲਿਕਨ ਵੋਟਰ "ਅਮਰੀਕਨ ਡਰੀਮ" ਦੇ ਜਿਊਂਦਾ ਹੋਣ 'ਤੇ ਵੀ ਵੱਧ ਭਰੋਸਾ ਜਤਾਉਂਦੇ ਹਨ।

ਸਰਵੇ ਨੇ ਇਹ ਵੀ ਦਰਸਾਇਆ ਕਿ ਵਿਭਿੰਨਤਾ, ਇਮੀਗ੍ਰੇਸ਼ਨ ਅਤੇ ਵੱਖ-ਵੱਖ ਸੱਭਿਆਚਾਰਾਂ ਦੇ ਮਿਲਾਪ ਨੂੰ ਲੈ ਕੇ ਅਮਰੀਕੀ ਸਮਾਜ ਵਿਚ ਮਤਭੇਦ ਮੌਜੂਦ ਹਨ। ਕੁਝ ਲੋਕ ਇਸਨੂੰ ਦੇਸ਼ ਦੀ ਤਾਕਤ ਮੰਨਦੇ ਹਨ, ਜਦਕਿ ਕੁਝ ਇਸਨੂੰ ਚੁਣੌਤੀ ਵਜੋਂ ਦੇਖਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨਤੀਜੇ ਉਸ ਸਮੇਂ ਸਾਹਮਣੇ ਆਏ ਹਨ, ਜਦੋਂ ਅਮਰੀਕਾ ਆਪਣੇ 250ਵੇਂ ਆਜ਼ਾਦੀ ਸਮਾਰੋਹ ਦੀਆਂ ਤਿਆਰੀਆਂ ਕਰ ਰਿਹਾ ਹੈ। ਸਰਵੇ ਇਹ ਦਰਸਾਉਂਦਾ ਹੈ ਕਿ ਦੇਸ਼ ਦੇ ਇਤਿਹਾਸ 'ਤੇ ਮਾਣ ਦੇ ਨਾਲ-ਨਾਲ ਲੋਕਾਂ ਵਿਚ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਅਤੇ ਚਿੰਤਾ ਵੀ ਵੱਧ ਰਹੀ ਹੈ।

ਇਸ ਸਰਵੇਖਣ ਨੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਅਮਰੀਕੀ ਲੋਕ ਅਜੇ ਵੀ ਆਪਣੇ ਦੇਸ਼ ਨੂੰ ਬੇਮਿਸਾਲ ਮੰਨਦੇ ਹਨ ਜਾਂ ਫਿਰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਚੁਣੌਤੀਆਂ ਨੇ ਉਨ੍ਹਾਂ ਦੀ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ।

# ਅਮਰੀਕਾ 'ਚ ਘਰ ਖਰੀਦਣ ਹੋਇਆ ਔਖਾ; 2027 ਤੱਕ ਮਹਿੰਗੇ ਰਹਿ ਸਕਦੇ ਹਨ ਮੋਰਟਗੇਜ ਰੇਟ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਘਰ ਖਰੀਦਣ ਦੀ ਯੋਜਨਾ ਬਣਾ ਰਹੇ ਲੋਕਾਂ ਲਈ ਰਾਹਤ ਦੀ ਉਮੀਦ ਫਿਲਹਾਲ ਧੁੰਦਲੀ ਨਜ਼ਰ ਆ ਰਹੀ ਹੈ। ਤਾਜ਼ਾ ਅਨੁਮਾਨਾਂ ਮੁਤਾਬਕ 30 ਸਾਲਾ ਫਿਕਸਡ ਮੋਰਟਗੇਜ ਰੇਟ ਇਸ ਸਮੇਂ 6.28 ਫ਼ੀਸਦੀ ਦੇ ਆਸ-ਪਾਸ ਹੈ ਅਤੇ ਸਰਕਾਰੀ ਹਾਊਸਿੰਗ ਫਾਇਨੈਂਸ ਸੰਸਥਾ Fannie Mae ਦਾ ਮੰਨਣਾ ਹੈ ਕਿ ਇਹ ਦਰ 2026 'ਚ ਪੂਰੇ ਵਿੱਤੀ ਵਰ੍ਹੇ ਅਤੇ 2027 ਦੀ ਸ਼ੁਰੂਆਤ ਤੱਕ ਲਗਭਗ 6.3 ਫ਼ੀਸਦੀ ਦੇ ਨੇੜੇ ਰਹਿ ਸਕਦੀ ਹੈ।

ਇਸ ਦਾ ਮਤਲਬ ਹੈ ਕਿ ਘਰਾਂ ਦੀ ਖਰੀਦ ਲਈ ਲੋਨ ਲੈਣ ਵਾਲੇ ਅਮਰੀਕੀ ਪਰਿਵਾਰਾਂ ਨੂੰ ਨੇੜਲੇ ਸਮੇਂ ਵਿਚ ਵੱਡੀ ਰਾਹਤ ਮਿਲਣ ਦੀ ਸੰਭਾਵਨਾ ਘੱਟ ਹੈ। ਮੋਰਟਗੇਜ ਦਰਾਂ ਉੱਚੀਆਂ ਰਹਿਣ ਦੇ ਨਾਲ-ਨਾਲ ਘਰਾਂ ਦੀਆਂ ਕੀਮਤਾਂ ਵੀ ਲਗਾਤਾਰ ਵੱਧ ਰਹੀਆਂ ਹਨ, ਜਿਸ ਨਾਲ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮਾਰਕੀਟ ਹੋਰ ਮੁਸ਼ਕਲ ਬਣਦੀ ਜਾ ਰਹੀ ਹੈ।



ਮਾਹਿਰਾਂ ਅਨੁਸਾਰ 2021 ਵਿਚ ਜਿੱਥੇ 3 ਫ਼ੀਸਦੀ ਵਿਆਜ ਦਰ 'ਤੇ 400,000 ਡਾਲਰ ਦੇ ਲੋਨ ਦੀ ਮਹੀਨਾਵਾਰ ਕਿਸ਼ਤ ਲਗਭਗ 1,800 ਡਾਲਰ ਬਣਦੀ ਸੀ, ਉੱਥੇ 6.3 ਫ਼ੀਸਦੀ ਦਰ 'ਤੇ ਇਹੀ ਕਿਸ਼ਤ ਤਕਰੀਬਨ 2,480 ਡਾਲਰ ਤੱਕ ਪਹੁੰਚ ਜਾਂਦੀ ਹੈ। ਯਾਨੀ ਹਰ ਮਹੀਨੇ ਕਰੀਬ 700 ਡਾਲਰ ਦਾ ਵਾਧੂ ਬੋਝ।

ਇਸ ਸਥਿਤੀ ਕਾਰਨ ਕਈ ਘਰ ਮਾਲਕ ਆਪਣੇ ਮੌਜੂਦਾ ਘਰ ਵੇਚਣ ਤੋਂ ਵੀ ਬਚ ਰਹੇ ਹਨ। ਬਹੁਤ ਸਾਰੇ ਲੋਕਾਂ ਨੇ 2020 ਅਤੇ 2021 ਦੌਰਾਨ 2 ਤੋਂ 3 ਫ਼ੀਸਦੀ ਦੇ ਘੱਟ ਰੇਟਾਂ 'ਤੇ ਮੋਰਟਗੇਜ ਲਏ ਹੋਏ ਹਨ। ਹੁਣ ਉਹ 6 ਫ਼ੀਸਦੀ ਤੋਂ ਵੱਧ ਦਰਾਂ 'ਤੇ ਨਵਾਂ ਲੋਨ ਲੈਣ ਦੀ ਬਜਾਏ ਆਪਣੇ ਮੌਜੂਦਾ ਘਰਾਂ ਵਿਚ ਹੀ ਰਹਿਣਾ ਪਸੰਦ ਕਰ ਰਹੇ ਹਨ। ਇਸ ਕਾਰਨ ਮਾਰਕੀਟ ਵਿਚ ਘਰਾਂ ਦੀ ਸਪਲਾਈ ਘੱਟ ਰਹਿ ਰਹੀ ਹੈ।

ਹਾਊਸਿੰਗ ਮਾਰਕੀਟ ਦੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ "ਲੌਕ-ਇਨ ਇਫੈਕਟ" ਕਾਰਨ ਵਿਕਰੀ ਲਈ ਘਰ ਘੱਟ ਆ ਰਹੇ ਹਨ ਅਤੇ ਸੀਮਤ ਇਨਵੈਂਟਰੀ ਕਾਰਨ ਕੀਮਤਾਂ ਉੱਤੇ ਦਬਾਅ ਬਣਿਆ ਹੋਇਆ ਹੈ। ਨਤੀਜੇ ਵਜੋਂ ਘਰਾਂ ਦੀਆਂ ਕੀਮਤਾਂ ਵਿਚ ਵੱਡੀ ਗਿਰਾਵਟ ਨਹੀਂ ਆ ਰਹੀ।

ਅਮਰੀਕੀ ਘਰ ਨਿਰਮਾਤਾ ਨਵੀਆਂ ਰਿਹਾਇਸ਼ੀ ਯੋਜਨਾਵਾਂ ਲਿਆ ਰਹੇ ਹਨ, ਪਰ ਮਜ਼ਦੂਰੀ ਅਤੇ ਨਿਰਮਾਣ ਸਮੱਗਰੀ ਦੀਆਂ ਉੱਚੀਆਂ ਲਾਗਤਾਂ ਕਾਰਨ ਉਹ ਮੰਗ ਦੇ ਮੁਤਾਬਕ ਸਪਲਾਈ ਨਹੀਂ ਵਧਾ ਸਕਦੇ। ਕਈ ਬਿਲਡਰ ਘਰਾਂ ਦੀ ਕੀਮਤ ਘਟਾਉਣ ਦੀ ਬਜਾਏ ਖਰੀਦਦਾਰਾਂ ਨੂੰ ਅਸਥਾਈ ਰੇਟ ਬਾਈਡਾਊਨ ਜਾਂ ਹੋਰ ਵਿੱਤੀ ਪ੍ਰੋਤਸਾਹਨ ਦੇ ਰਹੇ ਹਨ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਮਹਿੰਗਾਈ ਤੇਜ਼ੀ ਨਾਲ ਘਟਦੀ ਹੈ ਜਾਂ ਅਰਥਵਿਵਸਥਾ ਵਿਚ ਸੁਸਤੀ ਆਉਂਦੀ ਹੈ, ਤਾਂ ਮੋਰਟਗੇਜ ਦਰਾਂ ਵਿਚ ਕੁਝ ਕਮੀ ਆ ਸਕਦੀ ਹੈ। ਪਰ ਜੇ ਮਹਿੰਗਾਈ ਉੱਚੀ ਰਹਿੰਦੀ ਹੈ, ਤਾਂ ਮੋਰਟਗੇਜ ਦਰਾਂ ਮੌਜੂਦਾ ਪੱਧਰਾਂ 'ਤੇ ਲੰਬੇ ਸਮੇਂ ਤੱਕ ਬਣੀਆਂ ਰਹਿ ਸਕਦੀਆਂ ਹਨ।

ਕੁੱਲ ਮਿਲਾ ਕੇ ਅਮਰੀਕੀ ਹਾਊਸਿੰਗ ਮਾਰਕੀਟ ਇਸ ਵੇਲੇ ਇੱਕ ਅਜਿਹੇ ਦੌਰ ਵਿਚ ਹੈ, ਜਿੱਥੇ ਮੋਰਟਗੇਜ ਰੇਟ ਉੱਚੇ ਹਨ, ਘਰਾਂ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੌਕੇ ਘੱਟ ਹੁੰਦੇ ਜਾ ਰਹੇ ਹਨ। ਜਦੋਂ ਤੱਕ ਵਿਆਜ ਦਰਾਂ ਜਾਂ ਘਰਾਂ ਦੀਆਂ ਕੀਮਤਾਂ ਵਿਚ ਕੋਈ ਵੱਡਾ ਬਦਲਾਅ ਨਹੀਂ ਆਉਂਦਾ, ਤਦ ਤੱਕ ਘਰ ਖਰੀਦਣਾ ਬਹੁਤ ਸਾਰੇ ਪਰਿਵਾਰਾਂ ਲਈ ਇੱਕ ਵੱਡੀ ਚੁਣੌਤੀ ਬਣਿਆ ਰਹੇਗਾ।

# ਅਮਰੀਕੀ ਸੈਨੇਟ ਵੱਲੋਂ ਇਮੀਗ੍ਰੇਸ਼ਨ ਐਨਫੋਰਸਮੈਂਟ ਲਈ ਅਰਬਾਂ ਡਾਲਰ ਦੀ ਫੰਡਿੰਗ ਮਨਜ਼ੂਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਇੱਕ ਮਹੱਤਵਪੂਰਨ ਬਿੱਲ ਪਾਸ ਕੀਤਾ ਹੈ, ਜਿਸ ਰਾਹੀਂ ਇਮੀਗ੍ਰੇਸ਼ਨ ਐਨਫੋਰਸਮੈਂਟ ਏਜੰਸੀਆਂ ਨੂੰ ਵਾਧੂ ਫੰਡ ਮੁਹੱਈਆ ਕਰਵਾਏ ਜਾਣਗੇ। ਇਸ ਫੰਡਿੰਗ ਦਾ ਵੱਡਾ ਹਿੱਸਾ ਸਰਹੱਦੀ ਸੁਰੱਖਿਆ, ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਕਾਰਵਾਈ, ਡਿਟੈਨਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਲਈ ਵਰਤਿਆ ਜਾਵੇਗਾ।

ਬਿੱਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਵਧ ਰਹੇ ਦਬਾਅ ਅਤੇ ਗੈਰ-ਕਾਨੂੰਨੀ ਦਾਖਲਿਆਂ ਨੂੰ ਰੋਕਣ ਲਈ ਵਾਧੂ ਸਰੋਤਾਂ ਦੀ ਲੋੜ ਹੈ। ਇਸ ਫੰਡ ਨਾਲ ਬਾਰਡਰ ਪੈਟਰੋਲ ਏਜੰਟਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ, ਨਵੇਂ ਡਿਟੈਨਸ਼ਨ ਬੈੱਡ ਬਣਾਏ ਜਾ ਸਕਦੇ ਹਨ ਅਤੇ ਇਮੀਗ੍ਰੇਸ਼ਨ ਅਦਾਲਤਾਂ ਦੇ ਕੰਮਕਾਜ ਨੂੰ ਤੇਜ਼ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ, ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਚਿੰਤਾ ਜਤਾਈ ਹੈ ਕਿ ਵਧੇਰੇ ਫੰਡਿੰਗ ਕਾਰਨ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਅਤੇ ਡਿਪੋਰਟੇਸ਼ਨ ਦੀਆਂ ਕਾਰਵਾਈਆਂ ਵਿਚ ਵਾਧਾ ਹੋ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੇ ਨਾਲ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਸੁਧਾਰ ਅਤੇ ਕਾਨੂੰਨੀ ਰਾਹਾਂ ਨੂੰ ਵੀ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

ਇਹ ਬਿੱਲ ਹੁਣ ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ ਅਤੇ ਆਉਣ ਵਾਲੇ ਮਹੀਨਿਆਂ ਵਿਚ ਇਸ ਦੇ ਪ੍ਰਭਾਵ ਲੱਖਾਂ ਪ੍ਰਵਾਸੀਆਂ, ਅਸਾਇਲਮ ਮੰਗਣ ਵਾਲਿਆਂ ਅਤੇ ਇਮੀਗ੍ਰੇਸ਼ਨ ਕੇਸਾਂ ਦੀ ਉਡੀਕ ਕਰ ਰਹੇ ਲੋਕਾਂ 'ਤੇ ਪੈ ਸਕਦੇ ਹਨ।

# ਅਮਰੀਕਾ-ਮੈਕਸੀਕੋ ਸਰਹੱਦ ਹੇਠਾਂ 2,000 ਫੁੱਟ ਲੰਬੀ ਗੁਪਤ ਸੁਰੰਗ ਦਾ ਪਰਦਾਫਾਸ਼

**ਸੈਨ ਡਿਆਗੋ, (ਪੰਜਾਬ ਮੇਲ)-** ਅਮਰੀਕਾ ਅਤੇ ਮੈਕਸੀਕੋ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਇੱਕ ਵੱਡੀ ਕਾਰਵਾਈ ਦੌਰਾਨ ਸਰਹੱਦ ਹੇਠਾਂ ਬਣੀ ਲਗਭਗ 2,000 ਫੁੱਟ ਲੰਬੀ ਗੁਪਤ ਸੁਰੰਗ ਦਾ ਪਰਦਾਫਾਸ਼ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸੁਰੰਗ ਮੈਕਸੀਕੋ ਦੇ ਟਿਜੁਆਨਾ ਸ਼ਹਿਰ ਨੂੰ ਅਮਰੀਕਾ ਦੇ ਸੈਨ ਡਿਏਗੋ ਨਾਲ ਜੋੜਦੀ ਸੀ ਅਤੇ ਇਸਦੀ ਵਰਤੋਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕੀਤੀ ਜਾ ਰਹੀ ਸੀ।

ਜਾਂਚ ਏਜੰਸੀਆਂ ਮੁਤਾਬਕ ਇਹ ਸੁਰੰਗ ਆਮ ਸੁਰੰਗਾਂ ਵਾਂਗ ਨਹੀਂ ਸੀ, ਸਗੋਂ ਬਹੁਤ ਹੀ ਆਧੁਨਿਕ ਢੰਗ ਨਾਲ ਤਿਆਰ ਕੀਤੀ ਗਈ ਸੀ। ਲਗਭਗ 55 ਫੁੱਟ ਦੀ ਗਹਿਰਾਈ 'ਤੇ ਬਣੀ ਇਸ ਸੁਰੰਗ ਵਿਚ ਬਿਜਲੀ, ਹਵਾਦਾਰੀ ਪ੍ਰਣਾਲੀ, ਲਾਈਟਾਂ ਅਤੇ ਸਮਾਨ ਦੀ ਢੁਆਈ ਲਈ ਰੇਲ ਟਰੈਕ ਵਰਗਾ ਸਿਸਟਮ ਵੀ ਲੱਗਾ ਹੋਇਆ ਸੀ। ਸੁਰੰਗ ਦੀ



ਉਚਾਈ ਕਰੀਬ 4.5 ਫੁੱਟ ਦੱਸੀ ਗਈ ਹੈ ਅਤੇ ਇਸ ਦੀਆਂ ਕੰਧਾਂ ਨੂੰ ਮਜ਼ਬੂਤ ਕੀਤਾ ਗਿਆ ਸੀ, ਤਾਂ ਜੋ ਇਹ ਢਹਿ ਨਾ ਸਕੇ।

ਫੈਡਰਲ ਜਾਂਚਕਰਤਾਵਾਂ ਨੇ ਦੱਸਿਆ ਕਿ ਉਹ ਪਿਛਲੇ ਸਾਲ ਦਸੰਬਰ ਤੋਂ ਇੱਕ ਸ਼ੱਕੀ ਸਟੋਰ "Buy 4 Less" ਉੱਤੇ ਨਿਗਰਾਨੀ ਕਰ ਰਹੇ ਸਨ। ਇਹ ਸਟੋਰ ਬਾਹਰੋਂ ਆਮ ਕਾਰੋਬਾਰ ਵਾਂਗ ਲੱਗਦਾ ਸੀ ਪਰ ਅੰਦਰੋਂ ਤਸਕਰੀ ਨੈੱਟਵਰਕ ਦਾ ਕੇਂਦਰ ਬਣਿਆ ਹੋਇਆ ਸੀ। ਏਜੰਟਾਂ ਨੇ ਦੇਖਿਆ ਕਿ ਕੁਝ ਵਿਅਕਤੀ ਖਾਲੀ ਦਿਖਾਈ ਦੇਣ

### ■ ਇੱਕ ਟਨ ਤੋਂ ਵੱਧ ਕੋਕੀਨ ਬਰਾਮਦ

ਵਾਲੇ ਸੂਟਕੇਸ ਅਤੇ ਹੋਰ ਸਮਾਨ ਲੈ ਕੇ ਆਉਂਦੇ ਜਾਂਦੇ ਸਨ, ਜਿਸ ਕਾਰਨ ਜਾਂਚ ਹੋਰ ਤੇਜ਼ ਕੀਤੀ ਗਈ।

29 ਮਈ ਨੂੰ ਅਧਿਕਾਰੀਆਂ ਨੇ ਕਾਰਵਾਈ ਕਰਦਿਆਂ ਇੱਕ ਟਰੱਕ ਅਤੇ ਹੋਰ ਵਾਹਨਾਂ ਨੂੰ ਰੋਕਿਆ। ਜਾਂਚ ਦੌਰਾਨ ਡੀਪ ਫ੍ਰੀਜ਼ਰਾਂ ਅਤੇ ਹੋਰ ਕੰਟੇਨਰਾਂ ਵਿਚੋਂ 2,250 ਪੌਂਡ ਤੋਂ ਵੱਧ ਕੋਕੀਨ ਬਰਾਮਦ ਹੋਈ, ਜਿਸ ਦੀ ਕੀਮਤ ਕਰੀਬ 45 ਮਿਲੀਅਨ ਡਾਲਰ ਅੰਕਿਤ ਕੀਤੀ ਗਈ ਹੈ। ਇਸ ਤੋਂ ਬਾਅਦ ਸੁਰੰਗ ਦਾ ਪੂਰਾ ਭੇਦ ਖੁੱਲ੍ਹ ਗਿਆ।

ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਸੁਰੰਗ ਸੰਭਾਵਤ ਤੌਰ 'ਤੇ ਮੈਕਸੀਕੋ ਦੇ ਤਾਕਤਵਰ ਡਰੱਗ ਕਾਰਟੈਲ ਜੈਲਿਸਕੋ ਨਿਊ ਜਨਰੇਸ਼ਨ ਕਾਰਟੇਲ ਨਾਲ ਜੁੜੀ ਹੋ ਸਕਦੀ ਹੈ। ਇਸ ਮਾਮਲੇ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਦੋ ਅਮਰੀਕੀ ਅਤੇ ਦੋ ਮੈਕਸੀਕਨ ਨਾਗਰਿਕ ਸ਼ਾਮਲ ਹਨ। ਉਨ੍ਹਾਂ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਸੁਰੰਗ ਬਣਾਉਣ ਸਮੇਤ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਦੋਸ਼ ਸਾਬਤ ਹੋਣ 'ਤੇ ਉਨ੍ਹਾਂ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ।

ਹੋਮਲੈਂਡ ਸਕਿਓਰਿਟੀ ਦੇ ਅਧਿਕਾਰੀਆਂ ਨੇ ਇਸਨੂੰ ਦੱਖਣੀ ਕੈਲੀਫੋਰਨੀਆ ਵਿਚ 2022 ਤੋਂ ਬਾਅਦ ਮਿਲੀ ਸਭ ਤੋਂ ਵੱਡੀਆਂ ਅਤੇ ਸਭ ਤੋਂ ਤਕਨੀਕੀ ਸੁਰੰਗਾਂ ਵਿਚੋਂ ਇੱਕ ਕਰਾਰ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਸੁਰੰਗਾਂ ਸਿਰਫ਼ ਨਸ਼ਿਆਂ ਹੀ ਨਹੀਂ, ਸਗੋਂ ਹਥਿਆਰਾਂ ਅਤੇ ਮਨੁੱਖੀ ਤਸਕਰੀ ਲਈ ਵੀ ਵਰਤੀਆਂ ਜਾ ਸਕਦੀਆਂ ਹਨ, ਜਿਸ ਕਾਰਨ ਸਰਹੱਦੀ ਸੁਰੱਖਿਆ ਏਜੰਸੀਆਂ ਨੇ ਜਾਂਚ ਹੋਰ ਤੇਜ਼ ਕਰ ਦਿੱਤੀ ਹੈ।

# ਕੈਲੀਫੋਰਨੀਆ ਗਵਰਨਰ ਦੀ ਦੌੜ 'ਚ "ਬਰਾਕ ਓਬਾਮਾ" ਉਮੀਦਵਾਰ !

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਗਵਰਨਰ ਅਹੁਦੇ ਦੀ ਚੋਣ ਵਿਚ ਇਸ ਵਾਰ ਇੱਕ ਅਜਿਹਾ ਨਾਮ ਸਾਹਮਣੇ ਆਇਆ, ਜਿਸ ਨੇ ਕਈ ਲੋਕਾਂ ਨੂੰ ਹੈਰਾਨ ਕਰ ਦਿੱਤਾ। ਬੈਲਟ 'ਤੇ "ਬਰਾਕ ਓਬਾਮਾ" ਨਾਮ ਦੇਖ ਕੇ ਕਈ ਵੋਟਰਾਂ ਨੂੰ ਪਹਿਲੀ ਨਜ਼ਰ ਵਿਚ ਲੱਗ ਸਕਦਾ ਹੈ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਚੋਣ ਮੈਦਾਨ ਵਿਚ ਉਤਰ ਆਏ ਹਨ, ਪਰ ਅਸਲ ਵਿਚ ਇਹ ਕੋਈ ਹੋਰ ਵਿਅਕਤੀ ਹੈ। ਇਸ ਉਮੀਦਵਾਰ ਦਾ ਪੂਰਾ ਨਾਮ ਬਰਾਕ ਡੀ. ਓਬਾਮਾ ਸ਼ਾਅ ਹੈ। ਉਹ ਕੈਲੀਫੋਰਨੀਆ ਦੇ ਸ਼ਹਿਰ ਅਲਾਮੇਡਾ ਨਾਲ ਸੰਬੰਧਤ ਹਨ ਅਤੇ ਪਹਿਲਾਂ ਉਨ੍ਹਾਂ ਦਾ ਨਾਮ ਸੇਸਿਲ ਸ਼ਾਅ ਤੀਜਾ ਸੀ। ਉਨ੍ਹਾਂ ਨੇ 2013 ਵਿਚ, ਜਦੋਂ ਉਹ ਅਮਰੀਕੀ ਫੌਜ ਦੇ ਰਿਜ਼ਰਵ ਦਲ ਵਿਚ ਸੇਵਾ ਕਰ ਰਹੇ ਸਨ, ਆਪਣਾ ਨਾਮ ਕਾਨੂੰਨੀ ਤੌਰ 'ਤੇ ਬਦਲ ਕੇ ਬਰਾਕ ਡੀ. ਓਬਾਮਾ ਸ਼ਾਅ ਰੱਖ ਲਿਆ ਸੀ।

ਸ਼ਾਅ ਦਾ ਕਹਿਣਾ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਅਤੇ ਇਹ ਵਿਸ਼ਵਾਸ ਦਿੱਤਾ



ਕਿ ਅਮਰੀਕਾ ਵਿਚ ਹਰ ਪਿਛੋਕੜ ਵਾਲਾ ਵਿਅਕਤੀ ਉੱਚੇ ਅਹੁਦਿਆਂ ਤੱਕ ਪਹੁੰਚ ਸਕਦਾ ਹੈ। ਉਨ੍ਹਾਂ ਮੁਤਾਬਕ, ਓਬਾਮਾ ਦੀ ਜਿੱਤ ਨੇ ਉਨ੍ਹਾਂ ਵਰਗੇ ਲੋਕਾਂ ਲਈ ਰਾਜਨੀਤੀ ਦੇ ਦਰਵਾਜ਼ੇ ਖੋਲ੍ਹੇ।

ਬਰਾਕ ਡੀ. ਓਬਾਮਾ ਸ਼ਾਅ ਆਪਣੇ ਸਥਾਨਕ ਭਾਈਚਾਰੇ ਵਿਚ ਵੀ ਕਾਫ਼ੀ ਸਰਗਰਮ ਹਨ। ਉਹ "ਅਲਾਮੇਡਾ'ਜ਼ ਗੌਟ ਟੈਲੇਂਟ" ਵਰਗੇ ਪ੍ਰੋਗਰਾਮ ਕਰਵਾਉਂਦੇ ਹਨ ਅਤੇ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਵੀ ਦਿੰਦੇ ਹਨ। ਉਹ ਕਹਿੰਦੇ ਹਨ ਕਿ ਬੇਘਰ ਲੋਕਾਂ ਦੀ ਸਮੱਸਿਆ, ਘਰਾਂ ਦੀ ਘਾਟ ਅਤੇ ਸਰਕਾਰੀ ਖਰਚਿਆਂ 'ਤੇ ਕੰਟਰੋਲ ਵਰਗੇ ਮੁੱਦਿਆਂ ਨੇ ਉਨ੍ਹਾਂ ਨੂੰ ਗਵਰਨਰ ਦੀ ਚੋਣ ਲੜਨ ਲਈ ਪ੍ਰੇਰਿਤ ਕੀਤਾ।

# 2026 'ਚ ਐੱਚ-1ਬੀ ਵੀਜ਼ਾ ਲਈ 2 ਲੱਖ ਤੋਂ ਵੱਧ ਅਰਜ਼ੀਕਾਰਾਂ ਨੇ ਇੱਕ ਲੱਖ ਡਾਲਰ ਭਰੇ





**ਵਾਸ਼ਿੰਗਟਨ, (ਪੰਜਾਬ ਮੇਲ)-** ਵਿੱਤੀ ਸਾਲ 2026 'ਚ ਅਮਰੀਕਾ 'ਚ ਕੰਮ ਕਰਨ ਲਈ ਐੱਚ-1ਬੀ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਦੋ ਲੱਖ ਤੋਂ ਵੱਧ ਲੋਕਾਂ ਨੇ ਇੱਕ ਲੱਖ ਅਮਰੀਕੀ ਡਾਲਰ ਭਰ ਕੇ ਪਹਿਲ ਦੇ ਆਧਾਰ 'ਤੇ ਆਪਣੀ ਅਰਜ਼ੀ ਦਾ ਨਿਬੇੜਾ ਕਰਨ ਦਾ ਬਦਲ ਚੁਣਿਆ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੇ ਮੰਤਰੀ ਮਾਰਕਵੇਨ ਮੁਲਿਨ ਨੇ ਇਹ ਜਾਣਕਾਰੀ ਦਿੱਤੀ। ਸੈਨੇਟ ਦੀ ਖਰਚਿਆਂ ਬਾਰੇ ਉਪ ਕਮੇਟੀ ਸਾਹਮਣੇ ਮੁਲਿਨ ਨੇ ਦੱਸਿਆ ਕਿ ਵਿੱਤੀ ਸਾਲ 2026 'ਚ ਡੀ.ਐੱਚ.ਐੱਸ. ਨੂੰ ਤਕਰੀਬਨ 2.86 ਲੱਖ ਐੱਚ-1ਬੀ ਵੀਜ਼ਾ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਦੇਸ਼ ਦੇ ਦਿਹਾਤੀ ਹਿੱਸਿਆਂ 'ਚ ਡਾਕਟਰਾਂ ਦੀ ਕਮੀ ਬਾਰੇ ਅਮਰੀਕੀ ਸੈਨੇਟਰ ਸੁਜ਼ੈਨ ਕੌਲਿਨਜ਼ ਦੇ ਸਵਾਲ 'ਤੇ ਕਿਹਾ, "ਇਸ ਸਾਲ ਸਾਨੂੰ ਹੁਣ ਤੱਕ ਐੱਚ-1ਬੀ ਵੀਜ਼ਾ ਲਈ 2.86 ਲੱਖ ਅਰਜ਼ੀਆਂ ਮਿਲੀਆਂ ਹਨ। ਇਨ੍ਹਾਂ 'ਚੋਂ ਦੋ ਲੱਖ ਤੋਂ ਵੱਧ ਅਰਜ਼ੀਕਾਰਾਂ ਨੇ ਇੱਕ ਲੱਖ ਡਾਲਰ ਭਰੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੀਆਂ ਅਰਜ਼ੀਆਂ ਦਾ ਮੁਕਾਬਲਤਨ ਤੇਜ਼ੀ ਨਾਲ ਨਿਬੇੜਾ ਕੀਤਾ ਜਾ ਸਕਦਾ ਹੈ।" ਮੁਲਿਨ ਨੇ ਦੱਸਿਆ ਕਿ ਇੱਕ ਲੱਖ ਡਾਲਰ ਭਰਨ ਵਾਲਿਆਂ ਦੀ ਅਰਜ਼ੀ ਦਾ ਨਿਬੇੜਾ 15 ਦਿਨਾਂ ਅੰਦਰ ਹੋ ਜਾਂਦਾ ਹੈ, ਜਦਕਿ ਸਾਧਾਰਨ ਅਰਜ਼ੀਆਂ ਦਾ ਨਿਬੇੜਾ ਕਰਨ 'ਚ ਤਕਰੀਬਨ ਸਾਢੇ ਸੱਤ ਮਹੀਨੇ ਲਗਦੇ ਹਨ।

# ਵ੍ਹਾਈਟ ਹਾਊਸ ਦੇ ਏ.ਆਈ. ਸਲਾਹਕਾਰ ਸ਼੍ਰੀਰਾਮ ਕ੍ਰਿਸ਼ਨਨ ਵੱਲੋਂ ਅਸਤੀਫੇ ਦਾ ਐਲਾਨ !

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ-ਅਮਰੀਕੀ ਸ਼੍ਰੀਰਾਮ ਕ੍ਰਿਸ਼ਨਨ ਸੀਨੀਅਰ ਨੀਤੀ ਸਲਾਹਕਾਰ ਦੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਕ੍ਰਿਸ਼ਨਨ ਨੇ ਮਾਈਕ੍ਰੋਸਾਫਟ, ਫੇਸਬੁੱਕ ਅਤੇ ਟਵਿੱਟਰ (ਹੁਣ ਐਕਸ) 'ਚ ਕੰਮ ਕੀਤਾ ਹੈ। ਉਨ੍ਹਾਂ ਨੇ ਐਕਸ 'ਤੇ ਇੱਕ ਪੋਸਟ ਜ਼ਰੀਏ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਦੇ ਅਹੁਦੇ ਤੋਂ ਆਪਣੇ ਅਸਤੀਫੇ ਦਾ ਐਲਾਨ ਕੀਤਾ।



ਕ੍ਰਿਸ਼ਨਨ ਨੇ ਕਿਹਾ, "ਮੈਂ ਇਸ ਮਹੀਨੇ ਦੇ ਅੰਤ ਵਿਚ ਵ੍ਹਾਈਟ ਹਾਊਸ ਵਿਚ ਆਪਣਾ ਅਹੁਦਾ ਛੱਡ ਰਿਹਾ ਹਾਂ। ਇੱਕ ਛੋਟੇ ਜਿਹੇ ਬ੍ਰੇਕ ਤੋਂ ਬਾਅਦ, ਮੈਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨਾਲ ਸਬੰਧਤ ਅਮਰੀਕਾ ਦੇ ਸਾਹਮਣੇ ਆਉਣ ਵਾਲੀਆਂ ਕੁਝ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਵਿਚ ਮਦਦ ਕਰਨ ਲਈ ਕੰਮ ਕਰਾਂਗਾ। ਇਸ ਸਬੰਧੀ ਹੋਰ ਵੇਰਵੇ ਬਾਅਦ ਵਿਚ ਸਾਂਝੇ ਕੀਤੇ ਜਾਣਗੇ।" ਕ੍ਰਿਸ਼ਨਨ ਟਰੰਪ ਪ੍ਰਸ਼ਾਸਨ ਦੇ "ਏ.ਆਈ. ਐਕਸ਼ਨ ਪਲਾਨ" ਦੇ ਇੱਕ ਮੁੱਖ ਆਰਕੀਟੈਕਟ ਸਨ, ਜੋ ਕਿ ਉੱਭਰ ਰਹੀਆਂ ਤਕਨਾਲੋਜੀਆਂ 'ਤੇ ਨਿਯਮਾਂ ਨੂੰ ਘਟਾਉਣ ਅਤੇ ਦੇਸ਼ ਭਰ ਵਿਚ ਡੇਟਾ ਸੈਂਟਰਾਂ ਦੇ ਵਿਸਥਾਰ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਇੱਕ ਬਲੂਪ੍ਰਿੰਟ ਸੀ। ਉਹ ਟਰੰਪ ਦੇ ਤਕਨਾਲੋਜੀ ਸਲਾਹਕਾਰਾਂ ਵਿਚ ਵੀ ਸ਼ਾਮਲ ਸਨ, ਜਿਨ੍ਹਾਂ ਨੇ ਏ.ਆਈ. ਨੂੰ ਨਿਯਮਤ ਕਰਨ ਲਈ ਰਾਜਾਂ ਦੀ ਯੋਗਤਾ ਨੂੰ ਸੀਮਤ ਕਰਨ ਵਾਲਾ ਇੱਕ ਕਾਰਜਕਾਰੀ ਆਦੇਸ਼ ਤਿਆਰ ਕੀਤਾ ਸੀ। ਕ੍ਰਿਸ਼ਨਨ ਨੇ ਕਿਹਾ, "ਇਹ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ ਕਿ ਅਮਰੀਕੀ ਲੋਕਾਂ ਦੀ ਸੇਵਾ ਕਰਨਾ ਮੇਰੇ ਲਈ ਕਿੰਨਾ ਵੱਡਾ ਸਨਮਾਨ ਰਿਹਾ ਹੈ ਅਤੇ ਇਸ ਮੌਕੇ ਲਈ ਮੈਂ ਕਿੰਨਾ ਸ਼ੁਕਰਗੁਜ਼ਾਰ ਹਾਂ। ਸਭ ਤੋਂ ਪਹਿਲਾਂ, ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿਚ ਸੇਵਾ ਕਰਨਾ ਇੱਕ ਸਨਮਾਨ ਦੀ ਗੱਲ ਰਹੀ ਹੈ। ਉਨ੍ਹਾਂ ਦੀ ਅਗਵਾਈ ਤੋਂ ਬਿਨਾਂ, ਅਸੀਂ ਏ.ਆਈ. ਦੌੜ ਵਿਚ ਅੱਗੇ ਨਹੀਂ ਹੁੰਦੇ।"

ਵ੍ਹਾਈਟ ਹਾਊਸ ਵਿਚ ਕ੍ਰਿਸ਼ਨਨ ਦੇ ਨਜ਼ਦੀਕੀ ਸਹਿਯੋਗੀ ਡੇਵਿਡ ਸੈਕਸ ਨੇ ਕਿਹਾ ਕਿ ਪਿਛਲੇ 18 ਮਹੀਨਿਆਂ ਵਿਚ ਉਨ੍ਹਾਂ ਨਾਲ ਇੰਨੇ ਨੇੜਿਓਂ ਕੰਮ ਕਰਨਾ ਇੱਕ ਵੱਡਾ ਸਨਮਾਨ ਰਿਹਾ ਹੈ। ਵਿਗਿਆਨ ਅਤੇ ਤਕਨਾਲੋਜੀ 'ਤੇ ਰਾਸ਼ਟਰਪਤੀ ਦੇ ਸਲਾਹਕਾਰ ਪ੍ਰੀਸ਼ਦ ਦੇ ਸਹਿ-ਚੇਅਰਪਰਸਨ ਸੈਕਸ ਨੇ ਐਕਸ ਬਾਰੇ ਕਿਹਾ, "ਤੁਹਾਡੀਆਂ ਯੋਗਤਾਵਾਂ ਸੱਚਮੁੱਚ ਵਿਲੱਖਣ ਹਨ: ਏ.ਆਈ. (ਨਕਲੀ ਬੁੱਧੀ) ਦੀ ਡੂੰਘੀ ਤਕਨੀਕੀ ਸਮਝ, ਨੀਤੀਗਤ ਮਾਮਲਿਆਂ ਦੀ ਤਿੱਖੀ ਸਮਝ, ਅਸਧਾਰਨ ਰਣਨੀਤਕ ਸੋਚ ਅਤੇ ਅਸਲ ਕੂਟਨੀਤਕ ਹੁਨਰ ਦਾ ਇੱਕ ਦੁਰਲੱਭ ਸੁਮੇਲ।" ਕ੍ਰਿਸ਼ਨਨ ਨੇ ਵ੍ਹਾਈਟ ਹਾਊਸ ਵਿਚ ਆਪਣੇ ਕਾਰਜਕਾਲ ਦੌਰਾਨ ਯੂ.ਐੱਸ. ਏ.ਆਈ. ਐਕਸ਼ਨ ਪਲਾਨ, ਰਾਸ਼ਟਰੀ ਏ.ਆਈ. ਨੀਤੀ ਢਾਂਚੇ ਦੀ ਸਿਰਜਣਾ ਅਤੇ ਏ.ਆਈ. ਵਿਕਾਸ ਨੂੰ ਤੇਜ਼ ਕਰਨ ਲਈ ਭਾਈਵਾਲੀ ਦੀ ਸਥਾਪਨਾ ਨੂੰ ਆਪਣੀਆਂ ਪ੍ਰਮੁੱਖ ਪ੍ਰਾਪਤੀਆਂ ਵਜੋਂ ਦਰਸਾਇਆ।

# ਕੈਲੀਫੋਰਨੀਆ ਦੀ 22ਵੀਂ ਕਾਂਗਰੈਸ਼ਨਲ ਸੀਟ ਬਣੀ ਚਰਚਾ ਦਾ ਵਿਸ਼ਾ

**ਸੈਕਰਾਮੈਂਟੋ, (ਪੰਜਾਬ ਮੇਲ)-** ਜਸਮੀਤ ਕੌਰ ਬੈਂਸ ਦੀ ਹਾਰ ਨੇ ਕੈਲੀਫੋਰਨੀਆ ਦੀ 22ਵੀਂ ਕਾਂਗਰੈਸ਼ਨਲ ਸੀਟ ਨੂੰ ਹੋਰ ਚਰਚਾ ਵਿੱਚ ਲਿਆ ਦਿੱਤਾ ਹੈ। ਉਹ ਡੈਮੋਕਰੇਟਿਕ ਪਾਰਟੀ ਨਾਲ ਸੰਬੰਧਿਤ ਹਨ, ਪੇਸ਼ੇ ਤੋਂ ਡਾਕਟਰ ਹਨ ਅਤੇ ਕੈਲੀਫੋਰਨੀਆ ਸਟੇਟ ਅਸੈਂਬਲੀ ਮੈਂਬਰ ਵਜੋਂ ਸੇਵਾ ਕਰ ਰਹੀਆਂ ਹਨ। ਸੈਂਟਰਲ ਵੈਲੀ ਵਿੱਚ ਉਹ ਇੱਕ ਪੰਜਾਬੀ-ਸਿੱਖ ਮਹਿਲਾ ਆਗੂ ਵਜੋਂ ਜਾਣੀ ਜਾਂਦੀ ਹੈ, ਇਸ ਲਈ ਉਨ੍ਹਾਂ ਦੀ ਉਮੀਦਵਾਰੀ ਭਾਰਤੀ ਅਤੇ ਸਿੱਖ ਭਾਈਚਾਰੇ ਲਈ ਵੀ ਮਹੱਤਵਪੂਰਨ ਮੰਨੀ ਜਾ ਰਹੀ ਸੀ।

ਇਸ ਵਾਰ ਉਹ ਅਮਰੀਕੀ ਕਾਂਗਰਸ ਦੀ ਕੈਲੀਫੋਰਨੀਆ 22ਵੀਂ ਕਾਂਗਰੈਸ਼ਨਲ ਡਿਸਟ੍ਰਿਕਟ ਸੀਟ ਲਈ ਮੈਦਾਨ ਵਿੱਚ ਸਨ। ਇਹ ਸੀਟ ਰਾਸ਼ਟਰੀ ਪੱਧਰ 'ਤੇ ਬਹੁਤ ਅਹਿਮ ਮੰਨੀ ਜਾ ਰਹੀ ਹੈ, ਕਿਉਂਕਿ ਰਿਪਬਲਿਕਨ ਮੌਜੂਦਾ ਕਾਂਗਰਸਮੈਨ ਡੇਵਿਡ ਵਾਲਾਦਾਓ ਇਸ ਸੀਟ ਤੋਂ ਚੋਣ ਲੜ ਰਹੇ ਹਨ ਅਤੇ ਡੈਮੋਕਰੇਟਿਕ ਪਾਰਟੀ ਨੂੰ ਉਮੀਦ ਹੈ ਕਿ ਇਹ ਸੀਟ ਜਿੱਤ ਕੇ ਉਹ ਅਮਰੀਕੀ ਹਾਊਸ ਆਫ ਰਿਪ੍ਰੀਜ਼ੈਂਟੇਟਿਵਜ਼ ਦੇ ਕੰਟਰੋਲ ਦੀ ਲੜਾਈ ਵਿੱਚ ਮਜ਼ਬੂਤੀ ਹਾਸਲ ਕਰ





ਸਕਦੀ ਹੈ। ਤਾਜ਼ਾ ਗਿਣਤੀ ਅਨੁਸਾਰ ਡੇਵਿਡ ਵਾਲਾਦਾਓ ਲਗਭਗ 44.5 ਫੀਸਦੀ ਵੋਟਾਂ ਨਾਲ ਪਹਿਲੇ ਸਥਾਨ 'ਤੇ ਹਨ, ਜਦਕਿ ਡੈਮੋਕਰੇਟ ਰੈਂਡੀ ਵਿਲੇਗਾਸ ਕਰੀਬ 29.8 ਫੀਸਦੀ ਅਤੇ ਜਸਮੀਤ ਬੈਂਸ ਕਰੀਬ 25.7 ਫੀਸਦੀ ਵੋਟਾਂ ਨਾਲ ਤੀਜੇ ਸਥਾਨ 'ਤੇ ਹਨ। ਇਸ ਕਰਕੇ ਜਸਮੀਤ ਬੈਂਸ ਇਸ ਵੇਲੇ ਟਾਪ-ਟੂ ਵਿੱਚ ਨਹੀਂ ਆ ਰਹੀਆਂ, ਹਾਲਾਂਕਿ ਗਿਣਤੀ ਅਜੇ ਪੂਰੀ ਨਹੀਂ ਹੋਈ।

ਜਸਮੀਤ ਬੈਂਸ ਦੀ ਪਿੱਛੇ ਰਹਿ ਜਾਣ ਵਾਲੀ ਸਥਿਤੀ ਨੇ ਡੈਮੋਕਰੇਟਿਕ ਪਾਰਟੀ ਦੇ ਅੰਦਰਲੇ ਤਣਾਅ ਨੂੰ ਵੀ ਉਜਾਗਰ ਕੀਤਾ ਹੈ। ਡੈਮੋਕ੍ਰੇਟਿਕ ਕਾਂਗਰਸਨਲ ਕੈਂਪੇਨ ਕਮੇਟੀ (ਡੀ.ਸੀ.ਸੀ.ਸੀ.) ਨੇ ਆਖ਼ਰੀ ਦਿਨਾਂ ਵਿੱਚ ਜਸਮੀਤ ਬੈਂਸ ਦਾ ਸਮਰਥਨ ਕੀਤਾ ਸੀ, ਜਿਸ ਨਾਲ ਕੁਝ ਸਥਾਨਕ ਡੈਮੋਕਰੇਟਿਕ ਆਗੂ ਨਾਰਾਜ਼ ਹੋਏ। ਕੇਰਨ ਕਾਉਂਟੀ ਡੈਮੋਕਰੇਟਿਕ ਸੈਂਟਰਲ ਕਮੇਟੀ ਦੇ ਚੇਅਰ ਕ੍ਰਿਸਚੀਅਨ ਰੋਮੋ ਨੇ ਕਿਹਾ ਕਿ ਡੀ.ਸੀ.ਸੀ.ਸੀ. ਨੇ ਪਹਿਲਾਂ ਕਿਹਾ ਸੀ ਕਿ ਉਹ ਪ੍ਰਾਈਮਰੀ ਵਿੱਚ ਪੱਖ ਨਹੀਂ ਲਵੇਗੀ, ਪਰ ਬਾਅਦ ਵਿੱਚ ਬੈਂਸ ਦੇ ਹੱਕ ਵਿੱਚ ਆ ਗਈ। ਇਸ ਨਾਲ ਸਥਾਨਕ ਅਤੇ ਰਾਸ਼ਟਰੀ ਡੈਮੋਕਰੇਟਿਕ ਲੀਡਰਸ਼ਿਪ ਵਿਚਕਾਰ ਖਿੱਚਤਾਣ ਸਾਹਮਣੇ ਆਈ।

ਦੂਜੇ ਪਾਸੇ ਰੈਂਡੀ ਵਿਲੇਗਾਸ ਨੂੰ ਪ੍ਰਗਤੀਸ਼ੀਲ ਧੜੇ ਦਾ ਮਜ਼ਬੂਤ ਸਮਰਥਨ ਮਿਲਿਆ। ਉਹ ਕਾਲਜ ਪ੍ਰੋਫੈਸਰ, ਛੋਟੇ ਕਾਰੋਬਾਰੀ ਅਤੇ ਸਥਾਨਕ ਪੱਧਰ 'ਤੇ ਜਾਣੇ-ਪਛਾਣੇ ਉਮੀਦਵਾਰ ਵਜੋਂ ਮੈਦਾਨ ਵਿੱਚ ਸਨ। ਉਨ੍ਹਾਂ ਨੂੰ ਬਰਨੀ ਸੈਂਡਰਸ ਵਰਗੇ ਪ੍ਰਗਤੀਸ਼ੀਲ ਨੇਤਾਵਾਂ ਦੀ ਹਮਾਇਤ ਵੀ ਮਿਲੀ। ਇਸ ਨਾਲ ਡੈਮੋਕਰੇਟਿਕ ਵੋਟ ਦੋ ਹਿੱਸਿਆਂ ਵਿੱਚ ਵੰਡ ਗਈ—ਇੱਕ ਪਾਸੇ ਮਧਿਅਮਵਾਦੀ ਅਤੇ ਡੀ.ਸੀ.ਸੀ.ਸੀ.-ਸਮਰਥਿਤ ਜਸਮੀਤ ਬੈਂਸ, ਦੂਜੇ ਪਾਸੇ ਪ੍ਰਗਤੀਸ਼ੀਲ ਰੈਂਡੀ ਵਿਲੇਗਾਸ। ਇਹ ਵੋਟ ਵੰਡ ਅਖੀਰਕਾਰ ਬੈਂਸ ਲਈ ਨੁਕਸਾਨਦਾਇਕ ਸਾਬਤ ਹੋਈ।

ਸਿੱਖ ਅਤੇ ਭਾਰਤੀ-ਅਮਰੀਕੀ ਭਾਈਚਾਰੇ ਦੇ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਜਸਮੀਤ ਕੌਰ ਬੈਂਸ ਦੀ ਮੁਹਿੰਮ ਫਿਰ ਵੀ ਇੱਕ ਵੱਡਾ ਸਿਆਸੀ ਸੰਕੇਤ ਹੈ। ਭਾਵੇਂ ਉਹ ਇਸ ਵੇਲੇ ਨਵੰਬਰ ਦੀ ਦੌੜ ਵਿੱਚ ਪਹੁੰਚਦੀਆਂ ਨਹੀਂ ਦਿਖ ਰਹੀਆਂ, ਪਰ ਉਨ੍ਹਾਂ ਨੇ ਇਹ ਸਾਬਤ ਕੀਤਾ ਹੈ ਕਿ ਪੰਜਾਬੀ ਅਤੇ ਸਿੱਖ ਭਾਈਚਾਰਾ ਹੁਣ ਕੈਲੀਫੋਰਨੀਆ ਦੀ ਮੁੱਖ ਧਾਰਾ ਰਾਜਨੀਤੀ ਵਿੱਚ ਸਿਰਫ਼ ਵੋਟਰ ਨਹੀਂ, ਸਗੋਂ ਉਮੀਦਵਾਰ, ਨੀਤੀ-ਨਿਰਧਾਰਕ ਅਤੇ ਰਾਸ਼ਟਰੀ ਪੱਧਰ ਦੀ ਚਰਚਾ ਦਾ ਹਿੱਸਾ ਬਣ ਚੁੱਕਾ ਹੈ। ਸੈਂਟਰਲ ਵੈਲੀ, ਬੇਕਰਸਫੀਲਡ, ਫਰਿਜ਼ਨੋ, ਯੂਬਾ ਸਿਟੀ, ਸੈਕਰਾਮੈਂਟੋ ਅਤੇ ਬੇ ਏਰੀਆ ਵਿੱਚ ਭਾਰਤੀ-ਅਮਰੀਕੀ ਵੋਟਰਾਂ ਦੀ ਵਧਦੀ ਤਾਕਤ ਆਉਣ ਵਾਲੀਆਂ ਚੋਣਾਂ ਵਿੱਚ ਹੋਰ ਮਹੱਤਵਪੂਰਨ ਹੋਵੇਗੀ।

ਜਸਮੀਤ ਕੌਰ ਬੈਂਸ ਭਾਵੇਂ ਕਾਂਗਰਸ ਦੀ ਦੌੜ ਵਿੱਚ ਟਾਪ-ਟੂ ਤੱਕ ਨਹੀਂ ਪਹੁੰਚ ਸਕੀ, ਪਰ ਉਨ੍ਹਾਂ ਦੀ ਮੁਹਿੰਮ ਨੇ ਇਹ ਦਰਸਾ ਦਿੱਤਾ ਕਿ ਕੈਲੀਫੋਰਨੀਆ ਦੀ ਮੁੱਖ ਧਾਰਾ ਰਾਜਨੀਤੀ ਵਿੱਚ ਸਿੱਖ ਅਤੇ ਭਾਰਤੀ ਮੂਲ ਦੇ ਆਗੂ ਹੁਣ ਨਿਰਣਾਇਕ ਭੂਮਿਕਾ ਨਿਭਾਉਣ ਲੱਗ ਪਏ ਹਨ। ਇਹ ਨਤੀਜਾ ਉਨ੍ਹਾਂ ਲਈ ਹਾਰ ਹੋ ਸਕਦਾ ਹੈ, ਪਰ ਭਾਈਚਾਰੇ ਲਈ ਇਹ ਇੱਕ ਸਬਕ ਵੀ ਹੈ ਕਿ ਵੱਡੀਆਂ ਰੇਸਾਂ ਵਿੱਚ ਸੰਗਠਨ, ਫੰਡਿੰਗ, ਸਥਾਨਕ ਗਠਜੋੜ ਅਤੇ ਵੋਟਾਂ ਦੀ ਇਕਜੁੱਟਤਾ ਬਹੁਤ ਜ਼ਰੂਰੀ ਹੁੰਦੀ ਹੈ।

# ਐਰੀਜ਼ੋਨਾ 'ਚ ਕਮਰਸ਼ੀਅਲ ਟਰੱਕ ਡਰਾਈਵਰ ਨੂੰ ਨਿਯਮਾਂ ਦੀ ਉਲੰਘਣਾ ਤਹਿਤ ਕੀਤਾ "ਆਊਟ ਆਫ ਸਰਵਿਸ" !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੱਕ ਕੈਲੀਫੋਰਨੀਆ ਤੋਂ ਟੈਕਸਾਸ ਵੱਲ ਇੱਕ ਓਵਰਸਾਈਜ਼ਡ ਲੋਡ ਲੈ ਕੇ ਜਾ ਰਿਹਾ ਸੀ।

ਐਰੀਜ਼ੋਨਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ (ਏ.ਜ਼ੈਡ.ਡੀ.ਪੀ.ਐੱਸ.) ਮੁਤਾਬਕ 3 ਮਈ ਨੂੰ ਇੱਕ ਟਰੂਪਰ ਨੇ ਇੰਟਰਸਟੇਟ-10 'ਤੇ ਰਸ਼ ਆਵਰ ਦੌਰਾਨ ਟਰੱਕ ਨੂੰ ਦੇਖਿਆ। ਟਰੱਕ ਓਵਰਸਾਈਜ਼ਡ ਲੋਡ ਲੈ ਕੇ ਜਾ ਰਿਹਾ ਸੀ ਪਰ ਅਰੀਜ਼ੋਨਾ ਵਿਚ ਇਸ ਤਰ੍ਹਾਂ ਦੇ ਲੋਡ ਲਈ ਲਾਜ਼ਮੀ ਪਰਮਿਟ ਉਸ ਕੋਲ ਨਹੀਂ ਸੀ।

ਜਦੋਂ ਟਰੂਪਰ ਨੇ ਟਰੱਕ ਨੂੰ ਰੋਕ ਕੇ ਜਾਂਚ ਕੀਤੀ, ਤਾਂ ਹੋਰ ਕਈ ਗੰਭੀਰ ਉਲੰਘਣਾਵਾਂ ਸਾਹਮਣੇ ਆਈਆਂ। ਜਾਂਚ ਵਿਚ ਪਤਾ ਲੱਗਾ ਕਿ ਟਰੱਕ (ਟਰੈਕਟਰ) ਦੀ ਮੌਜੂਦਾ ਰਜਿਸਟ੍ਰੇਸ਼ਨ ਨਹੀਂ ਸੀ ਅਤੇ ਜਿਸ ਟ੍ਰੇਲਰ 'ਤੇ ਓਵਰਸਾਈਜ਼ਡ ਲੋਡ ਲਿਜਾਇਆ ਜਾ ਰਿਹਾ ਸੀ, ਉਸ ਦੀ ਵੀ ਰਜਿਸਟ੍ਰੇਸ਼ਨ ਮੌਜੂਦ ਨਹੀਂ ਸੀ।

ਅਧਿਕਾਰੀਆਂ ਨੇ ਇਹ ਵੀ ਪਾਇਆ ਕਿ ਟਰੱਕ ਦਾ ਘੱਟੋ-ਘੱਟ ਇੱਕ ਟਾਇਰ ਪੂਰੀ ਤਰ੍ਹਾਂ ਘਿਸ ਚੁੱਕਾ ਸੀ (ਬਾਲਡ ਟਾਇਰ) ਅਤੇ ਬ੍ਰੇਕ ਲਾਈਟਾਂ ਕੰਮ ਨਹੀਂ ਕਰ ਰਹੀਆਂ ਸਨ। ਇਹ ਦੋਵੇਂ ਖਾਮੀਆਂ ਸੜਕ ਸੁਰੱਖਿਆ ਲਈ ਵੱਡਾ ਖ਼ਤਰਾ ਮੰਨੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਡਰਾਈਵਰ ਟਰੱਕ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰ ਰਿਹਾ ਸੀ ਅਤੇ ਉਸ ਨੇ ਸੀਟ ਬੈਲਟ ਵੀ ਨਹੀਂ ਲਗਾਈ ਹੋਈ ਸੀ। ਏ.ਜ਼ੈਡ.ਡੀ.ਪੀ.ਐੱਸ. ਨੇ ਡਰਾਈਵਰ ਨੂੰ ਕਈ ਟ੍ਰੈਫਿਕ ਅਤੇ ਕਮਰਸ਼ੀਅਲ ਵਾਹਨ ਨਿਯਮਾਂ ਦੀ ਉਲੰਘਣਾ ਕਰਨ ਲਈ ਟਿਕਟਾਂ ਜਾਰੀ ਕੀਤੀਆਂ ਅਤੇ ਉਸ ਨੂੰ ਤੁਰੰਤ "ਆਊਟ ਆਫ ਸਰਵਿਸ" ਕਰ ਦਿੱਤਾ। ਇਸ ਦਾ ਅਰਥ ਹੈ ਕਿ ਨਾ ਤਾਂ ਡਰਾਈਵਰ ਅਤੇ ਨਾ ਹੀ ਟਰੱਕ ਨੂੰ ਖਾਮੀਆਂ ਦੂਰ ਹੋਣ ਤੱਕ ਆਪਣਾ ਸਫ਼ਰ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ। ਐਰੀਜ਼ੋਨਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਨੇ ਕਿਹਾ ਕਿ ਇਹ ਮਾਮਲਾ ਯਾਦ ਦਿਵਾਉਂਦਾ ਹੈ ਕਿ ਕਮਰਸ਼ੀਅਲ ਵਾਹਨਾਂ ਲਈ ਸਾਰੇ ਪਰਮਿਟ, ਰਜਿਸਟ੍ਰੇਸ਼ਨ, ਸੁਰੱਖਿਆ ਉਪਕਰਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਅਜਿਹੀਆਂ ਉਲੰਘਣਾਵਾਂ ਨਾ ਸਿਰਫ਼ ਡਰਾਈਵਰ, ਸਗੋਂ ਹੋਰ ਸੜਕ ਵਰਤੋਂਕਾਰਾਂ ਦੀ ਜਾਨ ਨੂੰ ਵੀ ਖ਼ਤਰੇ ਵਿਚ ਪਾ ਸਕਦੀਆਂ ਹਨ।

# VALLEJO TEEYAN

## MELA 2026



**Sunday July 19th, 2026 from 12-6pm**

**Free Entry**

*Only for Ladies and Children*

Organizer



Sunita Verma

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

Hosted By



Asha Sharma

**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

Copyright@Punjab Mail USA

Flamingo
ARIA
FINE DINING, BAR, CATERING & BANQUET HALLS
Touch of Elegance Decor
510-325-8433
510-672-8118
*Let Us make your event & dream come true*
**Catering & Banquet Hall**
*Full Service Catering Anywhere in California*
Catering Up to 5000 Guest anywhere in California with full services
510-325-8433, 916-334-6000



Pardeep Paul

CHINNA JEWELLERS INC
7454 Stockton Blvd Suite A, Sacramento, CA 95823



Inderjit Singh

**Din D Sharma**
Real Estate
*Specialie in: Residental, Hotel, Motel Gas Stations and Liqyour Stores etc.*
*Residential, Loan Mod, Short Sale & Commercial Real Estate*
510 Meadow Valley Cir. Fairfield, CA 94534
Phone 707-864-6181, Fax : 707-864-4276
din.sharma@aol.com



D D Sharma
Real Estate Consultant
DRE #0744678

# 16th Children Summer Sports Camp-2026

## 16ਵਾਂ ਬੱਚਿਆਂ ਦਾ ਖੇਡ ਕੈਂਪ-2026



ਗੁਰਚਰਨ ਸਿੰਘ ਢਿੱਲੋਂ
206-412-1559

**ਉਦਘਾਟਨ :** 5 ਜੁਲਾਈ 2026, ਦਿਨ ਐਤਵਾਰ, 4PM to 7PM

**ਸਮਾਪਤੀ ਸਮਾਰੋਹ :** 23 ਅਗਸਤ 2026, ਦਿਨ ਐਤਵਾਰ, 4PM to 8PM

**Other weakened Every Saturday - Sunday : 5PM to 7PM**

**Wilson Play Fields Kent WA. 13028 SE. 251st. Kent, WA - 98030**



ਗੁਰਦੀਪ ਸਿੰਘ ਸਿੱਧੂ
206-697-8155


ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।









Designed By Punjab Mail USA

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਐਤਵਾਰ, ਸ਼ਾਮ 4 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।





**ਸਵਾਗਤ ਕਰਤਾ :**

***Sikhs of Seattle***

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

# ਟਰੰਪ ਦੀ ਡਿਪੋਰਟੇਸ਼ਨ ਮੁਹਿੰਮ ਨੂੰ ਮਿਲ ਸਕਦੇ ਨੇ 70 ਬਿਲੀਅਨ ਡਾਲਰ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਕਾਂਗਰਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੂੰ ਲਗਭਗ 70 ਬਿਲੀਅਨ ਡਾਲਰ ਦੀ ਵਾਧੂ ਫੰਡਿੰਗ ਦੇਣ ਦੇ ਨੇੜੇ ਪਹੁੰਚ ਗਈ ਹੈ। ਇਹ ਰਕਮ ਪ੍ਰਧਾਨ ਮੰਤਰੀ ਨਹੀਂ, ਸਗੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵੱਡੇ ਪੱਧਰ ਦੇ ਡਿਪੋਰਟੇਸ਼ਨ ਏਜੰਡੇ ਨੂੰ ਅੱਗੇ ਵਧਾਉਣ ਲਈ ਵਰਤੀ ਜਾ ਸਕਦੀ ਹੈ।

ਰਿਪਬਲਿਕਨ ਬਹੁਮਤ ਵਾਲੀ ਸੈਨੇਟ ਨੇ ਵੋਟਿੰਗ ਦੌਰਾਨ ਇਸ ਫੰਡਿੰਗ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਹੁਣ ਇਹ ਬਿੱਲ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿਚ ਜਾਵੇਗਾ। ਡੈਮੋਕ੍ਰੈਟਿਕ ਨੇਤਾਵਾਂ ਅਤੇ ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਬਿੱਲ ਦੀ ਕੜੀ ਆਲੋਚਨਾ ਕੀਤੀ ਹੈ।

ਇਸ ਪੈਕੇਜ ਤਹਿਤ ਲਗਭਗ 30 ਬਿਲੀਅਨ ਡਾਲਰ ਯੂ.ਐੱਸ.

**■ ਇਮੀਗ੍ਰੇਸ਼ਨ ਲਾਗੂਕਰਨ ਹੋਵੇਗਾ ਹੋਰ ਤੇਜ਼**




ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਲਈ ਅਤੇ ਕਰੀਬ 20 ਬਿਲੀਅਨ ਡਾਲਰ ਯੂਨਾਈਟਿਡ ਸਟੇਟਸ ਬਾਰਡਰ ਪੈਟਰੋਲ ਲਈ ਰੱਖੇ ਗਏ ਹਨ। ਇਹ ਫੰਡਿੰਗ 2029 ਤੱਕ ਦੇ ਇਮੀਗ੍ਰੇਸ਼ਨ ਅਤੇ ਸਰਹੱਦੀ ਕਾਰਜਾਂ ਨੂੰ ਪਹਿਲਾਂ ਹੀ ਵਿੱਤੀ ਸਹਾਇਤਾ ਪ੍ਰਦਾਨ ਕਰ ਸਕਦੀ ਹੈ।

ਟਰੰਪ ਪ੍ਰਸ਼ਾਸਨ ਦੇ ਬਾਰਡਰ ਜ਼ਾਰ ਟੌਮ ਹੋਮਨ ਨੇ ਕਿਹਾ ਹੈ ਕਿ ਪ੍ਰਸ਼ਾਸਨ ਗ੍ਰਿਫ਼ਤਾਰੀਆਂ, ਹਿਰਾਸਤ ਅਤੇ ਡਿਪੋਰਟੇਸ਼ਨ ਕਾਰਵਾਈਆਂ ਜਾਰੀ ਰੱਖੇਗਾ। ਉਨ੍ਹਾਂ ਸੰਕੇਤ ਦਿੱਤਾ ਕਿ ਗਰਮੀਆਂ ਦੌਰਾਨ ਨਿਊਯਾਰਕ ਵਰਗੇ ਵੱਡੇ ਸ਼ਹਿਰਾਂ ਵਿਚ ਹੋਰ ਇਮੀਗ੍ਰੇਸ਼ਨ ਕਾਰਵਾਈਆਂ ਦੇਖਣ ਨੂੰ ਮਿਲ ਸਕਦੀਆਂ ਹਨ।

ਇਸ ਫੰਡਿੰਗ ਬਿੱਲ ਦੀ ਇੱਕ ਖਾਸ ਗੱਲ ਇਹ ਹੈ ਕਿ ਇਸ ਵਿਚ ਆਮ ਤੌਰ 'ਤੇ ਕਾਂਗਰਸ ਵੱਲੋਂ ਲਗਾਈਆਂ ਜਾਣ ਵਾਲੀਆਂ ਵਿਸਥਾਰਪੂਰਵਕ ਸ਼ਰਤਾਂ ਜਾਂ ਨਿਗਰਾਨੀ ਦੇ ਪ੍ਰਬੰਧ ਬਹੁਤ ਘੱਟ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਹੋਮਲੈਂਡ ਸਕਿਓਰਿਟੀ ਨੂੰ ਫੰਡਾਂ ਦੀ ਵਰਤੋਂ ਵਿਚ ਵੱਡੀ ਛੂਟ ਮਿਲ ਜਾਵੇਗੀ।

ਦੂਜੇ ਪਾਸੇ ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਦਾਅਵਾ ਹੈ ਕਿ ਇਹ ਰਕਮ ਅਮਰੀਕਾ ਵਿਚ ਵੱਡੇ ਪੱਧਰ ਦੀ ਡਿਪੋਰਟੇਸ਼ਨ ਮਸ਼ੀਨਰੀ ਨੂੰ ਮਜ਼ਬੂਤ ਕਰੇਗੀ, ਜਦਕਿ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਰਾਸ਼ਟਰੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਲਈ ਜ਼ਰੂਰੀ ਹੈ।

ਇਸੇ ਦੌਰਾਨ ਪ੍ਰਸ਼ਾਸਨ ਵੱਲੋਂ ਹੋਰ ICE ਅਧਿਕਾਰੀਆਂ ਦੀ ਭਰਤੀ, ਨਵੇਂ ਡਿਟੇਨਸ਼ਨ ਸੈਂਟਰਾਂ ਦਾ ਨਿਰਮਾਣ ਅਤੇ ਹੋਰ ਦੇਸ਼ਾਂ ਨਾਲ ਡਿਪੋਰਟੇਸ਼ਨ ਸਹਿਯੋਗ ਵਧਾਉਣ ਦੇ ਯਤਨ ਵੀ ਜਾਰੀ ਹਨ। ਕਈ ਪ੍ਰਵਾਸੀ ਵਰਗਾਂ ਲਈ ਅਸਥਾਈ ਸੁਰੱਖਿਆ ਪ੍ਰੋਗਰਾਮਾਂ ਵਿਚ ਤਬਦੀਲੀਆਂ ਅਤੇ ਗ੍ਰੀਨ ਕਾਰਡ ਪ੍ਰਕਿਰਿਆ ਨੂੰ ਹੋਰ ਸਖ਼ਤ ਬਣਾਉਣ ਦੇ ਕਦਮ ਵੀ ਚਰਚਾ ਵਿਚ ਹਨ।

ਕੁਝ ਰਿਪਬਲਿਕਨ ਸਮੂਹਾਂ ਦਾ ਮੰਨਣਾ ਹੈ ਕਿ ਪ੍ਰਸ਼ਾਸਨ ਨੂੰ ਆਪਣੇ ਚੋਣੀ ਵਾਅਦੇ ਮੁਤਾਬਕ ਡਿਪੋਰਟੇਸ਼ਨ ਦੀ ਗਿਣਤੀ ਹੋਰ ਵਧਾਉਣੀ ਚਾਹੀਦੀ ਹੈ, ਜਦਕਿ ਵਿਰੋਧੀ ਧਿਰ ਅਤੇ ਪ੍ਰਵਾਸੀ ਹੱਕਾਂ ਦੇ ਸਮਰਥਕ ਇਸ ਨੀਤੀ ਦੇ ਮਨੁੱਖੀ ਅਤੇ ਸਮਾਜਿਕ ਪ੍ਰਭਾਵਾਂ ਬਾਰੇ ਚਿੰਤਾ ਜਤਾ ਰਹੇ ਹਨ।

# ਪੈਨਸਿਲਵੇਨੀਆ 'ਚ ਇੱਕ ਤੇਲਗੂ ਨੌਜਵਾਨ ਦਾ ਬੇਰਹਿਮੀ ਨਾਲ ਕਤਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਫਿਲਾਡੇਲਫੀਆ, ਪੈਨਸਿਲਵੇਨੀਆ ਰਾਜ ਅਮਰੀਕਾ ਵਿਚ ਇੱਕ ਤੇਲਗੂ ਮੂਲ ਦੇ ਭਾਰਤੀ ਨੌਜਵਾਨ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਤੇਲੰਗਾਨਾ ਦੇ ਮੇਡਚਲ ਦਾ ਰਹਿਣ ਵਾਲਾ ਕੁੰਚਾ ਅੰਸ਼ੁਲ ਨਾਮੀਂ ਨੌਜਵਾਨ ਨਿਊਯਾਰਕ ਵਿਚ ਪੀਜ਼ਾ ਡਿਲੀਵਰੀ ਬੁਆਏ ਵਜੋਂ ਕੰਮ ਕਰਦਾ ਸੀ। ਬੀਤੀ ਰਾਤ 12:00 ਵਜੇ ਹਮਲਾਵਰਾਂ ਨੇ ਪੀਜ਼ਾ ਡਿਲੀਵਰੀ ਕਰਦੇ ਸਮੇਂ ਉਸਦੀ ਗੋਲੀ ਮਾਰ ਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਤੇਲੰਗਾਨਾ ਦੇ ਮੇਡਚਲ ਦਾ ਰਹਿਣ ਵਾਲਾ ਕੁੰਚਾ ਅੰਸ਼ੁਲ ਨਿਊਯਾਰਕ ਵਿਚ ਪੀਜ਼ਾ ਡਿਲੀਵਰੀ



ਬੁਆਏ ਵਜੋਂ ਕੰਮ ਕਰਦਾ ਸੀ। ਘਟਨਾ ਬਾਰੇ ਪਤਾ ਲੱਗਣ 'ਤੇ ਪਰਿਵਾਰਕ ਮੈਂਬਰ ਹੰਝੂਆਂ ਨਾਲ ਭਰੇ ਹੋਏ ਹਨ। ਉਹ ਸਰਕਾਰ ਨੂੰ ਬੇਨਤੀ ਕਰ ਰਹੇ ਹਨ ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਨੂੰ ਉਨ੍ਹਾਂ ਦੇ ਦੇਸ਼ ਭਾਰਤ ਵਾਪਸ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# 2027 ਤੋਂ ਮੈਡੀਕੇਡ ਲਈ ਨਵੇਂ ਵਰਕ ਨਿਯਮ ਹੋਣਗੇ ਲਾਗੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਮੈਡੀਕੇਡ ਪ੍ਰੋਗਰਾਮ ਲਈ ਨਵੇਂ ਵਰਕ ਰਿਕਵਾਇਰਮੈਂਟ ਨਿਯਮਾਂ ਦੀ ਵਿਸਥਾਰਪੂਰਵਕ ਗਾਈਡਲਾਈਨ ਜਾਰੀ ਕਰ ਦਿੱਤੀ ਹੈ। ਨਵੇਂ ਨਿਯਮਾਂ ਅਨੁਸਾਰ ਕਈ ਬਾਲਗ ਮੈਡੀਕੇਡ ਲਾਭਪਾਤਰੀਆਂ ਨੂੰ ਆਪਣੀ ਸਿਹਤ ਬੀਮਾ ਕਵਰੇਜ ਕਾਇਮ ਰੱਖਣ ਲਈ ਹਰ ਮਹੀਨੇ ਘੱਟੋ-ਘੱਟ 80 ਘੰਟੇ ਕੰਮ, ਸਿੱਖਿਆ, ਨੌਕਰੀ ਸਿਖਲਾਈ ਜਾਂ ਵਲੰਟੀਅਰ ਸੇਵਾ ਕਰਨੀ ਪਵੇਗੀ।

ਇਹ ਨਵੇਂ ਨਿਯਮ 1 ਜਨਵਰੀ 2027 ਤੋਂ ਲਾਗੂ ਹੋਣੇ ਹਨ ਅਤੇ ਇਨ੍ਹਾਂ ਦੀ ਨਿਗਰਾਨੀ ਸੈਂਟਰਸ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਕਰੇਗੀ।

ਸੀ.ਐੱਮ.ਐੱਸ. ਦੇ ਪ੍ਰਸ਼ਾਸਕ ਮਹਿਮਤ ਓਜ਼ ਨੇ ਵ੍ਹਾਈਟ ਹਾਊਸ ਬ੍ਰੀਫਿੰਗ ਦੌਰਾਨ ਕਿਹਾ ਕਿ ਮੈਡੀਕੇਡ ਦਾ ਮੁੱਖ ਉਦੇਸ਼ ਸਭ ਤੋਂ ਵੱਧ

**■ ਹਰ ਮਹੀਨੇ 80 ਘੰਟੇ ਕੰਮ ਲਾਜ਼ਮੀ**

**■ ਬਿਮਾਰ ਲੋਕਾਂ ਨੂੰ ਛੋਟ ਲਈ ਦੇਣੇ ਪੈਣਗੇ ਮੈਡੀਕਲ ਸਬੂਤ**


ਲੋੜਵੰਦ ਲੋਕਾਂ ਦੀ ਸਹਾਇਤਾ ਕਰਨਾ ਹੈ ਅਤੇ ਸਮਰੱਥ ਬਾਲਗਾਂ ਨੂੰ ਰੁਜ਼ਗਾਰ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ, ਤਾਂ ਜੋ ਉਹ ਭਵਿੱਖ ਵਿਚ ਨੌਕਰੀਦਾਤਾ ਵੱਲੋਂ ਮਿਲਣ ਵਾਲੇ ਸਿਹਤ ਬੀਮੇ ਦੀ ਵਰਤੋਂ ਕਰ ਸਕਣ।

ਨਵੇਂ ਨਿਯਮਾਂ ਅਨੁਸਾਰ ਪ੍ਰਭਾਵਿਤ ਵਿਅਕਤੀਆਂ ਨੂੰ ਹਰ ਮਹੀਨੇ 80 ਘੰਟਿਆਂ ਦੀ ਗਤੀਵਿਧੀ ਦਾ ਰਿਕਾਰਡ ਪੇਸ਼ ਕਰਨਾ ਹੋਵੇਗਾ। ਇਸ ਵਿਚ ਨੌਕਰੀ ਕਰਨਾ, ਜੌਬ ਟ੍ਰੇਨਿੰਗ, ਕਾਲਜ ਜਾਂ ਹੋਰ ਸਿੱਖਿਆ ਪ੍ਰੋਗਰਾਮਾਂ ਵਿਚ ਭਾਗ ਲੈਣਾ ਅਤੇ ਕੁਝ ਕਿਸਮ ਦੀ ਵਲੰਟੀਅਰ ਸੇਵਾ ਸ਼ਾਮਲ ਹੋ ਸਕਦੀ ਹੈ।

# ਫੀਫਾ ਵਰਲਡ ਕੱਪ 2026: ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਸੀ.ਬੀ.ਐੱਸ.ਏ. ਵੱਲੋਂ ਮਹੱਤਵਪੂਰਨ ਹਦਾਇਤਾਂ ਜਾਰੀ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਮੈਕਸੀਕੋ ਅਤੇ ਅਮਰੀਕਾ ਦੇ ਨਾਲ ਫੀਫਾ ਵਰਲਡ ਕੱਪ 2026 ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। 11 ਜੂਨ ਤੋਂ 19 ਜੁਲਾਈ, 2026 ਤੱਕ, ਫੀਫਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਟੂਰਨਾਮੈਂਟ ਹੋਵੇਗਾ, ਜਿਸ ਵਿੱਚ 16 ਸ਼ਹਿਰਾਂ ਵਿਚ 104 ਮੈਚਾਂ ਲਈ 48 ਦੇਸ਼ ਇਕੱਠੇ ਹੋਣਗੇ। ਕੈਨੇਡਾ ਟੋਰਾਂਟੋ ਅਤੇ ਵੈਨਕੂਵਰ ਵਿਚ 13 ਮੈਚਾਂ ਦੀ ਮੇਜ਼ਬਾਨੀ ਕਰੇਗਾ।

ਫੁੱਟਬਾਲ ਕੈਨੇਡਾ ਦੀ ਸਭ ਤੋਂ ਵੱਡੀ ਹਰਮਨ ਪਿਆਰੀ ਖੇਡ ਹੈ ਅਤੇ ਇਸ ਨੂੰ ਦੇਸ਼ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਖੇਡ ਮੰਨਿਆ ਜਾਂਦਾ ਹੈ, ਜੋ ਸਥਾਨਕ ਖੇਤਰਾਂ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਹਰ ਉਮਰ ਅਤੇ ਪਿਛੋਕੜ ਦੇ ਲੋਕਾਂ ਨੂੰ ਜੋੜਦਾ ਹੈ। ਇਸ ਦੌਰਾਨ ਕੈਨੇਡਾ ਵਿਚ ਇਸ ਟੂਰਨਾਮੈਂਟ ਦਾ ਲੁਤਫ਼ ਮਾਨਣ ਵਾਲਿਆਂ ਵਾਸਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਫੀਫਾ ਵਰਲਡ ਕੱਪ 2026 ਦੌਰਾਨ ਕੈਨੇਡਾ ਆਉਣ




ਵਾਲੇ ਪ੍ਰਸ਼ੰਸਕਾਂ, ਟੀਮਾਂ, ਅਧਿਕਾਰੀਆਂ ਅਤੇ ਮੀਡੀਆ ਕਰਮਚਾਰੀਆਂ ਨੂੰ ਯਾਤਰਾ ਤੋਂ ਪਹਿਲਾਂ ਪੂਰੀ ਤਿਆਰੀ ਕਰਨ ਦੀ ਅਪੀਲ ਕੀਤੀ ਹੈ।

ਸੀ.ਬੀ.ਐੱਸ.ਏ. ਨੇ ਸਪੱਸ਼ਟ ਕੀਤਾ ਹੈ ਕਿ ਫੀਫਾ ਵਰਲਡ ਕੱਪ ਦੀ ਟਿਕਟ ਕੈਨੇਡਾ ਵਿਚ ਦਾਖ਼ਲੇ ਦੀ ਗਾਰੰਟੀ ਨਹੀਂ ਹੈ। ਯਾਤਰੀਆਂ ਨੂੰ ਆਪਣੇ ਦੇਸ਼ ਅਨੁਸਾਰ ਵੀਜ਼ਾ ਜਾਂ ਹੋਰ ਦਾਖ਼ਲਾ ਸ਼ਰਤਾਂ ਪਹਿਲਾਂ ਹੀ ਜਾਂਚ ਲੈਣੀਆਂ ਚਾਹੀਦੀਆਂ ਹਨ। ਫੀਫਾ ਵਰਲਡ ਕੱਪ ਲਈ ਕੋਈ ਵਿਸ਼ੇਸ਼ "ਫੀਫਾ ਵੀਜ਼ਾ" ਉਪਲਬਧ ਨਹੀਂ ਹੈ। ਏਜੰਸੀ ਨੇ ਕਿਹਾ ਹੈ ਕਿ ਸਾਰੇ ਅੰਤਰਰਾਸ਼ਟਰੀ ਯਾਤਰੀਆਂ ਕੋਲ ਵੈਧ ਯਾਤਰਾ ਦਸਤਾਵੇਜ਼ ਹੋਣੇ ਲਾਜ਼ਮੀ ਹਨ। ਪਾਸਪੋਰਟ ਵਿਦੇਸ਼ ਯਾਤਰਾ ਲਈ ਸਭ ਤੋਂ ਭਰੋਸੇਯੋਗ ਅਤੇ ਸਰਵ-ਸਵੀਕਾਰ ਦਸਤਾਵੇਜ਼ ਮੰਨਿਆ ਜਾਂਦਾ ਹੈ।

ਹਵਾਈ ਰਾਹੀਂ ਕੈਨੇਡਾ ਪਹੁੰਚਣ ਵਾਲੇ ਯਾਤਰੀਆਂ ਨੂੰ ਐਡਵਾਂਸ ਡਿਕਲੇਰੇਸ਼ਨ ਸੇਵਾ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ, ਜਿਸ ਰਾਹੀਂ ਉਹ ਆਪਣੀ ਕਸਟਮ ਅਤੇ ਇਮੀਗ੍ਰੇਸ਼ਨ ਜਾਣਕਾਰੀ ਆਗਮਨ ਤੋਂ 72 ਘੰਟੇ ਪਹਿਲਾਂ ਜਮ੍ਹਾਂ ਕਰ ਸਕਦੇ ਹਨ। ਇਸ ਨਾਲ ਹਵਾਈ ਅੱਡਿਆਂ 'ਤੇ ਕਾਰਵਾਈ ਤੇਜ਼ੀ ਨਾਲ ਹੋ ਸਕੇਗੀ।

ਸੜਕ ਰਾਹੀਂ ਕੈਨੇਡਾ ਆਉਣ ਵਾਲਿਆਂ ਨੂੰ ਸਰਹੱਦੀ ਉਡੀਕ ਸਮੇਂ ਦੀ ਜਾਂਚ ਕਰਕੇ ਆਪਣਾ ਰੂਟ ਤੈਅ ਕਰਨ ਦੀ ਸਲਾਹ ਦਿੱਤੀ ਗਈ ਹੈ। ਸੀ.ਬੀ.ਐੱਸ.ਏ. ਮੁਤਾਬਕ ਮੈਚਾਂ ਵਾਲੇ ਦਿਨਾਂ ਵਿਚ ਸਰਹੱਦਾਂ 'ਤੇ ਭਾਰੀ ਭੀੜ ਹੋ ਸਕਦੀ ਹੈ। ਸਵੇਰੇ ਜਲਦੀ ਯਾਤਰਾ ਕਰਨਾ, ਸਰਹੱਦੀ ਦਫ਼ਤਰਾਂ ਦੇ ਕੰਮਕਾਜੀ ਸਮੇਂ ਦੀ ਪਹਿਲਾਂ ਜਾਣਕਾਰੀ ਲੈਣਾ ਲਾਭਦਾਇਕ ਰਹੇਗਾ। ਕਿਸ਼ਤੀ ਜਾਂ ਹੋਰ ਨਿੱਜੀ ਜਲ ਯਾਨ ਰਾਹੀਂ ਕੈਨੇਡਾ ਪਹੁੰਚਣ ਵਾਲੇ ਸਾਰੇ ਯਾਤਰੀਆਂ ਲਈ ਸੀ.ਬੀ.ਐੱਸ.ਏ. ਨੂੰ ਤੁਰੰਤ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ।

ਇਸ ਤੋਂ ਇਲਾਵਾ 30 ਮਈ 2026 ਤੋਂ 29 ਅਗਸਤ 2026 ਤੱਕ ਕੈਨੇਡਾ ਸਰਕਾਰ ਵੱਲੋਂ ਇੱਕ ਅਸਥਾਈ ਸਿਹਤ ਨੀਤੀ ਲਾਗੂ ਰਹੇਗੀ। ਇਸ ਅਨੁਸਾਰ ਕੈਨੇਡੀਅਨ ਨਾਗਰਿਕਾਂ, ਸਥਾਈ ਨਿਵਾਸੀਆਂ, ਇੰਡਿਅਨ ਐਕਟ ਅਧੀਨ ਰਜਿਸਟਰਡ ਵਿਅਕਤੀਆਂ ਅਤੇ ਉਹ ਵਿਦੇਸ਼ੀ ਨਾਗਰਿਕ ਜੋ ਪਿਛਲੇ 21 ਦਿਨਾਂ ਵਿਚ ਡੈਮੋਕਰੈਟਿਕ ਰਿਪਬਲਿਕ ਆਫ਼ ਕਾਂਗੋ, ਯੁਗਾਂਡਾ ਜਾਂ ਦੱਖਣੀ ਸੁਡਾਨ ਵਿਚ ਰਹੇ ਹੋਣ, ਉਨ੍ਹਾਂ ਦੀ ਕੈਨੇਡਾ ਆਗਮਨ 'ਤੇ ਵਿਸ਼ੇਸ਼ ਸਿਹਤ ਜਾਂਚ ਕੀਤੀ ਜਾਵੇਗੀ। ਸਿਹਤ ਅਧਿਕਾਰੀਆਂ ਵੱਲੋਂ ਮੁਲਾਂਕਣ ਦੇ ਆਧਾਰ 'ਤੇ ਜ਼ਰੂਰੀ ਜਨਤਕ ਸਿਹਤ ਉਪਾਅ ਲਾਗੂ ਕੀਤੇ ਜਾਣਗੇ।

# ਫੀਫਾ ਵਿਸ਼ਵ ਕੱਪ : ਵਿਸ਼ਵ ਕੱਪ ਤੋਂ ਪਹਿਲਾਂ ਵੈਨਕੂਵਰ 'ਚ ਕੈਨੇਡਾ ਦਾ ਸਭ ਤੋਂ ਵੱਡਾ ਝੰਡਾ ਲਹਿਰਾਇਆ

**ਵਿਨੀਪੈੱਗ, (ਪੰਜਾਬ ਮੇਲ)**- ਕੈਨੇਡਾ ਦੇ ਮੈਟਰੋ ਸ਼ਹਿਰ ਵੈਨਕੂਵਰ ਦੇ ਪ੍ਰਸਿੱਧ ਸਕੀ ਰਿਜ਼ੋਰਟ ਗਰਾਊਸ ਮਾਊਂਟੇਨ ਨੇ 2026 ਫੀਫਾ ਵਿਸ਼ਵ ਕੱਪ ਮੌਕੇ ਕੈਨੇਡਾ ਦੀ ਕੌਮੀ ਟੀਮ ਪ੍ਰਤੀ ਆਪਣਾ ਸਮਰਥਨ ਜਤਾਉਣ ਲਈ ਸਭ ਤੋਂ ਵੱਡਾ ਰਾਸ਼ਟਰੀ ਝੰਡਾ ਪ੍ਰਦਰਸ਼ਿਤ ਕੀਤਾ ਹੈ। ਹਾਲਾਂਕਿ ਇਸ ਪ੍ਰਦਰਸ਼ਨ ਨੂੰ ਲੈ ਕੇ ਕੌਮੀ ਝੰਡੇ ਸਬੰਧੀ ਸਰਕਾਰੀ ਪ੍ਰੋਟੋਕਾਲ ਦੀ ਉਲੰਘਣਾ ਦੇ ਸਵਾਲ ਵੀ ਉੱਠਣ ਲੱਗੇ ਹਨ।

ਇਹ ਝੰਡਾ ਵੈਨਕੂਵਰ ਸ਼ਹਿਰ ਅਤੇ ਬਰਾਰਡ ਇਨਲੈਟ ਦੇ ਕਈ ਹਿੱਸਿਆਂ ਤੋਂ ਸਾਫ਼ ਨਜ਼ਰ ਆਉਂਦਾ ਹੈ। ਰਿਜ਼ੋਰਟ ਦੇ ਸੀਨੀਅਰ ਮਾਰਕੀਟਿੰਗ ਡਾਇਰੈਕਟਰ ਐਡਮ ਰੂਟਮੈਨ ਨੇ ਕਿਹਾ ਕਿ ਵਿਸ਼ਵ ਕੱਪ ਦੌਰਾਨ ਆਉਣ ਵਾਲੇ ਅੰਤਰਰਾਸ਼ਟਰੀ ਮਹਿਮਾਨਾਂ ਦੇ ਸਵਾਗਤ ਲਈ ਕੈਨੇਡਾ ਦੀ ਟੀਮ ਪ੍ਰਤੀ ਸਮਰਥਨ ਇੱਕ ਯਾਦਗਾਰ ਢੰਗ ਨਾਲ ਦਰਸਾਉਣ ਦਾ ਇਹ ਉਪਰਾਲਾ ਕੀਤਾ ਗਿਆ ਹੈ।

ਬ੍ਰਿਟਿਸ਼ ਕੋਲੰਬੀਆ ਦੀ ਕੰਪਨੀ ਬਲਾਸਟ ਮੀਡੀਆ ਪ੍ਰਿੰਟ ਵੱਲੋਂ ਤਿਆਰ ਕੀਤੇ ਗਏ ਇਸ ਝੰਡੇ ਦੀ ਲੰਬਾਈ 160 ਮੀਟਰ ਅਤੇ ਚੌੜਾਈ 80 ਮੀਟਰ ਹੈ, ਜੋ



ਲਗਪਗ ਦੋ ਫੁੱਟਬਾਲ ਮੈਦਾਨਾਂ ਦੇ ਬਰਾਬਰ ਬਣਦੀ ਹੈ। ਉਨ੍ਹਾਂ ਮੁਤਾਬਿਕ ਇਹ ਝੰਡਾ ਖਾਸ ਕੱਪੜੇ ਨਾਲ ਤਿਆਰ ਕੀਤਾ ਗਏ ਹੈ, ਜਿਸ ਦਾ ਭਾਰ 1,500 ਕਿੱਲੋਗਰਾਮ ਤੋਂ ਵੱਧ ਹੈ ਅਤੇ ਇਸ ਨੂੰ ਪਹਾੜੀ ਢਲਾਣ ਉੱਤੇ ਵਿਛਾਉਣ ਲਈ 100 ਤੋਂ ਵੱਧ ਲੋਕਾਂ ਦੀ ਮਦਦ ਲਈ ਗਈ।

ਹਾਲਾਂਕਿ ਵਿਵਾਦ ਇਸ ਗੱਲ ਨੂੰ ਲੈ ਕੇ ਖੜ੍ਹਾ ਹੋਇਆ ਹੈ ਕਿ ਕੈਨੇਡਾ ਸਰਕਾਰ ਦੇ ਝੰਡਾ-ਪ੍ਰੋਟੋਕਾਲ ਅਨੁਸਾਰ ਰਾਸ਼ਟਰੀ ਝੰਡੇ ਨੂੰ ਕਦੇ ਵੀ ਜ਼ਮੀਨ ਨੂੰ ਨਹੀਂ ਛੂਹਣਾ ਚਾਹੀਦਾ। ਇਸ ਤੋਂ ਇਲਾਵਾ ਕੁਝ ਨਿਰੀਖਕਾਂ ਦਾ ਕਹਿਣਾ ਹੈ ਕਿ ਝੰਡੇ ਦੀ ਦਿਸ਼ਾ ਵੀ ਨਿਯਮਾਂ ਅਨੁਸਾਰ ਨਹੀਂ ਹੈ, ਕਿਉਂਕਿ ਲੰਬਕਾਰੀ ਪ੍ਰਦਰਸ਼ਨ ਸਮੇਂ ਮੇਪਲ ਪੱਤਾ ਖੱਬੇ ਪਾਸੇ ਹੋਣਾ ਚਾਹੀਦਾ ਹੈ।

ਇਸ ਬਾਰੇ ਪ੍ਰਤੀਕਿਰਿਆ ਦਿੰਦਿਆਂ ਐਡਮ ਰੂਟਮੈਨ ਨੇ ਕਿਹਾ ਕਿ ਉਨ੍ਹਾਂ ਦੀ ਸਮਝ ਅਨੁਸਾਰ ਇਸ ਤਰੀਕੇ ਨਾਲ ਝੰਡਾ ਪ੍ਰਦਰਸ਼ਿਤ ਕਰਨਾ ਸਵੀਕਾਰ ਯੋਗ ਹੈ। ਉਨ੍ਹਾਂ ਕਿਹਾ ਕਿ ਮਕਸਦ ਦੇਸ਼-ਭਗਤੀ ਦੀ ਭਾਵਨਾ ਨੂੰ ਪ੍ਰਗਟ ਕਰਨਾ ਅਤੇ ਕੈਨੇਡਾ ਦੇ ਰਾਸ਼ਟਰੀ ਝੰਡੇ ਦਾ ਸਤਿਕਾਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਝੰਡੇ ਦੀ ਸਥਾਪਨਾ ਦੌਰਾਨ ਕਿਸੇ ਵੀ ਦਰੱਖਤ ਨੂੰ ਨਹੀਂ ਕੱਟਿਆ ਗਿਆ ਅਤੇ ਇਸ ਮੁਹਿੰਮ ਨੂੰ ਡੈਸਟੀਨੇਸ਼ਨ ਵੈਨਕੂਵਰ ਅਤੇ ਡੈਸਟੀਨੇਸ਼ਨ ਬੀ.ਸੀ. ਵਰਗੀਆਂ ਸੈਰ-ਸਪਾਟਾ ਸੰਸਥਾਵਾਂ ਦਾ ਵੀ ਸਹਿਯੋਗ ਪ੍ਰਾਪਤ ਹੈ। ਜ਼ਿਕਰਯੋਗ ਹੈ ਕਿ ਵੈਨਕੂਵਰ ਦੇ ਬੀ.ਸੀ. ਪਲੇਸ ਸਟੇਡੀਅਮ ਵਿਚ 13 ਜੂਨ ਤੋਂ ਫੀਫਾ ਵਿਸ਼ਵ ਕੱਪ ਦੇ ਮੈਚ ਸ਼ੁਰੂ ਹੋਣ ਜਾ ਰਹੇ ਹਨ। ਟੂਰਨਾਮੈਂਟ ਦੌਰਾਨ ਇੱਥੇ ਕੁੱਲ ਸੱਤ ਮੈਚ ਖੇਡੇ ਜਾਣਗੇ, ਜਿਨ੍ਹਾਂ ਵਿਚ ਕੈਨੇਡਾ ਦੇ ਦੋ ਗਰੁੱਪ ਮੈਚ ਵੀ ਸ਼ਾਮਲ ਹਨ। ਗਰਾਊਸ ਮਾਊਂਟੇਨ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਇਹ ਪਹਾੜ ਉੱਤੇ ਪ੍ਰਦਰਸ਼ਿਤ ਕੀਤਾ ਗਿਆ ਦੁਨੀਆਂ ਦਾ ਸਭ ਤੋਂ ਵੱਡਾ ਝੰਡਾ ਹੈ ਅਤੇ ਇਸ ਸਬੰਧੀ ਗਿਨੀਜ਼ ਵਰਲਡ ਰਿਕਾਰਡ ਵੱਲੋਂ ਪ੍ਰਮਾਣੀਕਰਨ ਦੀ ਪ੍ਰਕਿਰਿਆ ਅੰਤਿਮ ਪੜਾਅ ਵਿਚ ਹੈ। ਹਾਲਾਂਕਿ ਗਿੰਨੀਜ਼ ਵਰਲਡ ਰਿਕਾਰਡਜ਼ ਵੱਲੋਂ ਝੰਡੇ ਨੂੰ ਅਜੇ ਤੱਕ ਅਧਿਕਾਰਤ ਤੌਰ 'ਤੇ ਮਾਨਤਾ ਨਹੀਂ ਦਿੱਤੀ ਗਈ ਹੈ, ਫ਼ੈਸਲਾ ਚੱਲ ਰਿਹਾ ਹੈ, ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੀ ਪਹਾੜ 'ਤੇ ਪ੍ਰਦਰਸ਼ਿਤ ਦੁਨੀਆਂ ਦੇ ਸਭ ਤੋਂ ਵੱਡੇ ਕੈਨੇਡੀਅਨ ਝੰਡੇ ਵਜੋਂ ਪੁਸ਼ਟੀ ਕੀਤੀ ਜਾਵੇਗੀ।

ਗਿਨੀਜ਼ ਵਰਲਡ ਰਿਕਾਰਡਜ਼ ਅਨੁਸਾਰ ਸਭ ਤੋਂ ਵੱਡੇ ਰਾਸ਼ਟਰੀ ਝੰਡੇ ਦਾ ਰਿਕਾਰਡ ਕਤਰ ਦੇ ਝੰਡੇ ਦੇ ਨਾਮ ਹੈ, ਜਿਸ ਦਾ ਆਕਾਰ ਲਗਪਗ 510 ਮੀਟਰ ਲੰਬਾ ਅਤੇ 200 ਮੀਟਰ ਚੌੜਾ ਹੈ। ਦਿਲਚਸਪ ਗੱਲ ਇਹ ਹੈ ਕਿ ਕੈਨੇਡਾ ਦੇ ਨਾਮ ਸਭ ਤੋਂ ਛੋਟੇ ਰਾਸ਼ਟਰੀ ਝੰਡੇ ਦਾ ਵਿਸ਼ਵ ਰਿਕਾਰਡ ਵੀ ਦਰਜ ਹੈ। 2016 ਵਿਚ ਓਨਟਾਰੀਓ ਦੇ ਵਾਟਰ ਲੂ ਸਥਿਤ ਇੰਸਟੀਚਿਊਟ ਫ਼ਾਰ ਕੁਆਂਟਮ ਕੰਪਿਊਟਿੰਗ ਨੇ ਸਿਲੀਕਾਨ ਵੇਫਰ ਉੱਤੇ ਸਿਰਫ਼ 0.697 ਵਰਗ ਮਾਈਕ੍ਰੋਮੀਟਰ ਖੇਤਰਫਲ਼ ਵਾਲਾ ਕੈਨੇਡੀਅਨ ਝੰਡਾ ਉਕੇਰਿਆ ਸੀ, ਜੋ ਮਨੁੱਖੀ ਵਾਲ ਦੀ ਚੌੜਾਈ ਦੇ ਲਗਪਗ ਸੌਵੇਂ ਹਿੱਸੇ ਦੇ ਬਰਾਬਰ ਸੀ।

# ICE ਦਾ ਵੱਡਾ ਛਾਪਾ: 48 ਕਰਮਚਾਰੀ ਹਿਰਾਸਤ 'ਚ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਦੱਖਣੀ ਕੈਰੋਲੀਨਾ ਦੇ ਸ਼ਹਿਰ ਅਬੇਵਿਲ ਵਿਚ ਇੱਕ ਮੈਟਲ ਕਾਸਟਿੰਗ ਕੰਪਨੀ 'ਤੇ ਕੀਤੀ ਗਈ ਵੱਡੀ ਛਾਪੇਮਾਰੀ ਦੌਰਾਨ 48 ਕਰਮਚਾਰੀਆਂ ਨੂੰ ਇਮੀਗ੍ਰੇਸ਼ਨ ਉਲੰਘਣਾਵਾਂ ਦੇ ਦੋਸ਼ਾਂ ਹੇਠ ਹਿਰਾਸਤ ਵਿਚ ਲਿਆ ਗਿਆ ਹੈ। ਇਸਦੇ ਨਾਲ ਹੀ ਕੰਪਨੀ ਦੇ ਦੋ ਸੀਨੀਅਰ ਅਧਿਕਾਰੀਆਂ ਸਮੇਤ 6 ਲੋਕਾਂ 'ਤੇ ਜਾਅਲੀ ਪਹਿਚਾਣ ਦਸਤਾਵੇਜ਼ ਬਣਾਉਣ ਅਤੇ ਵਰਤਣ ਨਾਲ ਸੰਬੰਧਿਤ ਅਪਰਾਧਿਕ ਦੋਸ਼ ਲਗਾਏ ਗਏ ਹਨ।

ਇਹ ਕਾਰਵਾਈ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਬਰਨਸਟਾਈਨ ਵੌਨ ਸੀਲੇਨ ਪ੍ਰਿਸੀਜ਼ਨ ਕਾਸਟਿੰਗਜ਼ ਵਿਚ ਕੀਤੀ ਗਈ। ਦਰਜਨਾਂ ਫੈਡਰਲ ਅਤੇ ਸਥਾਨਕ ਅਧਿਕਾਰੀਆਂ ਨੇ ਕੰਪਨੀ ਦੇ ਪਲਾਂਟ 'ਤੇ ਛਾਪਾ ਮਾਰਿਆ। ਦੱਖਣੀ ਕੈਰੋਲੀਨਾ ਦੇ ਅਟਾਰਨੀ ਜਨਰਲ ਐਲਨ ਵਿਲਸਨ ਨੇ ਦੱਸਿਆ ਕਿ ਕੰਪਨੀ ਦੇ ਪਲਾਂਟ ਮੈਨੇਜਰ ਅਤੇ ਮਨੁੱਖੀ ਸਰੋਤ (ਐੱਚ.ਆਰ.) ਡਾਇਰੈਕਟਰ ਨੂੰ ਇਹ ਜਾਣਦੇ ਹੋਏ

**■ ਦੱਖਣੀ ਕੈਰੋਲੀਨਾ 'ਚ 935 ਵੱਲੋਂ ਜਾਅਲੀ ਸੋਸ਼ਲ ਸਕਿਓਰਿਟੀ ਤੇ ਆਈ.ਡੀ. ਰੈਕੇਟ ਦਾ ਪਰਦਾਫਾਸ਼**

ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਰਾਜ ਦੀ ਗ੍ਰੈਂਡ ਜਿਊਰੀ ਨੇ ਦੋਵੇਂ ਅਧਿਕਾਰੀਆਂ ਦੇ ਨਾਲ ਹੋਰ ਚਾਰ ਵਿਅਕਤੀਆਂ ਨੂੰ ਵੀ ਇੰਡਾਈਟ ਕੀਤਾ ਹੈ। ਇਨ੍ਹਾਂ ਉੱਤੇ ਚੋਰੀ ਕੀਤੀਆਂ ਪਹਿਚਾਣਾਂ ਦੀ ਵਰਤੋਂ ਕਰਕੇ ਜਾਅਲੀ ਸੋਸ਼ਲ ਸਕਿਓਰਿਟੀ ਕਾਰਡ, ਡਰਾਈਵਰ ਲਾਇਸੈਂਸ ਅਤੇ ਇਮੀਗ੍ਰੇਸ਼ਨ ਦਸਤਾਵੇਜ਼ ਤਿਆਰ ਕਰਨ ਅਤੇ ਵੇਚਣ ਦੇ ਦੋਸ਼ ਹਨ। ਅਟਾਰਨੀ ਜਨਰਲ ਐਲਨ ਵਿਲਸਨ ਨੇ ਕਿਹਾ ਕਿ ਇਹ ਕਾਰਵਾਈ ਸਿਰਫ਼ ਰੋਜ਼ੀ-ਰੋਟੀ ਕਮਾਉਣ ਵਾਲੇ ਮਜ਼ਦੂਰਾਂ ਖ਼ਿਲਾਫ਼ ਨਹੀਂ ਹੈ, ਬਲਕਿ ਉਨ੍ਹਾਂ ਸੰਗਠਿਤ ਗਰੁੱਪਾਂ ਖ਼ਿਲਾਫ਼ ਹੈ, ਜੋ ਪਹਿਚਾਣ ਚੋਰੀ ਕਰਕੇ ਜਾਅਲੀ ਦਸਤਾਵੇਜ਼ਾਂ ਦਾ ਕਾਰੋਬਾਰ ਚਲਾ ਰਹੇ ਹਨ।

# ਟਰੰਪ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਲਈ ਨਵਾਂ ਕਾਰਜਕਾਰੀ ਹੁਕਮ ਜਾਰੀ

**ਨਵੇਂ ਹੁਕਮ ਦਾ ਉਦੇਸ਼ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਅਮਰੀਕੀ ਵਿੱਤੀ ਪ੍ਰਣਾਲੀ ਤੱਕ ਪਹੁੰਚ ਨੂੰ ਹੋਰ ਸੀਮਤ ਕਰਨਾ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਨਵਾਂ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਹੈ, ਜਿਸ ਦਾ ਉਦੇਸ਼ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਅਮਰੀਕੀ ਵਿੱਤੀ ਪ੍ਰਣਾਲੀ ਤੱਕ ਪਹੁੰਚ ਨੂੰ ਹੋਰ ਸੀਮਤ ਕਰਨਾ ਹੈ। ਇਹ ਕਦਮ ਟਰੰਪ ਪ੍ਰਸ਼ਾਸਨ ਦੀ ਵਿਆਪਕ ਇਮੀਗ੍ਰੇਸ਼ਨ ਸਖ਼ਤੀ ਮੁਹਿੰਮ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕਿਹਾ ਕਿ ਬੈਂਕਾਂ, ਕ੍ਰੈਡਿਟ ਕਾਰਡ ਕੰਪਨੀਆਂ ਅਤੇ ਹੋਰ ਵਿੱਤੀ ਸੰਸਥਾਵਾਂ ਨੂੰ ਮਨੁੱਖੀ ਤਸਕਰੀ, ਨਸ਼ਾ ਤਸਕਰੀ, ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਅਪਰਾਧਿਕ ਕਾਰਟੈਲਾਂ ਦੀ ਮਦਦ ਲਈ ਵਰਤਣ ਤੋਂ ਰੋਕਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਹੜੇ ਬੈਂਕ ਖਾਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਆਸਾਨ ਬਣਾਉਣ ਜਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਮਿਲਣ ਵਾਲੀਆਂ ਸਰਕਾਰੀ ਸਹਾਇਤਾਵਾਂ ਨੂੰ ਰੱਖਣ ਲਈ ਵਰਤੇ ਜਾ ਰਹੇ ਹਨ, ਉਹ ਬੰਦ ਕੀਤੇ ਜਾ ਸਕਦੇ ਹਨ। "ਰਿਸਟੋਰਿੰਗ ਇੰਟੇਗਰੀਟੀ ਟੂ ਅਮਰੀਕਾਜ਼ ਫਾਈਨਾਂਸ਼ੀਅਲ ਸਿਸਟਮ" ਨਾਮਕ ਇਹ ਆਰਡਰ 19 ਮਈ ਨੂੰ ਸਾਈਨ ਕੀਤਾ ਗਿਆ ਸੀ। ਇਸ ਨੂੰ ਲਾਗੂ ਕਰਨ ਲਈ ਅਮਰੀਕੀ ਖ਼ਜ਼ਾਨਾ ਵਿਭਾਗ (ਖਜ਼ਾਨਾ ਵਿਭਾਗ), ਫੈਡਰਲ ਰਿਜ਼ਰਵ, ਐੱਫ.ਡੀ.ਆਈ.ਸੀ. ਅਤੇ ਮੁਦਰਾ ਕੰਟਰੋਲਰ ਦਾ ਦਫ਼ਤਰ ਮਿਲ ਕੇ ਕੰਮ ਕਰਨਗੇ।

ਨਵੇਂ ਹੁਕਮ ਅਨੁਸਾਰ ਅਗਲੇ 60 ਦਿਨਾਂ ਵਿਚ ਫੈਡਰਲ ਰੈਗੂਲੇਟਰ ਅਜਿਹੇ "ਰੈੱਡ ਫਲੈਗਸ" ਜਾਰੀ ਕਰਨਗੇ, ਜਿਨ੍ਹਾਂ ਦੇ ਆਧਾਰ 'ਤੇ ਸ਼ੱਕੀ ਵਿੱਤੀ ਗਤੀਵਿਧੀਆਂ ਦੀ ਪਛਾਣ ਕੀਤੀ ਜਾਵੇਗੀ। ਇਨ੍ਹਾਂ ਵਿਚ ਸੋਸ਼ਲ ਸਕਿਓਰਿਟੀ ਨੰਬਰ ਦੀ ਥਾਂ ITIN (ਇੰਡੀਵਿਜ਼ੂਅਲ ਟੈਕਸਪੇਅਰ ਆਈਡੈਂਟੀਫਿਕੇਸ਼ਨ ਨੰਬਰ) ਦੀ ਵਰਤੋਂ, ਵਾਰ-ਵਾਰ ਵੱਡੀ ਨਕਦੀ ਕਢਵਾਉਣਾ, ਸ਼ੈੱਲ ਕੰਪਨੀਆਂ ਦੀ ਵਰਤੋਂ ਅਤੇ ਗੈਰ-ਰਸਮੀ ਤਨਖਾਹ ਭੁਗਤਾਨ ਵਰਗੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਮਨੀ ਲਾਂਡਰਿੰਗ, ਅੱਤਵਾਦੀ ਫੰਡਿੰਗ, ਨਸ਼ਾ ਤਸਕਰੀ ਅਤੇ ਧੋਖਾਧੜੀ ਨੂੰ ਰੋਕਣ ਲਈ ਲਿਆ ਗਿਆ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਦੀ ਵਿੱਤੀ ਪ੍ਰਣਾਲੀ ਦੀ ਵਰਤੋਂ ਸਿਰਫ਼ ਉਨ੍ਹਾਂ ਲੋਕਾਂ ਨੂੰ ਕਰਨੀ ਚਾਹੀਦੀ ਹੈ, ਜਿਨ੍ਹਾਂ ਨੂੰ ਦੇਸ਼ ਵਿਚ ਰਹਿਣ ਦਾ ਕਾਨੂੰਨੀ ਅਧਿਕਾਰ ਹੈ ਅਤੇ ਜੋ ਕਾਨੂੰਨੀ ਵਪਾਰਕ ਗਤੀਵਿਧੀਆਂ ਵਿਚ ਸ਼ਾਮਲ ਹਨ।

# ਔਰਤ ਨਾਲ ਵਧੀਕੀ ਕਰਨ ਦੇ ਮਾਮਲੇ 'ਚ ਪੁਲਿਸ ਅਫਸਰ ਬਰਖਾਸਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਉੱਤਰੀ ਕੈਰੋਲੀਨਾ ਦੇ ਸ਼ੈਲਬੀ ਵਿਚ ਇੱਕ ਪੁਲਿਸ ਅਧਿਕਾਰੀ ਨੂੰ ਬਰਖਾਸਤ ਕਰ ਦਿੱਤਾ ਗਿਆ। ਇਹ ਕਾਰਵਾਈ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਕੀਤੀ ਗਈ ਹੈ, ਜਿਸ ਵਿਚ ਉਹ ਇੱਕ ਕਾਲੀ ਔਰਤ ਨੂੰ ਜ਼ਮੀਨ 'ਤੇ ਸੁੱਟ ਕੇ ਉਸ ਦੇ ਵਾਰ-ਵਾਰ ਮੁੱਕੇ ਮਾਰਦਾ ਹੋਇਆ ਨਜ਼ਰ ਆ ਰਿਹਾ ਹੈ। ਇਸ ਵੀਡੀਓ ਤੋਂ ਬਾਅਦ ਸ਼ੈਲਬੀ ਵਿਚ ਵਿਰੋਧ ਪ੍ਰਦਰਸ਼ਨ ਹੋਏ ਅਤੇ ਅਧਿਕਾਰੀ ਦੀ ਬਰਖਾਸਤਗੀ ਦੀ ਮੰਗ ਕੀਤੀ। ਪੁਲਿਸ ਅਫਸਰ ਜਿਸ ਦਾ ਨਾਂ ਜਨਤਕ ਨਹੀਂ ਕੀਤਾ ਗਿਆ ਹੈ, ਨੂੰ ਸ਼ੈਲਬੀ ਪੁਲਿਸ ਮੁਖੀ ਬ੍ਰੈਡ ਫਰੇਜ਼ਰ ਦੇ ਅਨੁਸਾਰ, ਇੱਕ ਪ੍ਰਸ਼ਾਸਕੀ ਜਾਂਚ ਤੋਂ ਬਾਅਦ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

# ਫੈਡਰਲ ਜੱਜ ਵੱਲੋਂ 12 ਜੂਨ ਤੱਕ ਕੈਨੇਡੀ ਸੈਂਟਰ ਤੋਂ ਟਰੰਪ ਦਾ ਨਾਮ ਹਟਾਏ ਜਾਣ ਦਾ ਹੁਕਮ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਹੁਕਮ ਦਿੱਤਾ ਹੈ ਕਿ ਜੌਨ ਐੱਫ. ਕੈਨੇਡੀ ਸੈਂਟਰ ਫਾਰ ਦ ਪਰਫਾਰਮਿੰਗ ਆਰਟਸ ਤੋਂ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਮ 12 ਜੂਨ ਤੱਕ ਹਟਾਇਆ ਜਾਵੇ। ਅਦਾਲਤ ਨੇ ਕਿਹਾ ਕਿ ਕੈਨੇਡੀ ਸੈਂਟਰ ਦਾ ਨਾਮ ਬਦਲਣ ਦਾ ਅਧਿਕਾਰ ਸਿਰਫ਼ ਅਮਰੀਕੀ ਕਾਂਗਰਸ ਕੋਲ ਹੈ, ਕਿਸੇ ਬੋਰਡ ਜਾਂ ਪ੍ਰਸ਼ਾਸਨ ਕੋਲ ਨਹੀਂ।

ਅਮਰੀਕੀ ਡਿਸਟ੍ਰਿਕਟ ਜੱਜ ਕ੍ਰਿਸਟੋਫਰ ਕੂਪਰ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕਾਂਗਰਸ ਨੇ ਇਸ ਸੰਸਥਾ ਨੂੰ ਸਾਬਕਾ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਦੇ ਸਨਮਾਨ ਵਿਚ ਨਾਮ ਦਿੱਤਾ ਸੀ ਅਤੇ ਇਸ ਨੂੰ ਬਦਲਣ ਲਈ ਵੀ ਕਾਂਗਰਸ ਦੀ ਮਨਜ਼ੂਰੀ ਲਾਜ਼ਮੀ ਹੈ। ਫੈਸਲੇ ਤੋਂ ਬਾਅਦ ਕੈਨੇਡੀ ਸੈਂਟਰ ਪ੍ਰਬੰਧਨ ਨੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸਾਰੇ ਈਮੇਲ ਦਸਤਖ਼ਤ, ਲੈਟਰਹੈੱਡ, ਵੈੱਬਸਾਈਟ, ਡਿਜ਼ੀਟਲ ਰਿਕਾਰਡ ਅਤੇ ਇਮਾਰਤ 'ਤੇ ਲੱਗੇ ਸਾਈਨਬੋਰਡਾਂ ਤੋਂ ਟਰੰਪ ਦਾ ਨਾਮ ਹਟਾ ਕੇ ਮੁੜ "ਦ ਜੌਨ ਐੱਫ. ਕੈਨੇਡੀ ਸੈਂਟਰ ਫਾਰ ਦ ਪਰਫਾਰਮਿੰਗ ਆਰਟਸ" ਲਿਖਿਆ ਜਾਵੇ। ਇਹ ਕੰਮ 12 ਜੂਨ ਤੱਕ ਪੂਰਾ ਕਰਨ ਲਈ ਕਿਹਾ ਗਿਆ ਹੈ। ਅਦਾਲਤ ਨੇ ਸਿਰਫ਼ ਨਾਮ ਹਟਾਉਣ ਦਾ ਹੀ ਹੁਕਮ ਨਹੀਂ ਦਿੱਤਾ, ਸਗੋਂ ਟਰੰਪ ਪ੍ਰਸ਼ਾਸਨ ਦੀ ਉਸ ਯੋਜਨਾ 'ਤੇ ਵੀ ਰੋਕ ਲਗਾ ਦਿੱਤੀ ਹੈ, ਜਿਸ ਤਹਿਤ ਕੈਨੇਡੀ ਸੈਂਟਰ ਨੂੰ ਦੋ ਸਾਲ ਲਈ ਬੰਦ ਕਰਕੇ ਵੱਡੇ ਪੱਧਰ 'ਤੇ ਮੁਰੰਮਤ ਅਤੇ ਨਵੀਨੀਕਰਨ ਕੀਤਾ ਜਾਣਾ ਸੀ। ਇਹ ਮਾਮਲਾ ਉਸ ਵੇਲੇ ਸ਼ੁਰੂ ਹੋਇਆ ਸੀ, ਜਦੋਂ ਕਾਂਗਰਸ ਮੈਂਬਰ ਜੋਇਸ ਬੀਟੀ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਸੀ ਕਿ ਕੈਨੇਡੀ ਸੈਂਟਰ ਦਾ ਨਾਮ ਬਦਲਣਾ ਕਾਨੂੰਨ ਦੇ ਉਲਟ ਹੈ।

# ਟੀ.ਐੱਸ.ਏ. ਸੁਰੱਖਿਆ ਜਾਂਚ ਦੌਰਾਨ ਮੋਬਾਈਲ ਫੋਨ ਚੋਰੀ ਹੋਣ ਦਾ ਖਤਰਾ!

**ਸੁਰੱਖਿਆ ਮਾਹਿਰ ਵੱਲੋਂ ਯਾਤਰੀਆਂ ਲਈ ਚਿਤਾਵਨੀ ਜਾਰੀ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਹਵਾਈ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇੱਕ ਸੁਰੱਖਿਆ ਮਾਹਿਰ ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਟੀ.ਐੱਸ.ਏ. ਸੁਰੱਖਿਆ ਜਾਂਚ ਦੌਰਾਨ ਮੋਬਾਈਲ ਫੋਨ, ਪਾਸਪੋਰਟ ਅਤੇ ਹੋਰ ਕੀਮਤੀ ਸਮਾਨ ਨੂੰ ਖੁੱਲ੍ਹੇ ਤੌਰ 'ਤੇ ਸਕੈਨਿੰਗ ਟਰੇ ਵਿਚ ਰੱਖਣਾ ਖ਼ਤਰਨਾਕ ਹੋ ਸਕਦਾ ਹੈ। ਮਾਹਿਰਾਂ ਦੇ ਅਨੁਸਾਰ ਟੀ.ਐੱਸ.ਏ. ਚੈਕਪੁਆਇੰਟ 'ਤੇ ਸਭ ਤੋਂ ਵੱਧ ਖ਼ਤਰਾ ਉਸ ਵੇਲੇ ਹੁੰਦਾ ਹੈ, ਜਦੋਂ ਯਾਤਰੀ ਆਪਣਾ ਫੋਨ ਜਾਂ ਬਟੂਆ ਵੱਖਰੀ ਟਰੇ ਵਿਚ ਰੱਖ ਕੇ ਸੁਰੱਖਿਆ ਸਕੈਨ ਤੋਂ ਲੰਘਦੇ ਹਨ। ਭੀੜ ਅਤੇ ਹੜਬੜਾਹਟ ਦੌਰਾਨ ਇਹ ਸਮਾਨ ਚੋਰੀ ਹੋ ਸਕਦਾ ਹੈ ਜਾਂ ਗੁੰਮ ਹੋ ਸਕਦਾ ਹੈ।

ਸੁਰੱਖਿਆ ਮਾਹਿਰਾਂ ਦੀ ਸਲਾਹ ਹੈ ਕਿ ਮੋਬਾਈਲ ਫੋਨ, ਪਾਸਪੋਰਟ, ਬਟੂਆ ਅਤੇ ਹੋਰ ਕੀਮਤੀ ਚੀਜ਼ਾਂ ਨੂੰ ਸਿੱਧਾ ਟਰੇ ਵਿਚ ਰੱਖਣ ਦੀ ਬਜਾਏ ਆਪਣੇ ਕੈਰੀ-ਆਨ ਬੈਗ ਦੇ ਜ਼ਿੱਪ ਵਾਲੇ ਹਿੱਸੇ ਵਿਚ ਰੱਖ ਕੇ ਸਕੈਨ ਕਰਵਾਇਆ ਜਾਵੇ। ਇਸ ਨਾਲ ਚੋਰੀ ਜਾਂ ਗੁੰਮ ਹੋਣ ਦੀ ਸੰਭਾਵਨਾ ਕਾਫ਼ੀ ਘੱਟ ਹੋ ਜਾਂਦੀ ਹੈ।

ਮਾਹਿਰਾਂ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਹਵਾਈ ਅੱਡਿਆਂ 'ਤੇ ਜਨਤਕ ਯੂ.ਐੱਸ.ਬੀ. ਚਾਰਜਿੰਗ ਪੋਰਟਾਂ ਅਤੇ ਮੁਫ਼ਤ ਵਾਈ-ਫਾਈ ਨੈੱਟਵਰਕ ਦੀ ਵਰਤੋਂ ਕਰਦੇ ਸਮੇਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਸਾਈਬਰ ਅਪਰਾਧੀ ਨਕਲੀ ਚਾਰਜਿੰਗ ਪੋਰਟਾਂ ਜਾਂ ਫਰਜ਼ੀ ਵਾਈ-ਫਾਈ ਨੈੱਟਵਰਕ ਰਾਹੀਂ ਯਾਤਰੀਆਂ ਦੀ ਨਿੱਜੀ ਜਾਣਕਾਰੀ ਚੋਰੀ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

# ਲੈਫਟੀਨੈਂਟ ਕਰਨਲ ਸਿਮਰਤਪਾਲ ਸਿੰਘ ਰਿਕਵਰੀ ਫੀਲਡ ਦਫਤਰ ਦੇ ਮੁਖੀ ਨਿਯੁਕਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਯੂ.ਐੱਸ. ਆਰਮੀ ਕੋਰ ਆਫ਼ ਇੰਜੀਨੀਅਰਜ਼ (ਯੂ.ਐੱਸ.ਏ.ਸੀ.ਈ.) ਨੇ ਆਪਣੇ ਸਿੰਲਾਕੂ ਰਿਕਵਰੀ ਫੀਲਡ ਦਫ਼ਤਰ ਦੇ ਮੁਖੀ ਵਜੋਂ ਲੈਫਟੀਨੈਂਟ ਕਰਨਲ ਸਿਮਰਤਪਾਲ ਸਿੰਘ ਨੂੰ ਨਿਯੁਕਤ ਕੀਤਾ ਹੈ। ਸਿਮਰਤਪਾਲ ਸਿੰਘ ਇਸ ਸਮੇਂ ਯੂ.ਐੱਸ.ਏ.ਸੀ.ਈ. ਦੇ ਜਾਪਾਨ ਜ਼ਿਲ੍ਹੇ ਦੇ ਡਿਪਟੀ ਕਮਾਂਡਰ ਵਜੋਂ ਸੇਵਾ ਨਿਭਾ ਰਹੇ ਹਨ। ਆਪਣੇ ਕਰੀਅਰ ਦੇ ਸ਼ੁਰੂ ਵਿਚ, ਉਸ ਨੇ 249ਵੀਂ ਇੰਜੀਨੀਅਰ ਬਟਾਲੀਅਨ ਵਿਚ ਸੇਵਾ ਨਿਭਾਈ। ਆਪਣੀ ਨਿਯੁਕਤੀ ਉਪਰੰਤ ਉਸ ਨੇ ਕਿਹਾ, "ਇਸ ਰਿਕਵਰੀ ਮਿਸ਼ਨ ਵਿਚ ਸ਼ਾਮਲ ਹੋਣਾ ਇੱਕ ਸਨਮਾਨ ਦੀ ਗੱਲ ਹੈ। ਸਾਡੀ ਟੀਮ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਲੋਕਾਂ ਲਈ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਪ੍ਰਤੀ ਵਚਨਬੱਧ ਹੈ।" ਉਹ ਕਮਾਂਡਰ ਲੈਫਟੀਨੈਂਟ ਕਰਨਲ ਐਡਰੀਅਨ ਬਿਗਰਸਟਾਫ ਦੀ ਜਗ੍ਹਾ ਲੈਣਗੇ।




*ਨਿਯੁਕਤੀ ਉਪਰੰਤ ਸਿਮਰਤਪਾਲ ਸਿੰਘ ਨੂੰ ਵਧਾਈ ਦਿੰਦਾ ਹੋਇਆ ਇਕ ਅਧਿਕਾਰੀ।*

# ਅਮਰੀਕੀ ਸੈਨੇਟ ਵੱਲੋਂ 70 ਅਰਬ ਦਾ ਇਮੀਗ੍ਰੇਸ਼ਨ ਬਿੱਲ ਪਾਸ

**ਸੈਟਲਮੈਂਟ ਫੰਡ 'ਤੇ ਰੋਕ ਲਾਉਣ ਦੀਆਂ ਕੋਸ਼ਿਸ਼ਾਂ ਨਾਕਾਮ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਲਾਗੂਕਰਨ ਏਜੰਸੀਆਂ ਨੂੰ ਫੰਡ ਦੇਣ ਲਈ 70 ਅਰਬ ਡਾਲਰ ਦਾ ਕਾਨੂੰਨ ਪਾਸ ਕਰ ਦਿੱਤਾ ਹੈ। ਕਈ ਹਫ਼ਤਿਆਂ ਦੀ ਦੇਰੀ ਅਤੇ 1.776 ਅਰਬ ਡਾਲਰ ਦੇ ਵਿਵਾਦਤ 'ਸੈਟਲਮੈਂਟ ਫੰਡ' 'ਤੇ ਤਿੱਖੀ ਬਹਿਸ ਤੋਂ ਬਾਅਦ, ਸੈਨੇਟਰਾਂ ਨੇ ਇਸ ਬਿੱਲ ਦੇ ਹੱਕ ਵਿਚ 52-47 ਨਾਲ ਵੋਟ ਪਾਈ। ਇਹ ਬਿੱਲ ਅਗਲੇ ਤਿੰਨ ਸਾਲਾਂ ਲਈ, ਯਾਨੀ ਟਰੰਪ ਦੇ ਕਾਰਜਕਾਲ ਦੇ ਅੰਤ ਤੱਕ, ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਅਤੇ ਬਾਰਡਰ ਪੈਟਰੋਲ ਨੂੰ ਫੰਡ ਮੁਹੱਈਆ ਕਰਵਾਏਗਾ।

ਇਸ ਬਿੱਲ ਦੇ ਪਾਸ ਹੋਣ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਉਹ ਸੈਟਲਮੈਂਟ ਫੰਡ ਸੀ, ਜੋ ਟਰੰਪ ਦੇ ਟੈਕਸ ਰਿਟਰਨ ਲੀਕ ਹੋਣ ਦੇ ਮਾਮਲੇ ਵਿਚ ਆਈ.ਆਰ.ਐੱਸ. ਵਿਰੁੱਧ ਕੀਤੇ ਗਏ ਮੁਕੱਦਮੇ ਦੇ ਨਿਪਟਾਰੇ ਦਾ ਹਿੱਸਾ ਹੈ। ਰਿਪਬਲਿਕਨਾਂ ਨੇ ਇਸ ਫੰਡ 'ਤੇ ਸਥਾਈ ਤੌਰ 'ਤੇ ਪਾਬੰਦੀ ਲਗਾਉਣ ਦੀਆਂ ਕਈ ਕੋਸ਼ਿਸ਼ਾਂ ਨੂੰ ਅਸਫਲ ਕਰ ਦਿੱਤਾ। ਸੈਨੇਟ ਦੇ ਬਹੁਮਤ ਦੇ ਨੇਤਾ ਜੌਨ ਥੂਨ ਨੇ ਕਿਹਾ ਕਿ ਜੇਕਰ ਇਸ ਫੰਡ ਨਾਲ ਜੁੜੇ ਮੁੱਦਿਆਂ 'ਤੇ ਬਹਿਸ ਨਾ ਹੁੰਦੀ, ਤਾਂ ਇਹ ਬਿੱਲ ਕਈ ਘੰਟੇ ਪਹਿਲਾਂ ਪਾਸ ਹੋ ਸਕਦਾ ਸੀ।

ਵੋਟਿੰਗ ਦੌਰਾਨ ਕਈ ਅਹਿਮ ਸੋਧਾਂ ਰੱਦ ਕਰ ਦਿੱਤੀਆਂ ਗਈਆਂ। ਲੂਸੀਆਨਾ ਦੇ ਸੈਨੇਟਰ ਬਿਲ ਕੈਸੀਡੀ ਦੀ ਇੱਕ ਸੋਧ ਨੂੰ ਰੱਦ ਕਰ ਦਿੱਤਾ, ਜਿਸ ਵਿਚ ਸੈਟਲਮੈਂਟ ਫੰਡ ਦੇ ਪੈਸੇ 6 ਜਨਵਰੀ, 2021 ਨੂੰ ਕੈਪੀਟਲ ਹਿੱਲ 'ਤੇ ਹੋਏ ਹਮਲੇ ਵਿਚ ਜ਼ਖਮੀ ਹੋਏ ਪੁਲਿਸ ਕਰਮਚਾਰੀਆਂ ਨੂੰ ਦੇਣ ਦੀ ਤਜਵੀਜ਼ ਸੀ।

# DHS ਵੱਲੋਂ ਕ੍ਰਿਸਟੀ ਨੋਇਮ ਦੇ ਸਮੇਂ ਸ਼ੁਰੂ ਹੋਏ ਜ਼ਿਆਦਾਤਰ ਠੇਕੇ ਰੱਦ

**ਨਵੀਂ ਲੀਡਰਸ਼ਿਪ ਨੇ ਕੀਤੀ ਸਮੀਖਿਆ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਸਾਬਕਾ ਸਕੱਤਰ ਕ੍ਰਿਸਟੀ ਨੋਇਮ ਦੇ ਕਾਰਜਕਾਲ ਦੌਰਾਨ ਸ਼ੁਰੂ ਕੀਤੇ ਗਏ ਜ਼ਿਆਦਾਤਰ ਲੰਬਿਤ ਠੇਕਿਆਂ ਨੂੰ ਰੱਦ ਕਰ ਦਿੱਤਾ ਹੈ। ਇਹ ਜਾਣਕਾਰੀ ਮੌਜੂਦਾ ਡੀ.ਐੱਚ.ਐੱਸ. ਸਕੱਤਰ ਮਾਰਕਵੇਨ ਮੁਲਿਨ ਨੇ ਅਮਰੀਕੀ ਹਾਊਸ ਹੋਮਲੈਂਡ ਸਕਿਓਰਿਟੀ ਕਮੇਟੀ ਦੀ ਸੁਣਵਾਈ ਦੌਰਾਨ ਦਿੱਤੀ।



ਮੁਲਿਨ ਨੇ ਕਿਹਾ ਕਿ ਜਿਨ੍ਹਾਂ ਠੇਕਿਆਂ 'ਤੇ ਅਜੇ ਅੰਤਿਮ ਦਸਤਖ਼ਤ ਨਹੀਂ ਹੋਏ ਸਨ, ਉਨ੍ਹਾਂ ਦੀ ਸਮੀਖਿਆ ਕੀਤੀ ਗਈ ਅਤੇ ਬਹੁਤੇ ਠੇਕੇ ਰੱਦ ਕਰ ਦਿੱਤੇ ਗਏ। ਉਨ੍ਹਾਂ ਦੇ ਅਨੁਸਾਰ ਇਹ ਕਦਮ ਟੈਕਸਦਾਤਾਵਾਂ ਦੇ ਪੈਸੇ ਦੀ ਬਿਹਤਰ ਵਰਤੋਂ ਅਤੇ ਠੇਕਾ ਪ੍ਰਕਿਰਿਆ ਵਿਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

ਯਾਦ ਰਹੇ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਾਰਚ ਮਹੀਨੇ ਵਿਚ ਕ੍ਰਿਸਟੀ ਨੋਇਮ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਸਮੇਂ ਕਾਂਗਰਸ ਦੇ ਮੈਂਬਰਾਂ, ਜਿਨ੍ਹਾਂ ਵਿਚ ਕੁਝ ਰਿਪਬਲਿਕਨ ਵੀ ਸ਼ਾਮਲ ਸਨ, ਨੇ ਡੀ.ਐੱਚ.ਐੱਸ. ਵੱਲੋਂ ਸਧਾਰਣ ਪ੍ਰਕਿਰਿਆ ਤੋਂ ਬਾਹਰ ਦਿੱਤੇ ਗਏ ਵੱਡੇ ਠੇਕਿਆਂ 'ਤੇ ਸਵਾਲ ਖੜ੍ਹੇ ਕੀਤੇ ਸਨ।

ਨੋਇਮ ਨੂੰ ਖ਼ਾਸ ਤੌਰ 'ਤੇ 220 ਮਿਲੀਅਨ ਡਾਲਰ ਦੀ ਇੱਕ ਵਿਗਿਆਪਨ ਮੁਹਿੰਮ ਸਬੰਧੀ ਕਾਂਗਰਸ ਅੱਗੇ ਜਵਾਬ ਦੇਣਾ ਪਿਆ ਸੀ। ਇਹ ਮੁਹਿੰਮ ਰਿਪਬਲਿਕਨ ਪਾਰਟੀ ਨਾਲ ਸੰਬੰਧਿਤ ਕੁਝ ਫਰਮਾਂ ਨੂੰ ਦਿੱਤੀ ਗਈ ਸੀ। ਉਸ ਵੇਲੇ ਨੋਇਮ ਨੇ ਆਪਣੇ ਬਚਾਅ ਵਿਚ ਕਿਹਾ ਸੀ ਕਿ ਠੇਕਾ ਪੂਰੀ ਤਰ੍ਹਾਂ ਮੁਕਾਬਲਾਤਮਕ ਪ੍ਰਕਿਰਿਆ ਰਾਹੀਂ ਦਿੱਤਾ ਗਿਆ ਸੀ ਅਤੇ ਇਸ ਵਿਚ ਕਿਸੇ ਰਾਜਨੀਤਿਕ ਨਿਯੁਕਤ ਅਧਿਕਾਰੀ ਦੀ ਦਖ਼ਲਅੰਦਾਜ਼ੀ ਨਹੀਂ ਸੀ।

ਮੌਜੂਦਾ ਸਮੇਂ ਨੋਇਮ ਵਿਦੇਸ਼ ਮੰਤਰਾਲੇ ਦੇ "ਸ਼ੀਲਡ ਆਫ ਦ ਅਮੈਰੀਕਾਜ਼" ਪ੍ਰੋਗਰਾਮ ਵਿਚ ਵਿਸ਼ੇਸ਼ ਦੂਤ ਵਜੋਂ ਕੰਮ ਕਰ ਰਹੀ ਹੈ, ਜਿਸ ਦਾ ਮਕਸਦ ਅੰਤਰਰਾਸ਼ਟਰੀ ਅਪਰਾਧਿਕ ਗਿਰੋਹਾਂ ਦੇ ਖ਼ਿਲਾਫ਼ ਸਹਿਯੋਗ ਵਧਾਉਣਾ ਹੈ।

ਸੁਣਵਾਈ ਦੌਰਾਨ ਡੀ.ਐੱਚ.ਐੱਸ. ਦੇ ਡਿਪਟੀ ਸਕੱਤਰ ਟ੍ਰੌਏ ਐਡਗਰ ਨੇ ਵੀ ਦੱਸਿਆ ਕਿ ਉਨ੍ਹਾਂ ਅਤੇ ਮੁਲਿਨ ਨੇ ਡੀ.ਐੱਚ.ਐੱਸ. ਦੇ ਇੰਸਪੈਕਟਰ ਜਨਰਲ ਦਫ਼ਤਰ ਨਾਲ ਮੀਟਿੰਗ ਕਰਕੇ ਚੱਲ ਰਹੀਆਂ ਜਾਂਚਾਂ ਅਤੇ ਠੇਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਹੈ। ਹਾਲਾਂਕਿ ਮੁਲਿਨ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਜਾਂਚਾਂ ਦੀ ਵਿਸਥਾਰਿਤ ਜਾਣਕਾਰੀ ਨਹੀਂ ਦਿੱਤੀ ਗਈ।

ਹਾਊਸ ਹੋਮਲੈਂਡ ਸਕਿਓਰਿਟੀ ਕਮੇਟੀ ਦੇ ਸੀਨੀਅਰ ਡੈਮੋਕ੍ਰੈਟ ਮੈਂਬਰ ਬੈਨੀ ਥੌਂਪਸਨ ਨੇ ਕਿਹਾ ਕਿ ਜੇ ਕਿਸੇ ਠੇਕੇ ਵਿਚ ਗਲਤ ਕਾਰਵਾਈ ਹੋਈ ਹੈ, ਤਾਂ ਡੀ.ਐੱਚ.ਐੱਸ. ਅਧਿਕਾਰੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਤੁਰੰਤ ਕਾਰਵਾਈ ਕਰਨ।

ਡੀ.ਐੱਚ.ਐੱਸ. ਦੇ ਬੁਲਾਰੇ ਨੇ ਕਿਹਾ ਕਿ ਸਕੱਤਰ ਮੁਲਿਨ ਨੇ ਠੇਕਾ ਪ੍ਰਕਿਰਿਆ ਦੀ ਮੁੜ ਸਮੀਖਿਆ ਕਰਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਵਿਭਾਗ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦੀ ਸਹੀ ਅਤੇ ਪ੍ਰਭਾਵਸ਼ਾਲੀ ਵਰਤੋਂ ਕਰੇ।

# ਟਰੰਪ ਵੱਲੋਂ ਇਰਾਨ ਮੁੱਦੇ 'ਤੇ ਹਾਊਸ ਦਾ ਫ਼ੈਸਲੇ "ਗੈਰ-ਦੇਸ਼ਭਗਤੀ" ਕਰਾਰ

**ਕਾਂਗਰਸ ਨਾਲ ਟਕਰਾਅ ਹੋਇਆ ਤੇਜ਼**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨਾਲ ਚੱਲ ਰਹੇ ਟਕਰਾਅ ਦੌਰਾਨ ਅਮਰੀਕੀ ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਵੱਲੋਂ ਪਾਸ ਕੀਤੇ ਗਏ ਪ੍ਰਸਤਾਵ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਇਸਨੂੰ "ਗੈਰ-ਦੇਸ਼ਭਗਤੀ" ਕਰਾਰ ਦਿੱਤਾ ਹੈ। ਹਾਊਸ ਨੇ 215-208 ਵੋਟਾਂ ਨਾਲ ਇੱਕ ਵਾਰ ਪਾਵਰਜ਼ ਰੈਜ਼ੋਲੂਸ਼ਨ ਪਾਸ ਕਰਕੇ ਰਾਸ਼ਟਰਪਤੀ ਦੇ ਇਰਾਨ ਖ਼ਿਲਾਫ਼ ਫੌਜੀ ਕਾਰਵਾਈ ਦੇ ਅਧਿਕਾਰਾਂ 'ਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਪ੍ਰਸਤਾਵ ਨੂੰ ਪਾਸ ਕਰਵਾਉਣ ਲਈ ਚਾਰ ਰਿਪਬਲਿਕਨ ਮੈਂਬਰਾਂ ਨੇ ਵੀ ਡੈਮੋਕ੍ਰੈਟਸ ਦਾ ਸਾਥ ਦਿੱਤਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਜਦੋਂ ਉਨ੍ਹਾਂ ਦੀ ਸਰਕਾਰ ਇਰਾਨ ਨਾਲ ਜੰਗ ਖਤਮ ਕਰਨ ਲਈ ਅਹਿਮ ਗੱਲਬਾਤ ਕਰ ਰਹੀ ਹੈ, ਉਸ ਵੇਲੇ ਕਾਂਗਰਸ ਦਾ ਇਹ ਕਦਮ ਅਮਰੀਕੀ ਹਿਤਾਂ ਦੇ ਵਿਰੁੱਧ ਹੈ। ਉਨ੍ਹਾਂ ਨੇ ਇਸ ਵੋਟਿੰਗ ਨੂੰ "ਬੇਮਤਲਬ" ਦੱਸਦੇ ਹੋਏ ਕਿਹਾ ਕਿ ਕੁਝ ਰਿਪਬਲਿਕਨ ਮੈਂਬਰਾਂ ਨੇ ਵੀ ਡੈਮੋਕ੍ਰੈਟਸ ਨਾਲ ਮਿਲ ਕੇ ਗਲਤ ਸੰਦੇਸ਼ ਦਿੱਤਾ ਹੈ। ਦੂਜੇ ਪਾਸੇ, ਪ੍ਰਸਤਾਵ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਅਮਰੀਕੀ ਸੰਵਿਧਾਨ ਅਨੁਸਾਰ ਜੰਗ ਦਾ ਐਲਾਨ ਕਰਨ ਜਾਂ ਲੰਬੇ ਸਮੇਂ ਦੀ ਫੌਜੀ ਕਾਰਵਾਈ ਨੂੰ ਮਨਜ਼ੂਰੀ ਦੇਣ ਦਾ ਅਧਿਕਾਰ ਕਾਂਗਰਸ ਕੋਲ ਹੈ, ਨਾ ਕਿ ਸਿਰਫ਼ ਰਾਸ਼ਟਰਪਤੀ ਕੋਲ। ਉਨ੍ਹਾਂ ਦਾ ਦਲੀਲ ਹੈ ਕਿ ਇਰਾਨ ਨਾਲ ਚੱਲ ਰਹੇ ਸੰਘਰਸ਼ ਲਈ ਕਾਂਗਰਸ ਦੀ ਸਪੱਸ਼ਟ ਮਨਜ਼ੂਰੀ ਲੈਣੀ ਲਾਜ਼ਮੀ ਹੈ।

ਹਾਲਾਂਕਿ ਇਹ ਪ੍ਰਸਤਾਵ ਹਾਲੇ ਕਾਨੂੰਨ ਨਹੀਂ ਬਣਿਆ। ਇਸਨੂੰ ਸੈਨੇਟ ਤੋਂ ਵੀ ਮਨਜ਼ੂਰੀ ਲੈਣੀ ਪਵੇਗੀ ਅਤੇ ਉਸ ਤੋਂ ਬਾਅਦ ਰਾਸ਼ਟਰਪਤੀ ਦੇ ਦਸਤਖ਼ਤ ਜਾਂ ਵੀਟੋ ਦੀ ਪ੍ਰਕਿਰਿਆ ਹੋਵੇਗੀ। ਫਿਰ ਵੀ ਇਸ ਵੋਟ ਨੂੰ ਟਰੰਪ ਲਈ ਇੱਕ ਵੱਡੇ ਰਾਜਨੀਤਿਕ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੀ ਆਪਣੀ ਪਾਰਟੀ ਦੇ ਕੁਝ ਮੈਂਬਰ ਵੀ ਇਸ ਮਾਮਲੇ 'ਚ ਉਨ੍ਹਾਂ ਦੇ ਵਿਰੁੱਧ ਖੜ੍ਹੇ ਨਜ਼ਰ ਆਏ ਹਨ।

# ਟਰੰਪ ਨੇ TrumpRx ਦਾ ਕੀਤਾ ਵੱਡਾ ਵਿਸਥਾਰ; 160 ਹੋਰ ਦਵਾਈਆਂ ਸ਼ਾਮਲ

■ ਹੁਣ 800 ਤੋਂ ਵੱਧ ਦਵਾਈਆਂ ਰਿਆਇਤੀ ਕੀਮਤਾਂ 'ਤੇ ਉਪਲਬਧ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੇ ਗਏ TrumpRx ਪ੍ਰੋਗਰਾਮ ਵਿਚ ਹੋਰ 160 ਪ੍ਰਿਸਕ੍ਰਿਪਸ਼ਨ ਦਵਾਈਆਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਹੁਣ ਇਸ ਪਲੇਟਫਾਰਮ 'ਤੇ ਉਪਲਬਧ ਦਵਾਈਆਂ ਦੀ ਕੁੱਲ ਗਿਣਤੀ 800 ਤੋਂ ਵੱਧ ਹੋ ਗਈ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕਿਹਾ ਕਿ TrumpRx ਹੁਣ ਅਮਰੀਕੀਆਂ ਵੱਲੋਂ ਭਰੀਆਂ ਜਾਣ ਵਾਲੀਆਂ ਹਰ ਪੰਜ ਵਿਚੋਂ ਲਗਭਗ ਚਾਰ ਪ੍ਰਿਸਕ੍ਰਿਪਸ਼ਨਾਂ ਲਈ ਸਪੱਸ਼ਟ, ਪਾਰਦਰਸ਼ੀ ਅਤੇ ਛੂਟ ਵਾਲੀਆਂ ਕੀਮਤਾਂ ਮੁਹੱਈਆ ਕਰੇਗਾ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਨਾਲ




ਲੋਕਾਂ ਨੂੰ ਮਹਿੰਗੀਆਂ ਦਵਾਈਆਂ ਦੀ ਥਾਂ ਘੱਟ ਕੀਮਤ 'ਤੇ ਇਲਾਜ ਮਿਲ ਸਕੇਗਾ।

TrumpRx ਦੀ ਸ਼ੁਰੂਆਤ ਫਰਵਰੀ 2026 ਵਿਚ 43 ਬ੍ਰਾਂਡਡ ਦਵਾਈਆਂ ਨਾਲ ਕੀਤੀ ਗਈ ਸੀ। ਇਹ ਦਵਾਈਆਂ ਦਮਾ, ਮੋਟਾਪਾ, ਬਾਂਝਪਨ ਅਤੇ ਹੋਰ ਕਈ ਆਮ ਬਿਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹਨ। ਹੁਣ ਪਲੇਟਫਾਰਮ 'ਤੇ ਦੋ ਵੱਖ-ਵੱਖ ਸੂਚੀਆਂ ਹਨ — ਇੱਕ ਬ੍ਰਾਂਡਡ ਦਵਾਈਆਂ ਲਈ, ਜਿਸ ਨੂੰ "ਪ੍ਰੈਜ਼ੀਡੈਂਸ਼ੀਅਲ ਡੀਲਜ਼" ਕਿਹਾ ਜਾਂਦਾ ਹੈ, ਅਤੇ ਦੂਜੀ ਜੈਨਰਿਕ ਦਵਾਈਆਂ ਲਈ, ਜਿਸ ਨੂੰ "ਮਿਆਰੀ ਕੀਮਤਾਂ" ਦਾ ਨਾਮ ਦਿੱਤਾ ਗਿਆ ਹੈ।

ਇਹ ਯੋਜਨਾ ਟਰੰਪ ਦੀ "ਮੋਸਟ ਫੇਵਰਡ ਨੇਸ਼ਨ (ਐੱਮ.ਐੱਫ.ਐੱਨ.)" ਨੀਤੀ ਨਾਲ ਜੁੜੀ ਹੋਈ ਹੈ। ਇਸ ਨੀਤੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕੀ ਮਰੀਜ਼ਾਂ ਤੋਂ ਕਿਸੇ ਦਵਾਈ ਲਈ ਉਨ੍ਹਾਂ ਵਿਕਸਿਤ ਦੇਸ਼ਾਂ ਨਾਲੋਂ ਵੱਧ ਕੀਮਤ ਨਾ ਵਸੂਲੀ ਜਾਵੇ, ਜਿੱਥੇ ਉਹੀ ਦਵਾਈ ਸਭ ਤੋਂ ਘੱਟ ਕੀਮਤ 'ਤੇ ਵੇਚੀ ਜਾਂਦੀ ਹੈ।

ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਮੁਖੀ ਰੌਬਰਟ ਐੱਫ. ਕੈਨੇਡੀ ਜੂਨੀਅਰ ਪਹਿਲਾਂ ਕਹਿ ਚੁੱਕੇ ਹਨ ਕਿ ਅਮਰੀਕੀ ਮਰੀਜ਼ ਕਈ ਦਵਾਈਆਂ ਲਈ ਹੋਰ ਦੇਸ਼ਾਂ ਦੇ ਮੁਕਾਬਲੇ ਦੋ ਤੋਂ ਚਾਰ ਗੁਣਾ ਵੱਧ ਭੁਗਤਾਨ ਕਰ ਰਹੇ ਸਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ TrumpRx ਇਸ ਅਸਮਾਨਤਾ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ TrumpRx ਅਤੇ ਐੱਮ.ਐੱਫ.ਐੱਨ. ਨੀਤੀ ਦੇ ਲਾਗੂ ਹੋਣ ਤੋਂ ਬਾਅਦ ਅਮਰੀਕੀ ਲੋਕਾਂ ਦੀਆਂ ਦਵਾਈਆਂ 'ਤੇ 400 ਮਿਲੀਅਨ ਡਾਲਰ ਤੋਂ ਵੱਧ ਦੀ ਬਚਤ ਹੋ ਚੁੱਕੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀਆਂ ਟੈਰਿਫ ਨੀਤੀਆਂ ਨੇ ਹੋਰ ਦੇਸ਼ਾਂ ਅਤੇ ਦਵਾਈ ਕੰਪਨੀਆਂ 'ਤੇ ਦਬਾਅ ਬਣਾਇਆ ਹੈ, ਜਿਸ ਕਾਰਨ ਦਵਾਈਆਂ ਦੀਆਂ ਕੀਮਤਾਂ ਘਟਾਉਣ ਵਿਚ ਮਦਦ ਮਿਲੀ ਹੈ।

ਦਿਲਚਸਪ ਗੱਲ ਇਹ ਹੈ ਕਿ ਮਸ਼ਹੂਰ ਅਰਬਪਤੀ ਨਿਵੇਸ਼ਕ ਮਾਰਕ ਕਿਊਬਨ ਵੀ ਇਸ ਯੋਜਨਾ ਨਾਲ ਜੁੜੇ ਹੋਏ ਹਨ। ਉਨ੍ਹਾਂ ਦੀ ਕੰਪਨੀ Cost Plus Drugs TrumpRx ਨਾਲ ਮਿਲ ਕੇ ਕੰਮ ਕਰ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਦਵਾਈਆਂ ਘੱਟ ਕੀਮਤ 'ਤੇ ਲੋਕਾਂ ਤੱਕ ਪਹੁੰਚਾਈਆਂ ਜਾ ਸਕਣ।

ਮਾਰਕ ਕਿਊਬਨ ਨੇ ਕਿਹਾ ਕਿ ਸਸਤੀ ਦਵਾਈਆਂ ਕਿਸੇ ਇੱਕ ਪਾਰਟੀ ਦਾ ਮੁੱਦਾ ਨਹੀਂ, ਸਗੋਂ ਹਰ ਅਮਰੀਕੀ ਦੀ ਲੋੜ ਹੈ। ਉਨ੍ਹਾਂ ਮੁਤਾਬਕ ਰਿਪਬਲਿਕਨ, ਡੈਮੋਕ੍ਰੈਟ ਅਤੇ ਆਜ਼ਾਦ ਵੋਟਰ — ਸਾਰੇ ਹੀ ਘੱਟ ਕੀਮਤ ਵਾਲੀਆਂ ਦਵਾਈਆਂ ਚਾਹੁੰਦੇ ਹਨ।

# SNAP (ਫੂਡ ਸਟੈਂਪ) ਮਾਮਲੇ 'ਚ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ, ਫੈਡਰਲ ਜੱਜ ਨੇ ਲਗਾਈ ਰੋਕ

**ਬੋਸਟਨ, (ਪੰਜਾਬ ਮੇਲ)-** ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਉਸ ਕੋਸ਼ਿਸ਼ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ, ਜਿਸ ਤਹਿਤ ਰਾਜਾਂ ਨੂੰ SNAP (ਸਪਲੀਮੈਂਟਲ ਨਿਊਟ੍ਰੀਸ਼ੀਅਨ ਅਸਿਸਟੈਂਸ ਪ੍ਰੋਗਰਾਮ) ਲਈ ਅਰਬਾਂ ਡਾਲਰ ਦੀ ਫੰਡਿੰਗ ਹਾਸਲ ਕਰਨ ਵਾਸਤੇ ਨਵੀਆਂ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ ਜਾ ਰਿਹਾ ਸੀ।

ਅਮਰੀਕੀ ਜ਼ਿਲ੍ਹਾ ਜੱਜ ਮਯੋਂਗ ਜੋਨ ਨੇ 20 ਡੈਮੋਕ੍ਰੈਟਿਕ ਰਾਜਾਂ ਵੱਲੋਂ ਦਾਇਰ ਮੁਕੱਦਮੇ ਵਿਚ ਰਾਜਾਂ ਦੇ ਹੱਕ ਵਿਚ ਫੈਸਲਾ ਦਿੰਦਿਆਂ ਪ੍ਰਾਰੰਭਿਕ ਇੰਜੰਕਸ਼ਨ ਜਾਰੀ ਕਰ ਦਿੱਤਾ। ਇਸ ਫੈਸਲੇ ਨਾਲ ਟਰੰਪ ਪ੍ਰਸ਼ਾਸਨ ਫਿਲਹਾਲ ਇਹ ਨਵੀਆਂ ਸ਼ਰਤਾਂ ਲਾਗੂ ਨਹੀਂ ਕਰ ਸਕੇਗਾ।

ਟਰੰਪ ਪ੍ਰਸ਼ਾਸਨ ਵੱਲੋਂ SNAP ਫੰਡਿੰਗ ਨਾਲ ਜੋੜੀਆਂ ਗਈਆਂ ਸ਼ਰਤਾਂ ਵਿਚ "ਜੈਂਡਰ ਆਈਡੀਓਲੋਜੀ", "ਇਮੀਗ੍ਰੇਸ਼ਨ" ਅਤੇ ਮਹਿਲਾਵਾਂ ਅਤੇ ਲੜਕੀਆਂ ਲਈ "ਨਿਰਪੱਖ ਖੇਡ ਮੌਕੇ" ਵਰਗੇ ਮੁੱਦੇ ਸ਼ਾਮਲ ਸਨ। ਰਾਜਾਂ ਦਾ ਦਲੀਲ ਸੀ ਕਿ ਖੇਤੀਬਾੜੀ ਵਿਭਾਗ (ਯੂ.ਐੱਸ.ਡੀ.ਏ.) ਕਾਂਗਰਸ ਵੱਲੋਂ ਮਨਜ਼ੂਰ ਕੀਤੇ ਪ੍ਰੋਗਰਾਮਾਂ ਅਤੇ ਰਾਜਾਂ ਦੇ ਵਿਚਕਾਰ ਗੈਰ-ਸੰਵਿਧਾਨਕ ਰੁਕਾਵਟਾਂ ਪੈਦਾ ਕਰ ਰਿਹਾ ਹੈ।

ਮੁਕੱਦਮਾ ਕਰਨ ਵਾਲੇ ਰਾਜਾਂ ਨੇ ਕਿਹਾ ਕਿ ਇਹ ਸ਼ਰਤਾਂ ਨਾ ਸਿਰਫ਼ ਕਾਨੂੰਨੀ ਹੱਦਾਂ ਤੋਂ ਬਾਹਰ ਹਨ, ਸਗੋਂ ਇਹ ਲੱਖਾਂ ਪਰਿਵਾਰਾਂ ਲਈ ਖੁਰਾਕੀ ਸਹਾਇਤਾ, ਖੇਤੀਬਾੜੀ ਖੋਜ ਅਤੇ ਦੇਸ਼ ਦੀ ਭੋਜਨ ਸਪਲਾਈ ਚੇਨ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦੇ ਵਕੀਲਾਂ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਇਹ ਨਵੇਂ ਨਿਯਮ ਟੈਕਸਦਾਤਾਵਾਂ ਦੇ ਪੈਸੇ ਦੀ ਸਹੀ ਵਰਤੋਂ ਯਕੀਨੀ ਬਣਾਉਣ, ਯੂ.ਐੱਸ.ਡੀ.ਏ. ਦੀ ਨਿਗਰਾਨੀ ਮਜ਼ਬੂਤ ਕਰਨ ਅਤੇ ਫੈਡਰਲ ਕਾਨੂੰਨਾਂ ਦੀ ਪਾਲਣਾ ਕਰਵਾਉਣ ਲਈ ਲਾਜ਼ਮੀ ਹਨ।

SNAP ਅਮਰੀਕਾ ਦਾ ਸਭ ਤੋਂ ਵੱਡਾ ਭੋਜਨ ਸਹਾਇਤਾ ਪ੍ਰੋਗਰਾਮ ਹੈ, ਜਿਸ ਰਾਹੀਂ ਲਗਭਗ 3.9 ਕਰੋੜ ਅਮਰੀਕੀ ਆਪਣੀਆਂ ਕਰਿਆਨੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਦਦ ਲੈਂਦੇ ਹਨ। ਇਹ ਅਮਰੀਕਾ ਦੇ ਹਰ 9 ਵਿਚੋਂ ਕਰੀਬ 1 ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ।

ਅਮਰੀਕੀ ਖੇਤੀਬਾੜੀ ਵਿਭਾਗ ਦੇ ਅੰਕੜਿਆਂ ਅਨੁਸਾਰ ਜਨਵਰੀ 2025 ਤੋਂ ਜਨਵਰੀ 2026 ਤੱਕ SNAP ਲਾਭਪਾਤਰੀਆਂ ਦੀ ਗਿਣਤੀ ਵਿਚ ਕਰੀਬ 43 ਲੱਖ ਲੋਕਾਂ ਦੀ ਕਮੀ ਆਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਕਾਂਗਰਸ ਵੱਲੋਂ ਪਾਸ ਕੀਤੇ ਗਏ ਟੈਕਸ ਅਤੇ ਖਰਚ ਕਟੌਤੀ ਬਿੱਲ ਤਹਿਤ ਲਾਗੂ ਕੀਤੀਆਂ ਨਵੀਆਂ ਯੋਗਤਾ ਸ਼ਰਤਾਂ ਇਸ ਕਮੀ ਦਾ ਮੁੱਖ ਕਾਰਨ ਹਨ।

ਇਸ ਫੈਸਲੇ ਨੂੰ ਟਰੰਪ ਪ੍ਰਸ਼ਾਸਨ ਦੀਆਂ ਸਮਾਜਿਕ ਭਲਾਈ ਅਤੇ ਇਮੀਗ੍ਰੇਸ਼ਨ ਨੀਤੀਆਂ ਲਈ ਇੱਕ ਵੱਡਾ ਕਾਨੂੰਨੀ ਝਟਕਾ ਮੰਨਿਆ ਜਾ ਰਿਹਾ ਹੈ। ਹੁਣ ਇਹ ਮਾਮਲਾ ਅਦਾਲਤ ਵਿਚ ਅੱਗੇ ਵੀ ਚੱਲੇਗਾ ਅਤੇ ਅੰਤਿਮ ਫੈਸਲਾ ਆਉਣ ਤੱਕ ਇਹ ਸ਼ਰਤਾਂ ਲਾਗੂ ਨਹੀਂ ਹੋਣਗੀਆਂ।

# ਅਮਰੀਕੀ ਪਾਸਪੋਰਟ ਰਿਨਿਊਅਲ ਹੁਣ 10 ਮਿੰਟਾਂ 'ਚ ਆਨਲਾਈਨ ਅਪਲਾਈ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-**ਅਮਰੀਕੀ ਨਾਗਰਿਕਾਂ ਲਈ ਪਾਸਪੋਰਟ ਰਿਨਿਊ ਕਰਵਾਉਣਾ




ਹੁਣ ਹੋਰ ਆਸਾਨ ਹੋ ਗਿਆ ਹੈ। ਯੂ.ਐੱਸ. ਸਟੇਟ ਡਿਪਾਰਟਮੈਂਟ ਮੁਤਾਬਕ ਯੋਗ ਨਾਗਰਿਕ ਹੁਣ **opr.travel.state.gov** ਰਾਹੀਂ ਆਨਲਾਈਨ ਪਾਸਪੋਰਟ ਰਿਨਿਊ ਕਰ ਸਕਦੇ ਹਨ। ਸਰਕਾਰ ਨੇ ਚੇਤਾਵਨੀ ਦਿੱਤੀ ਹੈ ਕਿ ਆਨਲਾਈਨ ਰਿਨਿਊਅਲ ਲਈ ਇਹੀ ਇਕੱਲੀ ਅਧਿਕਾਰਤ ਵੈੱਬਸਾਈਟ ਹੈ; ਹੋਰ ਸਾਈਟਾਂ ਫ੍ਰਾਡ ਹੋ ਸਕਦੀਆਂ ਹਨ।

ਨਵੇਂ ਸਿਸਟਮ 'ਚ **MyTravelGov** ਅਕਾਊਂਟ ਬਣਾਉਣ ਦੀ ਲੋੜ ਨਹੀਂ। ਅਰਜ਼ੀ ਭਰਨ ਲਈ ਮੌਜੂਦਾ ਪਾਸਪੋਰਟ, ਡਿਜ਼ਿਟਲ

■ਪਰ ਪਾਸਪੋਰਟ ਮਿਲਣ 'ਚ ਲੱਗ ਸਕਦੇ ਨੇ 4-6 ਹਫ਼ਤੇ

ਪਾਸਪੋਰਟ ਫੋਟੋ ਅਤੇ ਡੈਬਿਟ ਜਾਂ ਕਰੈਡਿਟ ਕਾਰਡ ਚਾਹੀਦਾ ਹੈ। ਆਨਲਾਈਨ ਫਾਰਮ ਕਈ ਲੋਕਾਂ ਲਈ ਲਗਭਗ 10 ਮਿੰਟਾਂ ਵਿਚ ਭਰਿਆ ਜਾ ਸਕਦਾ ਹੈ।

ਯੋਗਤਾ ਲਈ ਵਿਅਕਤੀ ਘੱਟੋ-ਘੱਟ 25 ਸਾਲ ਦਾ ਹੋਵੇ, ਅਮਰੀਕਾ ਵਿਚ ਰਹਿੰਦਾ ਹੋਵੇ, ਪਾਸਪੋਰਟ 10 ਸਾਲ ਵਾਲਾ ਹੋਵੇ, ਪਾਸਪੋਰਟ ਘੱਟੋ-ਘੱਟ 9 ਸਾਲ ਪੁਰਾਣਾ ਅਤੇ ਪਿਛਲੇ 15 ਸਾਲਾਂ ਵਿਚ ਜਾਰੀ ਹੋਇਆ ਹੋਵੇ। ਨਾਮ, ਜਨਮ ਮਿਤੀ, ਜਨਮ ਸਥਾਨ ਜਾਂ ਲਿੰਗ ਵਿਚ ਤਬਦੀਲੀ ਕਰਨੀ ਹੋਵੇ, ਤਾਂ ਆਨਲਾਈਨ ਰਿਨਿਊਅਲ ਨਹੀਂ ਹੋਵੇਗੀ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਆਨਲਾਈਨ ਅਰਜ਼ੀ ਦੇਣ ਤੋਂ ਬਾਅਦ ਪੁਰਾਣਾ ਪਾਸਪੋਰਟ ਅਮਾਨਯੋਗ ਹੋ ਸਕਦਾ ਹੈ, ਇਸ ਲਈ ਜੇਕਰ ਅਗਲੇ 8 ਹਫ਼ਤਿਆਂ ਵਿਚ ਵਿਦੇਸ਼ ਯਾਤਰਾ ਹੈ, ਤਾਂ ਆਨਲਾਈਨ ਅਪਲਾਈ ਨਾ ਕਰੋ। ਫੀਸ ਮੁਤਾਬਕ ਪਾਸਪੋਰਟ ਬੁੱਕ ਰਿਨਿਊਅਲ 130 ਡਾਲਰ, ਪਾਸਪੋਰਟ ਕਾਰਡ 30 ਡਾਲਰ, ਅਤੇ ਦੋਵੇਂ ਇਕੱਠੇ 160 ਡਾਲਰ ਹਨ। ਤੇਜ਼ ਡਿਲਿਵਰੀ ਲਈ 22.05 ਡਾਲਰ ਵਾਧੂ ਲੱਗ ਸਕਦੇ ਹਨ।

ਰੁਟੀਨ ਪ੍ਰੋਸੈਸਿੰਗ ਸਮਾਂ ਇਸ ਵੇਲੇ 4-6 ਹਫ਼ਤੇ ਹੈ, ਜਿਸ ਵਿਚ ਮੇਲਿੰਗ ਸਮਾਂ ਸ਼ਾਮਲ ਨਹੀਂ। ਜੇ ਜਲਦੀ ਪਾਸਪੋਰਟ ਚਾਹੀਦਾ ਹੈ ਤਾਂ ਤੇਜ਼ ਸੇਵਾ ਲਈ 60 ਡਾਲਰ ਵਾਧੂ ਦੇ ਕੇ ਆਮ ਤੌਰ 'ਤੇ 2-3 ਹਫ਼ਤੇ ਲੱਗ ਸਕਦੇ ਹਨ, ਪਰ ਇਹ ਸੇਵਾ ਆਨਲਾਈਨ ਨਹੀਂ, ਮੇਲ ਰਾਹੀਂ ਕਰਨੀ ਪਵੇਗੀ।

# ਐੱਚ-1ਬੀ ਤੋਂ ਗ੍ਰੀਨ ਕਾਰਡ ਦਾ ਰਸਤਾ ਬੰਦ ਕਰਨ ਦੀ ਕੋਸ਼ਿਸ਼!

■ ਰਿਪਬਲਿਕਨ ਕਾਂਗਰਸਮੈਨ ਵੱਲੋਂ ਨਵਾਂ ਬਿੱਲ ਕੀਤਾ ਪੇਸ਼

■ ਓ.ਪੀ.ਟੀ. ਪ੍ਰੋਗਰਾਮ ਵੀ ਖ਼ਤਮ ਕਰਨ ਦਾ ਪ੍ਰਸਤਾਵ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਐੱਚ-1ਬੀ ਵੀਜ਼ਾ ਧਾਰਕਾਂ ਲਈ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਟੈਕਸਾਸ ਤੋਂ ਰਿਪਬਲਿਕਨ ਕਾਂਗਰਸਮੈਨ ਚਿੱਪ ਰਾਏ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸ ਦਾ ਮਕਸਦ ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਵੱਡੀਆਂ ਤਬਦੀਲੀਆਂ ਕਰਨਾ ਹੈ।

ਅਮਰੀਕੀ ਵ੍ਹਾਈਟ-ਕਾਲਰ ਵਰਕਰ ਜੌਬਜ਼ ਐਕਟ ਨਾਮ ਦੇ ਇਸ ਬਿੱਲ ਤਹਿਤ ਐੱਚ-1ਬੀ ਵੀਜ਼ੇ ਨੂੰ ਗ੍ਰੀਨ ਕਾਰਡ ਪ੍ਰਾਪਤ ਕਰਨ ਦੇ ਰਸਤੇ ਵਜੋਂ ਵਰਤਣ ਦੀ ਪ੍ਰਥਾ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਓਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਨੂੰ ਵੀ ਖ਼ਤਮ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਓ.ਪੀ.ਟੀ. ਉਹ ਪ੍ਰੋਗਰਾਮ ਹੈ ਜਿਸ ਤਹਿਤ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕਾ ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੁਝ ਸਮੇਂ ਲਈ ਕੰਮ ਕਰ ਸਕਦੇ ਹਨ।

ਕਾਂਗਰਸਮੈਨ ਚਿਪ ਰਾਏ ਦਾ ਕਹਿਣਾ ਹੈ ਕਿ ਇਹ ਬਿੱਲ ਅਮਰੀਕੀ ਨਾਗਰਿਕਾਂ, ਖਾਸ ਕਰਕੇ **STEM** (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਖੇਤਰਾਂ ਵਿਚ ਕੰਮ ਕਰਨ ਵਾਲਿਆਂ ਲਈ ਨੌਕਰੀਆਂ ਦੇ ਮੌਕੇ ਸੁਰੱਖਿਅਤ ਕਰਨ ਲਈ ਲਿਆਂਦਾ ਗਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਵਿਦੇਸ਼ੀ ਕਰਮਚਾਰੀਆਂ ਦੀ ਵੱਡੀ ਗਿਣਤੀ ਅਮਰੀਕੀ ਮਜ਼ਦੂਰਾਂ ਦੀਆਂ ਤਨਖਾਹਾਂ ਅਤੇ ਨੌਕਰੀਆਂ 'ਤੇ ਅਸਰ ਪਾਉਂਦੀ ਹੈ।

ਮੌਜੂਦਾ ਸਮੇਂ ਐੱਚ-1ਬੀ ਵੀਜ਼ਾ ਅਮਰੀਕੀ ਕੰਪਨੀਆਂ ਨੂੰ ਡਾਕਟਰੀ, ਇੰਜੀਨੀਅਰਿੰਗ, ਆਈ.ਟੀ. ਅਤੇ ਹੋਰ ਵਿਸ਼ੇਸ਼ ਹੁਨਰ ਵਾਲੇ ਵਿਦੇਸ਼ੀ ਕਰਮਚਾਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ। ਕਈ ਐੱਚ-1ਬੀ ਧਾਰਕ ਬਾਅਦ ਵਿਚ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਲਈ ਅਰਜ਼ੀ ਦੇ ਕੇ ਅਮਰੀਕਾ ਵਿਚ ਸਥਾਈ ਨਿਵਾਸ ਪ੍ਰਾਪਤ ਕਰਦੇ ਹਨ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਬਿੱਲ ਦੇ ਕਾਨੂੰਨ ਬਣਨ ਦੀ ਸੰਭਾਵਨਾ ਇਸ ਵੇਲੇ ਕਾਫੀ ਘੱਟ ਹੈ। ਬਿੱਲ ਨੂੰ ਪਹਿਲਾਂ ਹਾਊਸ ਆਫ ਰਿਪ੍ਰੇਜ਼ੈਂਟੇਟਿਵਜ਼ ਅਤੇ ਫਿਰ ਸੈਨੇਟ ਤੋਂ ਮਨਜ਼ੂਰੀ ਲੈਣੀ ਹੋਵੇਗੀ। ਇਸ ਤੋਂ ਬਾਅਦ ਹੀ ਇਹ ਕਾਨੂੰਨ ਬਣ ਸਕੇਗਾ। ਇਸ ਲਈ ਫਿਲਹਾਲ ਐੱਚ-1ਬੀ ਵੀਜ਼ਾ ਧਾਰਕਾਂ ਜਾਂ ਓ.ਪੀ.ਟੀ. ਵਿਦਿਆਰਥੀਆਂ ਲਈ ਕੋਈ ਤੁਰੰਤ ਤਬਦੀਲੀ ਨਹੀਂ ਆਈ। ਹਾਲਾਂਕਿ ਇਹ ਪ੍ਰਸਤਾਵ ਇਸ ਗੱਲ ਦਾ ਸੰਕੇਤ ਜ਼ਰੂਰ ਦਿੰਦਾ ਹੈ ਕਿ ਵਾਸ਼ਿੰਗਟਨ ਵਿਚ ਇਮੀਗ੍ਰੇਸ਼ਨ ਅਤੇ ਵਿਦੇਸ਼ੀ ਮਜ਼ਦੂਰਾਂ ਨੂੰ ਲੈ ਕੇ ਚਰਚਾ ਹੋਰ ਤਿੱਖੀ ਹੋ ਰਹੀ ਹੈ। ਜੇ ਭਵਿੱਖ ਵਿਚ ਇਸ ਤਰ੍ਹਾਂ ਦੇ ਹੋਰ ਬਿੱਲਾਂ ਨੂੰ ਵਧੇਰੇ ਸਮਰਥਨ ਮਿਲਦਾ ਹੈ, ਤਾਂ ਐੱਚ-1ਬੀ ਅਤੇ ਰੁਜ਼ਗਾਰ-ਆਧਾਰਿਤ ਇਮੀਗ੍ਰੇਸ਼ਨ ਨੀਤੀਆਂ ਵਿਚ ਵੱਡੇ ਬਦਲਾਅ ਆ ਸਕਦੇ ਹਨ।

# ਗ੍ਰੀਨ ਕਾਰਡ ਲਈ ਅਮਰੀਕਾ ਅੰਦਰ ਅਪਲਾਈ ਕਰਨਾ ਹੋ ਸਕਦਾ ਔਖਾ

■ ਯੂ.ਐੱਸ.ਸੀ.ਆਈ.ਐੱਸ. ਦੇ ਨਵੇਂ ਮੈਮੋ ਨੇ ਵਧਾਈ ਚਿੰਤਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ.ਸੀ.ਆਈ.ਐੱਸ. ਵੱਲੋਂ 21 ਮਈ 2026 ਨੂੰ ਜਾਰੀ ਕੀਤੇ ਗਏ ਨਵੇਂ ਪਾਲਿਸੀ ਮੈਮੋ ਪੀ.ਐੱਮ.-602-0199 ਨੇ ਗ੍ਰੀਨ ਕਾਰਡ ਲਈ ਅਮਰੀਕਾ ਅੰਦਰ ਅਪਲਾਈ ਕਰਨ ਵਾਲੇ ਲੱਖਾਂ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਨਿਯੋਗਕਰਤਾਵਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਇਹ ਕੋਈ ਨਵਾਂ ਕਾਨੂੰਨ ਨਹੀਂ ਹੈ, ਪਰ ਮੈਮੋ ਇਹ ਸੰਕੇਤ ਦਿੰਦਾ ਹੈ ਕਿ ਹੁਣ ਐਡਜਸਮੈਂਟ ਆਫ ਸਟੇਟਸ (ਏ.ਓ.ਐੱਸ.) ਅਰਜ਼ੀਆਂ ਦੀ ਜਾਂਚ ਕਾਫ਼ੀ ਸਖ਼ਤ ਢੰਗ ਨਾਲ ਕੀਤੀ ਜਾ ਸਕਦੀ ਹੈ।

ਐਡਜਸਮੈਂਟ ਆਫ ਸਟੇਟਸ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਮੌਜੂਦ ਵਿਅਕਤੀ ਦੇਸ਼ ਛੱਡੇ ਬਿਨਾਂ ਹੀ ਗ੍ਰੀਨ ਕਾਰਡ ਲਈ ਅਰਜ਼ੀ ਦੇ ਸਕਦਾ ਹੈ। ਕਈ ਦਹਾਕਿਆਂ ਤੋਂ ਇਹ ਰੋਜ਼ਮਰਾ ਅਤੇ ਸਭ ਤੋਂ ਵੱਧ ਵਰਤੀ ਜਾਣ ਵਾਲੀ ਪ੍ਰਕਿਰਿਆ ਰਹੀ ਹੈ, ਖ਼ਾਸ ਕਰਕੇ ਰੁਜ਼ਗਾਰ-ਅਧਾਰਿਤ ਗ੍ਰੀਨ ਕਾਰਡ ਮਾਮਲਿਆਂ ਵਿਚ।

ਨਵੇਂ ਮੈਮੋ ਵਿਚ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਐਡਜਸਮੈਂਟ ਆਫ ਸਟੇਟਸ ਨੂੰ ਇੱਕ "ਅਸਾਧਾਰਣ" ਅਤੇ "ਪ੍ਰਸ਼ਾਸਕੀ ਮਿਹਰਬਾਨੀ" ਵਜੋਂ ਦੇਖਿਆ ਜਾਵੇ। ਇਸਦਾ ਮਤਲਬ ਇਹ ਹੈ ਕਿ ਭਾਵੇਂ ਕੋਈ ਵਿਅਕਤੀ ਕਾਨੂੰਨੀ ਤੌਰ 'ਤੇ ਗ੍ਰੀਨ ਕਾਰਡ ਲਈ ਯੋਗ ਹੋਵੇ, ਫਿਰ ਵੀ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀ ਇਹ ਫੈਸਲਾ ਕਰ ਸਕਦੇ ਹਨ ਕਿ ਉਸਨੂੰ ਅਮਰੀਕਾ ਅੰਦਰ ਗ੍ਰੀਨ ਕਾਰਡ ਦਿੱਤਾ ਜਾਵੇ ਜਾਂ ਉਸਨੂੰ ਆਪਣੇ ਦੇਸ਼ ਜਾ ਕੇ ਅਮਰੀਕੀ ਕੌਂਸਲੇਟ ਰਾਹੀਂ ਇਮੀਗ੍ਰੈਂਟ ਵੀਜ਼ਾ ਲੈਣਾ ਪਵੇ।

ਮੈਮੋ ਮੁਤਾਬਕ ਹੁਣ ਅਧਿਕਾਰੀ ਹਰ ਕੇਸ ਵਿਚ "ਸਮੁੱਚੇ ਹਾਲਾਤ" ਨੂੰ ਧਿਆਨ ਵਿਚ ਰੱਖਣਗੇ। ਕੇਵਲ ਇਹ ਗੱਲ ਕਿ ਅਰਜ਼ੀਦਾਰ ਦੇ ਖ਼ਿਲਾਫ਼ ਕੋਈ ਨਕਾਰਾਤਮਕ ਰਿਕਾਰਡ ਨਹੀਂ ਹੈ, ਕਾਫ਼ੀ ਨਹੀਂ ਮੰਨੀ ਜਾਵੇਗੀ। ਕੁਝ ਮਾਮਲਿਆਂ ਵਿਚ ਅਰਜ਼ੀਦਾਰ ਨੂੰ "ਅਸਾਧਾਰਣ ਜਾਂ ਬਹੁਤ ਹੀ ਮਜ਼ਬੂਤ ਹੱਕ" ਵੀ ਸਾਬਤ ਕਰਨੇ ਪੈ ਸਕਦੇ ਹਨ।

ਯੂ.ਐੱਸ.ਸੀ.ਆਈ.ਐੱਸ. ਨੇ ਅਧਿਕਾਰੀਆਂ ਨੂੰ ਖ਼ਾਸ ਤੌਰ 'ਤੇ ਓਵਰਸਟੇਅ, ਗੈਰ-ਅਧਿਕਾਰਤ ਰੁਜ਼ਗਾਰ, ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ, ਗਲਤ ਜਾਣਕਾਰੀ ਦੇਣ ਜਾਂ ਵੀਜ਼ਾ ਦੇ ਮਕਸਦ ਦੇ ਉਲਟ ਵਰਤਾਅ ਵਰਗੀਆਂ ਗੱਲਾਂ ਨੂੰ ਗੰਭੀਰ ਨਕਾਰਾਤਮਕ ਤੱਤ ਵਜੋਂ ਵੇਖਣ ਲਈ ਕਿਹਾ ਹੈ।

ਦੂਜੇ ਪਾਸੇ, ਅਮਰੀਕਾ ਵਿਚ ਪਰਿਵਾਰਕ ਰਿਸ਼ਤੇ, ਚੰਗਾ ਚਾਲ-ਚਲਣ, ਦੇਸ਼ ਦੀ ਆਰਥਿਕਤਾ ਲਈ ਯੋਗਦਾਨ ਅਤੇ ਰਾਸ਼ਟਰੀ ਹਿੱਤ ਵਰਗੇ ਕਾਰਕ ਸਕਾਰਾਤਮਕ ਤੱਤ ਮੰਨੇ ਜਾਣਗੇ। ਐੱਚ-1ਬੀ ਅਤੇ ਐੱਲ-1 ਵਰਗੀਆਂ ਡਿਊਲ ਇੰਟੈਂਟ ਕੈਟੇਗਰੀਆਂ ਵਾਲੇ ਲੋਕਾਂ ਲਈ ਹਾਲਾਤ ਕੁਝ ਹੱਦ ਤੱਕ ਬਿਹਤਰ ਹੋ ਸਕਦੇ ਹਨ, ਕਿਉਂਕਿ ਇਨ੍ਹਾਂ ਵੀਜ਼ਿਆਂ ਵਿਚ ਸਥਾਈ ਤੌਰ 'ਤੇ ਰਹਿਣ ਦੀ ਇੱਛਾ ਰੱਖਣਾ ਕਾਨੂੰਨੀ ਹੈ। ਫਿਰ ਵੀ ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕੀਤਾ ਹੈ ਕਿ ਸਿਰਫ਼ ਕਾਨੂੰਨੀ ਸਟੇਟਸ ਬਣਾਈ ਰੱਖਣਾ ਹੀ ਗ੍ਰੀਨ ਕਾਰਡ ਦੀ ਮਨਜ਼ੂਰੀ ਲਈ ਕਾਫ਼ੀ ਨਹੀਂ ਹੋਵੇਗਾ।

### ਅਮਰੀਕਾ 'ਚ ਰਿਹਾਇਸ਼ੀ ਇਲਾਕੇ 'ਚ ਛਾਪੇਮਾਰੀ ਦੌਰਾਨ ਜਾਅਲੀ ਆਈ.ਡੀ. ਅਤੇ ਪਹਿਚਾਣ ਚੋਰੀ ਮਾਮਲੇ 'ਚ 2 ਗ੍ਰਿਫ਼ਤਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਇੱਕ ਉੱਚ-ਵਰਗ ਦੇ ਰਿਹਾਇਸ਼ੀ ਇਲਾਕੇ ਵਿਚ ਸਥਿਤ ਇੱਕ ਘਰ 'ਤੇ ਚਾਰ ਦਿਨ ਤੱਕ ਚੱਲੀ ਪੁਲਿਸ ਤਲਾਸ਼ੀ ਤੋਂ ਬਾਅਦ 2 ਵਿਅਕਤੀਆਂ ਨੂੰ ਪਹਿਚਾਣ ਚੋਰੀ ਅਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਅਧਿਕਾਰੀਆਂ ਮੁਤਾਬਕ ਘਰ ਦੀ ਮਾਲਕਣ ਬ੍ਰਿਟਨੀ ਬੇਕਰ ਅਤੇ ਉਸ ਦੇ ਸਾਥੀ ਮਾਰੀਓ ਬਾਰਬਰ ਨੂੰ ਤਲਾਸ਼ੀ ਸ਼ੁਰੂ ਹੋਣ ਵਾਲੇ ਦਿਨ ਹੀ ਹਿਰਾਸਤ ਵਿਚ ਲਿਆ ਗਿਆ ਸੀ। ਦੋਵਾਂ ਉੱਤੇ ਕਈ ਗੰਭੀਰ ਅਪਰਾਧਿਕ ਦੋਸ਼ ਲਗਾਏ ਗਏ ਹਨ। ਗ੍ਰਿਫ਼ਤਾਰੀ ਵਾਰੰਟਾਂ ਅਨੁਸਾਰ ਦੋਵਾਂ ਖ਼ਿਲਾਫ਼ ਫੈਲੋਨੀ ਪੱਧਰ ਦੇ ਵਿੱਤੀ ਪਹਿਚਾਣ ਧੋਖਾਧੜੀ, ਜਾਅਲੀ ਪਛਾਣ ਪੱਤਰ ਤਿਆਰ ਕਰਨ ਅਤੇ ਫਰਜ਼ੀਵਾੜਾ ਕਰਨ ਦੇ ਦੋਸ਼ ਦਰਜ ਕੀਤੇ ਗਏ ਹਨ।

ਜਾਂਚ ਦੌਰਾਨ ਅਧਿਕਾਰੀਆਂ ਨੂੰ ਕਈ ਚੋਰੀ ਕੀਤੇ ਡਰਾਈਵਰ ਲਾਇਸੈਂਸ, ਜਾਅਲੀ ਪਹਿਚਾਣ ਪੱਤਰ, ਨਕਲੀ ਲਾਇਸੈਂਸ ਪਲੇਟਾਂ ਅਤੇ ਜਾਅਲੀ ਵਾਹਨ ਰਜਿਸਟ੍ਰੇਸ਼ਨ ਦਸਤਾਵੇਜ਼ ਮਿਲੇ ਹਨ।

# ICE ਛਾਪਿਆਂ ਨੇ ਅਮਰੀਕੀ ਸ਼ਹਿਰਾਂ ਨੂੰ ਦਿੱਤਾ ਵੱਡਾ ਆਰਥਿਕ ਝਟਕਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਵੱਲੋਂ 2025 ਦੌਰਾਨ ਚਲਾਈਆਂ ਗਈਆਂ ਵਿਆਪਕ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਕਾਰਵਾਈਆਂ ਨੇ ਸਿਰਫ਼ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਹੀ ਨਹੀਂ, ਸਗੋਂ ਅਮਰੀਕਾ ਦੀਆਂ ਸਥਾਨਕ ਅਰਥਵਿਵਸਥਾਵਾਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ। ਇੱਕ ਨਵੀਂ ਅਧਿਐਨ ਰਿਪੋਰਟ ਮੁਤਾਬਕ 86 ਅਮਰੀਕੀ ਸ਼ਹਿਰਾਂ ਵਿਚ ਕੀਤੀਆਂ ਗਈਆਂ ਇਹ ਕਾਰਵਾਈਆਂ ਲਗਭਗ 6 ਲੱਖ 68 ਹਜ਼ਾਰ ਨੌਕਰੀਆਂ ਦੇ ਨੁਕਸਾਨ ਨਾਲ ਜੁੜੀਆਂ ਹੋਈਆਂ ਸਨ। ਇਨ੍ਹਾਂ ਵਿਚੋਂ 51 ਹਜ਼ਾਰ ਤੋਂ 2 ਲੱਖ 97 ਹਜ਼ਾਰ ਤੱਕ ਨੌਕਰੀਆਂ ਅਮਰੀਕਾ ਵਿਚ ਜੰਮੇ ਕਰਮਚਾਰੀਆਂ ਦੀਆਂ ਵੀ ਸਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ICE ਦੀਆਂ ਇਹ ਕਾਰਵਾਈਆਂ ਆਮ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਕਾਰਵਾਈਆਂ ਨਾਲੋਂ ਕਾਫ਼ੀ ਵੱਧ ਵਿਆਪਕ ਅਤੇ ਦਿਖਾਵਟੀ ਸਨ। ਸਰਕਾਰ ਦਾ ਮਕਸਦ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤੀ ਦਿਖਾਉਣਾ ਸੀ, ਪਰ ਇਸ ਦਾ ਅਸਰ ਪੂਰੀਆਂ

## ■ 6.68 ਲੱਖ ਨੌਕਰੀਆਂ ਪ੍ਰਭਾਵਿਤ: ਨਵੀਂ ਰਿਪੋਰਟ




ਕਮਿਊਨਿਟੀਆਂ ਅਤੇ ਕਾਰੋਬਾਰਾਂ ਉੱਤੇ ਪਿਆ।

ਸਭ ਤੋਂ ਵੱਧ ਪ੍ਰਭਾਵ ਉਨ੍ਹਾਂ ਉਦਯੋਗਾਂ 'ਤੇ ਪਿਆ, ਜਿੱਥੇ ਪ੍ਰਵਾਸੀ ਮਜ਼ਦੂਰਾਂ ਦੀ ਭੂਮਿਕਾ ਮਹੱਤਵਪੂਰਨ ਹੈ। ਨਿਰਮਾਣ, ਲੈਂਡਸਕੇਪਿੰਗ, ਹੋਟਲ ਅਤੇ ਰੈਸਟੋਰੈਂਟ ਉਦਯੋਗ, ਖੇਤੀਬਾੜੀ ਅਤੇ ਸੇਵਾ ਖੇਤਰ ਵਿਚ ਮਜ਼ਦੂਰਾਂ ਦੀ ਘਾਟ ਪੈਦਾ ਹੋ ਗਈ। ਕਈ ਕਾਰੋਬਾਰਾਂ ਨੂੰ ਆਪਣਾ ਕੰਮ ਘਟਾਉਣਾ ਪਿਆ ਜਾਂ ਅਸਥਾਈ ਤੌਰ 'ਤੇ ਬੰਦ ਕਰਨਾ ਪਿਆ।

ਰਿਪੋਰਟ ਦੇ ਅਨੁਸਾਰ ICE ਦੀ ਹਰ ਵਾਧੂ ਗ੍ਰਿਫ਼ਤਾਰੀ ਨਾਲ ਔਸਤਨ 13 ਨੌਕਰੀਆਂ ਪ੍ਰਭਾਵਿਤ ਹੋਈਆਂ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਜਦੋਂ ਵੱਡੇ ਪੱਧਰ 'ਤੇ ਛਾਪੇ ਮਾਰੇ ਜਾਂਦੇ ਹਨ, ਤਾਂ ਸਿਰਫ਼ ਗ੍ਰਿਫ਼ਤਾਰ ਹੋਏ ਲੋਕ ਹੀ ਪ੍ਰਭਾਵਿਤ ਨਹੀਂ ਹੁੰਦੇ, ਸਗੋਂ ਡਰ ਕਾਰਨ ਕਈ ਹੋਰ ਕਰਮਚਾਰੀ ਵੀ ਕੰਮ 'ਤੇ ਜਾਣਾ ਛੱਡ ਦਿੰਦੇ ਹਨ।

ਲਾਸ ਏਂਜਲਸ ਸਮੇਤ ਕਈ ਅਜਿਹੇ ਇਲਾਕਿਆਂ ਵਿਚ, ਜਿੱਥੇ ਵਿਦੇਸ਼ੀ ਮੂਲ ਦੇ ਲੋਕਾਂ ਦੀ ਵੱਡੀ ਆਬਾਦੀ ਰਹਿੰਦੀ ਹੈ, ਖਰੀਦਦਾਰੀ ਵਿਚ ਵੀ ਕਮੀ ਦਰਜ ਕੀਤੀ ਗਈ। ਲੋਕਾਂ ਨੇ ਘਰਾਂ ਤੋਂ ਘੱਟ ਨਿਕਲਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਛੋਟੇ ਕਾਰੋਬਾਰਾਂ, ਰੈਸਟੋਰੈਂਟਾਂ ਅਤੇ ਰਿਟੇਲ ਸਟੋਰਾਂ ਦੀ ਵਿਕਰੀ ਘਟ ਗਈ।

ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ICE ਦੀਆਂ ਕਾਰਵਾਈਆਂ ਦਾ ਉਦੇਸ਼ ਅਮਰੀਕੀ ਕਰਮਚਾਰੀਆਂ ਲਈ ਵੱਧ ਮੌਕੇ ਪੈਦਾ ਕਰਨਾ ਸੀ, ਪਰ ਅਸਲ ਵਿਚ ਇਸ ਦਾ ਉਲਟ ਅਸਰ ਹੋਇਆ। ਕਈ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਵੀ ਖਤਰੇ ਵਿਚ ਪੈ ਗਈਆਂ ਕਿਉਂਕਿ ਕਾਰੋਬਾਰਾਂ ਨੇ ਖਰਚੇ ਘਟਾਉਣ ਲਈ ਕਰਮਚਾਰੀ ਘਟਾਏ।

ਅਧਿਐਨ ਵਿਚ ਕਿਹਾ ਗਿਆ ਹੈ ਕਿ ਡਰ ਅਤੇ ਅਨਿਸ਼ਚਿਤਤਾ ਕਾਰਨ ਨਿਵੇਸ਼ ਘਟਿਆ, ਗਾਹਕਾਂ ਦੀ ਆਵਾਜਾਈ ਘਟੀ ਅਤੇ ਕਈ ਕਾਰੋਬਾਰਾਂ ਨੇ ਨਵੇਂ ਕਰਮਚਾਰੀ ਰੱਖਣ ਤੋਂ ਹੱਥ ਖਿੱਚ ਲਿਆ। ਇਸ ਨਾਲ ਸਥਾਨਕ ਅਰਥਵਿਵਸਥਾਵਾਂ ਵਿਚ ਮੰਦਗੀ ਵਰਗਾ ਮਾਹੌਲ ਬਣ ਗਿਆ।

ਸਮਾਜਿਕ ਪੱਖੋਂ ਵੀ ਪ੍ਰਭਾਵ ਗੰਭੀਰ ਰਹੇ। ਕਈ ਪਰਿਵਾਰਾਂ ਨੇ ਸਰਕਾਰੀ ਸੰਸਥਾਵਾਂ ਨਾਲ ਸੰਪਰਕ ਘਟਾ ਦਿੱਤਾ। ਸਕੂਲਾਂ, ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸੇਵਾਵਾਂ ਨੇ ਵੀ ਲੋਕਾਂ ਦੀ ਘੱਟ ਭਾਗੀਦਾਰੀ ਦਰਜ ਕੀਤੀ। ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਲਾਗੂ ਕਰਨ ਦੀਆਂ ਇਹ ਨੀਤੀਆਂ ਸਿਰਫ਼ ਕਾਨੂੰਨੀ ਮਸਲਾ ਨਹੀਂ ਰਹੀਆਂ, ਸਗੋਂ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਵਾਲਾ ਮੁੱਦਾ ਬਣ ਗਈਆਂ ਹਨ।

ਖੋਜਕਰਤਾਵਾਂ ਦਾ ਨਤੀਜਾ ਹੈ ਕਿ ਵੱਡੇ ਪੱਧਰ 'ਤੇ ਅਤੇ ਦਿਖਾਵਟੀ ਢੰਗ ਨਾਲ ਕੀਤੀਆਂ ਗਈਆਂ ICE ਕਾਰਵਾਈਆਂ ਸਥਾਨਕ ਅਰਥਵਿਵਸਥਾ ਨੂੰ ਕਮਜ਼ੋਰ ਕਰ ਸਕਦੀਆਂ ਹਨ, ਰੋਜ਼ਗਾਰ ਘਟਾ ਸਕਦੀਆਂ ਹਨ ਅਤੇ ਉਨ੍ਹਾਂ ਕਮਿਊਨਿਟੀਆਂ ਵਿਚ ਡਰ ਦਾ ਮਾਹੌਲ ਪੈਦਾ ਕਰ ਸਕਦੀਆਂ ਹਨ,

# ICE ਨੇ ਬਦਲੀ ਮੌਤਾਂ ਦੀ ਰਿਪੋਰਟਿੰਗ ਨੀਤੀ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਏਜੰਸੀ (ICE) ਨੇ ਇੱਕ ਮਹੱਤਵਪੂਰਨ ਨੀਤੀ ਤਬਦੀਲੀ ਕਰਦੇ ਹੋਏ ਐਲਾਨ ਕੀਤਾ ਹੈ ਕਿ ਹੁਣ ਉਹ ਉਨ੍ਹਾਂ ਪ੍ਰਵਾਸੀਆਂ ਦੀਆਂ ਮੌਤਾਂ ਦੀ ਰਿਪੋਰਟ ਨਹੀਂ ਕਰੇਗੀ, ਜੋ ICE ਦੀ ਹਿਰਾਸਤ ਤੋਂ ਰਿਹਾਅ ਹੋਣ ਤੋਂ ਬਾਅਦ ਮਰ ਜਾਂਦੇ ਹਨ। ਇਹ ਫੈਸਲਾ 2021 ਵਿਚ ਲਾਗੂ ਕੀਤੀ ਗਈ ਉਸ ਨੀਤੀ ਨੂੰ ਖਤਮ ਕਰਦਾ ਹੈ, ਜਿਸ ਤਹਿਤ ICE ਨੂੰ ਰਿਹਾਈ ਤੋਂ 30 ਦਿਨਾਂ ਅੰਦਰ ਹੋਈਆਂ ਮੌਤਾਂ ਦੀ ਕਾਂਗਰਸ ਨੂੰ ਜਾਣਕਾਰੀ ਦੇਣੀ ਅਤੇ ਜਾਂਚ ਕਰਨੀ ਲਾਜ਼ਮੀ ਸੀ।

ਬਾਇਡਨ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਗਈ ਇਸ ਨੀਤੀ ਦਾ ਮਕਸਦ ਇਹ ਯਕੀਨੀ ਬਣਾਉਣਾ ਸੀ ਕਿ ICE ਗੰਭੀਰ ਤੌਰ 'ਤੇ ਬਿਮਾਰ ਕੈਦੀਆਂ ਨੂੰ ਰਿਹਾਅ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਨਾ ਬਚ ਸਕੇ। ਪਿਛਲੇ ਸਾਲਾਂ ਵਿਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਸਨ, ਜਿੱਥੇ ਗੰਭੀਰ ਇਨਫੈਕਸ਼ਨ ਜਾਂ ਹੋਰ ਜਾਨਲੇਵਾ ਬਿਮਾਰੀਆਂ ਨਾਲ ਪੀੜਤ ਲੋਕ ਹਿਰਾਸਤ ਤੋਂ ਛੁੱਟਣ ਦੇ ਕੁਝ ਦਿਨਾਂ ਅੰਦਰ ਮਰ ਗਏ ਸਨ।

ਸਿਹਤ ਮਾਹਿਰਾਂ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਰਿਹਾਈ ਤੋਂ ਬਾਅਦ ਹੋਣ ਵਾਲੀਆਂ ਮੌਤਾਂ ਦਾ ਰਿਕਾਰਡ ਨਹੀਂ ਰੱਖਿਆ ਜਾਵੇਗਾ, ਤਾਂ ਹਿਰਾਸਤੀ ਕੇਂਦਰਾਂ ਵਿਚ ਮੈਡੀਕਲ ਸੇਵਾਵਾਂ ਦੀਆਂ ਕਮੀਆਂ ਕਦੇ ਸਾਹਮਣੇ ਨਹੀਂ ਆਉਣਗੀਆਂ। ਮਾਹਿਰਾਂ ਅਨੁਸਾਰ ਕਈ ਵਾਰ ਗਲਤ ਇਲਾਜ, ਦਵਾਈਆਂ ਦੀ ਕਮੀ ਜਾਂ ਬਿਮਾਰੀਆਂ ਦੀ ਦੇਰ ਨਾਲ ਪਛਾਣ ਦੇ ਨਤੀਜੇ ਰਿਹਾਈ ਤੋਂ ਬਾਅਦ ਸਾਹਮਣੇ ਆਉਂਦੇ ਹਨ।

ਦੂਜੇ ਪਾਸੇ, ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਇਸ

## ■ ਹਿਰਾਸਤ ਤੋਂ ਰਿਹਾਅ ਹੋਣ ਮਗਰੋਂ ਹੋਈਆਂ ਮੌਤਾਂ ਹੁਣ ਨਹੀਂ ਗਿਣੀਆਂ ਜਾਣਗੀਆਂ




ਤਬਦੀਲੀ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਜਦੋਂ ਕੋਈ ਵਿਅਕਤੀ ICE ਦੀ ਹਿਰਾਸਤ ਵਿਚ ਨਹੀਂ ਰਹਿੰਦਾ, ਤਾਂ ਉਸ ਤੋਂ ਬਾਅਦ ਹੋਣ ਵਾਲੀਆਂ ਘਟਨਾਵਾਂ ਲਈ ICE ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ICE ਹਾਲੇ ਵੀ ਆਪਣੀ ਹਿਰਾਸਤ ਵਿਚ ਹੋਣ ਵਾਲੀਆਂ ਮੌਤਾਂ ਦੀ ਪੂਰੀ ਜਾਂਚ ਅਤੇ ਰਿਪੋਰਟਿੰਗ ਕਰੇਗੀ।

ਇਹ ਫੈਸਲਾ ਉਸ ਸਮੇਂ ਆਇਆ ਹੈ, ਜਦੋਂ ICE ਹਿਰਾਸਤ ਕੇਂਦਰਾਂ ਵਿਚ ਮੌਤਾਂ ਦੀ ਗਿਣਤੀ ਵਧ ਰਹੀ ਹੈ। 2026 ਦੀ ਸ਼ੁਰੂਆਤ ਤੋਂ ਹੁਣ ਤੱਕ ਘੱਟੋ-ਘੱਟ 18 ਹਿਰਾਸਤੀ ਕੈਦੀਆਂ ਦੀ ਮੌਤ ਹੋ ਚੁੱਕੀ ਹੈ, ਜੋ ਪਿਛਲੇ ਸਾਲ ਦੇ ਰਿਕਾਰਡ ਦੇ ਬਰਾਬਰ ਜਾਂ ਉਸ ਤੋਂ ਵੀ ਵੱਧ ਹੋ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕਈ ਮੌਤਾਂ ਸਮੇਂ ਸਿਰ ਇਲਾਜ ਮਿਲਣ ਨਾਲ ਟਾਲੀਆਂ ਜਾ ਸਕਦੀਆਂ ਸਨ।

ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ICE ਹਿਰਾਸਤ ਵਿਚ ਰੱਖੇ ਗਏ ਲੋਕਾਂ ਦੀ ਗਿਣਤੀ ਵੀ ਕਾਫ਼ੀ ਵਧੀ ਹੈ। ਅਪ੍ਰੈਲ 2026 ਤੱਕ ICE ਦੇਸ਼ ਭਰ ਦੇ ਡਿਟੈਨਸ਼ਨ ਸੈਂਟਰਾਂ ਵਿਚ 60,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਰੱਖ ਰਿਹਾ ਸੀ, ਜਦਕਿ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵੇਲੇ ਇਹ ਗਿਣਤੀ ਲਗਭਗ 40,000 ਸੀ।

# ICE ਦੀਆਂ ਕਾਰਵਾਈਆਂ ਕਾਰਨ ਅਮਰੀਕਾ 'ਚ 6.68 ਲੱਖ ਨੌਕਰੀਆਂ ਪ੍ਰਭਾਵਿਤ : ਰਿਪੋਰਟ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਇੱਕ ਨਵੀਂ ਖੋਜ ਰਿਪੋਰਟ ਨੇ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਲਾਗੂਕਰਨ ਕਾਰਵਾਈਆਂ ਦੇ ਆਰਥਿਕ ਪ੍ਰਭਾਵਾਂ ਬਾਰੇ ਵੱਡਾ ਦਾਅਵਾ ਕੀਤਾ ਹੈ। ਬਰੂਕਿੰਗਜ਼ ਸੰਸਥਾ ਦੀ ਇੱਕ ਸਟੱਡੀ ਅਨੁਸਾਰ 2025 ਦੌਰਾਨ ਵਧੀਆਂ ICE ਕਾਰਵਾਈਆਂ ਕਾਰਨ ਅਮਰੀਕੀ ਅਰਥਵਿਵਸਥਾ ਵਿਚ ਲਗਭਗ 6.68 ਲੱਖ ਨੌਕਰੀਆਂ ਪ੍ਰਭਾਵਿਤ ਹੋਈਆਂ ਜਾਂ ਖਤਮ ਹੋ ਗਈਆਂ।

ਰਿਪੋਰਟ ਮੁਤਾਬਕ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿਚ ਵੱਡੇ ਪੱਧਰ 'ਤੇ ਡਿਪੋਰਟੇਸ਼ਨ ਮੁਹਿੰਮ ਸ਼ੁਰੂ ਕੀਤੀ, ਤਾਂ ਇਸਦਾ ਮੁੱਖ ਮਕਸਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾ ਕੇ ਅਮਰੀਕੀ ਨਾਗਰਿਕਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣਾ ਦੱਸਿਆ ਗਿਆ ਸੀ।

ਖੋਜਕਰਤਾਵਾਂ ਨੇ 86 ਅਜਿਹੇ ਸ਼ਹਿਰਾਂ ਦਾ ਅਧਿਐਨ ਕੀਤਾ, ਜਿੱਥੇ ICE ਦੀਆਂ ਕਾਰਵਾਈਆਂ ਸਭ ਤੋਂ




ਵੱਧ ਹੋਈਆਂ। ਅਧਿਐਨ ਅਨੁਸਾਰ ਜਨਵਰੀ ਤੋਂ ਜੂਨ 2025 ਦਰਮਿਆਨ ਲਗਭਗ 52,000 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜਿੱਥੇ ਕਾਰਵਾਈਆਂ ਸਭ ਤੋਂ ਤੇਜ਼ ਸਨ, ਉੱਥੇ ਰੁਜ਼ਗਾਰ ਦਰ ਵਿਚ ਔਸਤ 0.73 ਫ਼ੀਸਦੀ ਤੱਕ ਗਿਰਾਵਟ ਦਰਜ ਕੀਤੀ ਗਈ।

ਰਿਪੋਰਟ ਦਾ ਸਭ ਤੋਂ ਚਰਚਿਤ ਦਾਅਵਾ ਇਹ ਹੈ ਕਿ ਹਰ ਇੱਕ ICE ਗ੍ਰਿਫ਼ਤਾਰੀ ਦੇ ਨਾਲ ਆਰਥਿਕ ਪ੍ਰਭਾਵ ਕਾਰਨ ਔਸਤਨ 30 ਨੌਕਰੀਆਂ ਪ੍ਰਭਾਵਿਤ ਹੋਈਆਂ। ਖੋਜਕਰਤਾਵਾਂ ਅਨੁਸਾਰ ਇਹ ਪ੍ਰਭਾਵ ਸਿਰਫ਼ ਪ੍ਰਵਾਸੀ ਮਜ਼ਦੂਰਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਅਮਰੀਕੀ ਨਾਗਰਿਕਾਂ ਨੂੰ ਵੀ ਇਸਦਾ ਅਸਰ ਝੱਲਣਾ ਪਿਆ।

ਅਧਿਐਨ ਵਿਚ ਕਿਹਾ ਗਿਆ ਹੈ ਕਿ ਨਿਰਮਾਣ, ਹੋਟਲ, ਰੈਸਟੋਰੈਂਟ ਅਤੇ ਖੁਰਾਕ ਸੇਵਾਵਾਂ ਵਰਗੇ ਖੇਤਰਾਂ ਵਿਚ ਪ੍ਰਵਾਸੀ ਅਤੇ ਅਮਰੀਕੀ ਮਜ਼ਦੂਰ ਆਪਸ ਵਿਚ ਜੁੜੇ ਹੋਏ ਹਨ। ਜਦੋਂ ਵੱਡੀ ਗਿਣਤੀ ਵਿਚ ਮਜ਼ਦੂਰ ਗਾਇਬ ਹੋ ਜਾਂਦੇ ਹਨ, ਤਾਂ ਕੰਪਨੀਆਂ ਨੂੰ ਕਾਰੋਬਾਰ ਘਟਾਉਣਾ ਪੈਂਦਾ ਹੈ, ਜਿਸ ਨਾਲ ਹੋਰ ਕਰਮਚਾਰੀਆਂ ਦੀਆਂ ਨੌਕਰੀਆਂ ਵੀ ਪ੍ਰਭਾਵਿਤ ਹੁੰਦੀਆਂ ਹਨ।

ਸਟਡੀ ਦੀ ਸਹਿ-ਲੇਖਕਾ ਮਾਰਸੇਲਾ ਐਸਕੋਬਾਰੀ ਨੇ ਕਿਹਾ ਕਿ ਕਈ ਕਾਰੋਬਾਰਾਂ ਲਈ ਨਵੇਂ ਕਰਮਚਾਰੀ ਲੱਭਣਾ ਅਤੇ ਉਨ੍ਹਾਂ ਨੂੰ ਸਿਖਲਾਈ ਦੇਣਾ ਆਸਾਨ ਨਹੀਂ ਹੁੰਦਾ। ਇਸ ਕਾਰਨ ਕੁਝ ਕੰਪਨੀਆਂ ਨੂੰ ਆਪਣੀਆਂ ਗਤੀਵਿਧੀਆਂ ਘਟਾਉਣੀਆਂ ਜਾਂ ਬੰਦ ਕਰਨੀਆਂ ਪੈਂਦੀਆਂ ਹਨ।

ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ICE ਕਾਰਵਾਈਆਂ ਦੇ ਡਰ ਕਾਰਨ ਕਈ ਲੋਕ ਘਰਾਂ ਤੋਂ ਘੱਟ ਬਾਹਰ ਨਿਕਲਣ ਲੱਗੇ, ਰੈਸਟੋਰੈਂਟਾਂ, ਦੁਕਾਨਾਂ ਅਤੇ ਮਨੋਰੰਜਨ ਸਥਾਨਾਂ 'ਤੇ ਜਾਣਾ ਘੱਟ ਗਿਆ, ਜਿਸ ਨਾਲ ਸਥਾਨਕ ਕਾਰੋਬਾਰਾਂ ਦੀ ਆਮਦਨ ਪ੍ਰਭਾਵਿਤ ਹੋਈ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਅਤੇ ਇਸ ਨੀਤੀ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਕਾਨੂੰਨਾਂ 'ਚ ਸਖ਼ਤੀ ਰਾਸ਼ਟਰੀ ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਅਮਰੀਕੀ ਮਜ਼ਦੂਰਾਂ ਦੇ ਹਿੱਤਾਂ ਲਈ ਜ਼ਰੂਰੀ ਹੈ। ਉਹ ਇਹ ਵੀ ਦਲੀਲ ਦਿੰਦੇ ਹਨ ਕਿ ਲੰਬੇ ਸਮੇਂ ਵਿਚ ਇਹ ਨੀਤੀਆਂ ਰੁਜ਼ਗਾਰ ਬਾਜ਼ਾਰ ਨੂੰ ਹੋਰ ਮਜ਼ਬੂਤ ਕਰ ਸਕਦੀਆਂ ਹਨ।

ਹਾਲਾਂਕਿ ਬਰੂਕਿੰਗਜ਼ ਦੀ ਇਹ ਰਿਪੋਰਟ ਇਸ ਬਹਿਸ ਨੂੰ ਹੋਰ ਗਰਮਾ ਸਕਦੀ ਹੈ ਕਿ ਵੱਡੇ ਪੱਧਰ ਦੀਆਂ ਡਿਪੋਰਟੇਸ਼ਨ ਕਾਰਵਾਈਆਂ ਦਾ ਅਸਲ ਆਰਥਿਕ ਪ੍ਰਭਾਵ ਕੀ ਹੈ ਅਤੇ ਇਸਦਾ ਅਸਰ ਕਿਸ ਉੱਤੇ ਸਭ ਤੋਂ ਵੱਧ ਪੈਂਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਬੈਂਕਾਂ ਨੂੰ ਸ਼ੱਕੀ ਖਾਤਿਆਂ ਅਤੇ ਗੈਰ-ਕਾਨੂੰਨੀ ਮਜ਼ਦੂਰੀ ਬਾਰੇ ICE ਨੂੰ ਸੂਚਨਾ ਦੇਣ ਦੇ ਹੁਕਮ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਖਜ਼ਾਨਾ ਵਿਭਾਗ ਨੇ ਗੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਮਜ਼ਦੂਰਾਂ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇਣ ਵਾਲੇ ਨਿਯੋਗਕਰਤਾਵਾਂ ਖ਼ਿਲਾਫ਼ ਇੱਕ ਨਵਾਂ ਕਦਮ ਚੁੱਕਿਆ ਹੈ। ਟਰੰਪ ਪ੍ਰਸ਼ਾਸਨ ਨੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਜੇ ਉਨ੍ਹਾਂ ਨੂੰ ਕਿਸੇ ਖਾਤੇ ਜਾਂ ਕੰਪਨੀ ਵਿਚ ਸ਼ੱਕੀ ਲੈਣ-ਦੇਣ ਨਜ਼ਰ ਆਉਂਦੇ ਹਨ, ਤਾਂ ਉਹ ਇਸ ਬਾਰੇ ਸਰਕਾਰ ਨੂੰ ਜਾਣਕਾਰੀ ਦੇਣ।

ਅਮਰੀਕੀ ਖਜ਼ਾਨਾ ਵਿਭਾਗ ਦੀ ਏਜੰਸੀ ਫਾਈਨੈਂਸ਼ੀਅਲ ਕ੍ਰਾਈਮਜ਼ ਇਨਫੋਰਸਮੈਂਟ ਨੈੱਟਵਰਕ (FinCEN) ਵੱਲੋਂ ਜਾਰੀ 12 ਸਫ਼ਿਆਂ ਦੀ ਸਲਾਹਕਾਰ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਈ ਨਿਯੋਗਕਰਤਾ ਅਤੇ ਲੇਬਰ ਬ੍ਰੋਕਰ ਫ਼ਰਜ਼ੀ ਕੰਪਨੀਆਂ ਬਣਾਕੇ ਗੈਰ-ਅਧਿਕਾਰਤ ਮਜ਼ਦੂਰਾਂ ਨੂੰ ਨਕਦ ਭੁਗਤਾਨ ਕਰਦੇ ਹਨ ਅਤੇ ਪੇਰੋਲ ਟੈਕਸਾਂ ਤੋਂ ਬਚਦੇ ਹਨ।

ਰਿਪੋਰਟ ਮੁਤਾਬਕ ਸਿਰਫ਼ 2025 ਦੌਰਾਨ ਬੈਂਕਾਂ ਨੇ ਪੇਰੋਲ ਟੈਕਸ ਧੋਖਾਧੜੀ ਨਾਲ ਸੰਬੰਧਤ 2.5 ਬਿਲੀਅਨ ਡਾਲਰ ਤੋਂ ਵੱਧ ਦੀ ਸ਼ੱਕੀ ਗਤੀਵਿਧੀ ਦੀ ਰਿਪੋਰਟ ਕੀਤੀ। ਸਰਕਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਯੋਜਨਾਵਾਂ ਨਾਲ ਕਾਨੂੰਨੀ ਅਮਰੀਕੀ ਕਾਰੋਬਾਰਾਂ ਨੂੰ ਨੁਕਸਾਨ ਹੁੰਦਾ ਹੈ, ਮਜ਼ਦੂਰੀ ਦਰਾਂ ਘਟਦੀਆਂ ਹਨ, ਪਛਾਣ ਚੋਰੀ ਨੂੰ ਉਤਸ਼ਾਹ ਮਿਲਦਾ ਹੈ ਅਤੇ ਸਰਕਾਰੀ ਟੈਕਸ ਆਮਦਨ ਵਿਚ ਕਰੋੜਾਂ ਡਾਲਰਾਂ ਦਾ ਨੁਕਸਾਨ ਹੁੰਦਾ ਹੈ।

ਖਜ਼ਾਨਾ ਵਿਭਾਗ ਦੇ ਅਨੁਸਾਰ ਇਹ ਸਕੀਮ ਆਮ ਤੌਰ 'ਤੇ ਉਸ ਵੇਲੇ ਸ਼ੁਰੂ ਹੁੰਦੀ ਹੈ, ਜਦੋਂ ਕੋਈ ਨਿਯੋਗਕਰਤਾ ਇੱਕ ਲੇਬਰ ਬ੍ਰੋਕਰ ਨੂੰ ਕੰਮ 'ਤੇ ਰੱਖਦਾ ਹੈ। ਬ੍ਰੋਕਰ ਫ਼ਰਜ਼ੀ ਨਾਮਾਂ ਹੇਠ ਸ਼ੈੱਲ ਕੰਪਨੀਆਂ ਬਣਾਉਂਦਾ ਹੈ, ਬੈਂਕ ਖਾਤੇ ਖੋਲ੍ਹਦਾ ਹੈ ਅਤੇ ਉਨ੍ਹਾਂ ਰਾਹੀਂ ਪੈਸਾ ਘੁਮਾਕੇ ਮਜ਼ਦੂਰਾਂ ਨੂੰ ਨਕਦ ਭੁਗਤਾਨ ਕਰਦਾ ਹੈ। ਇਸ ਤਰੀਕੇ ਨਾਲ ਪੇਰੋਲ ਟੈਕਸਾਂ ਤੋਂ ਬਚਿਆ ਜਾਂਦਾ ਹੈ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੁਝ ਮਾਮਲਿਆਂ ਵਿਚ ਗੈਰ-ਅਧਿਕਾਰਤ ਮਜ਼ਦੂਰ ਨੌਕਰੀ ਹਾਸਲ ਕਰਨ ਲਈ ਅਮਰੀਕੀ ਨਾਗਰਿਕਾਂ ਜਾਂ ਕਾਨੂੰਨੀ ਨਿਵਾਸੀਆਂ ਦੇ ਸੋਸ਼ਲ ਸਕਿਓਰਿਟੀ ਨੰਬਰ ਵਰਤਦੇ ਜਾਂ ਖਰੀਦਦੇ ਹਨ। ਖਜ਼ਾਨਾ ਵਿਭਾਗ ਮੁਤਾਬਕ ਲੇਬਰ ਬ੍ਰੋਕਰ ਇਸ ਗੈਰ-ਕਾਨੂੰਨੀ ਕਮਾਈ ਵਿਚੋਂ 4 ਤੋਂ 10 ਫੀਸਦੀ ਤੱਕ ਹਿੱਸਾ ਰੱਖਦੇ ਹਨ।

FinCEN ਨੇ ਬੈਂਕਾਂ ਲਈ 18 "ਰੈੱਡ ਫਲੈਗ" ਜਾਰੀ ਕੀਤੇ ਹਨ। ਉਦਾਹਰਨ ਵਜੋਂ, ਜੇ ਕੋਈ ਵਿਅਕਤੀ ਆਪਣੇ ਆਪ ਨੂੰ ਮਜ਼ਦੂਰ ਦੱਸ ਕੇ ITIN ਦੇ ਆਧਾਰ 'ਤੇ ਖਾਤਾ ਖੋਲ੍ਹੇ, ਕਈ ਕੰਪਨੀਆਂ ਤੋਂ ਵੱਡੀਆਂ ਰਕਮਾਂ ਪ੍ਰਾਪਤ ਕਰੇ ਅਤੇ ਫਿਰ ਨਕਦ ਕਢਵਾ ਲਏ ਜਾਂ ਛੋਟੇ-ਛੋਟੇ ਚੈਕ ਜਾਰੀ ਕਰੇ, ਤਾਂ ਇਹ ਸ਼ੱਕੀ ਮੰਨਿਆ ਜਾ ਸਕਦਾ ਹੈ।

# ਅਮਰੀਕਾ ਵੱਲੋਂ ਇਰਾਨ ਦੀ ਫੁੱਟਬਾਲ ਟੀਮ ਨੂੰ ਵੀਜ਼ੇ ਜਾਰੀ; ਵਰਲਡ ਕੱਪ 'ਚ ਖੇਡਣ ਦਾ ਰਾਹ ਸਾਫ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਅਤੇ ਇਰਾਨ ਵਿਚਕਾਰ ਤਣਾਅਪੂਰਨ ਸੰਬੰਧਾਂ ਦੇ ਬਾਵਜੂਦ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਅਮਰੀਕੀ ਸਰਕਾਰ ਨੇ ਇਰਾਨ ਦੀ ਰਾਸ਼ਟਰੀ ਫੁੱਟਬਾਲ ਟੀਮ ਦੇ ਖਿਡਾਰੀਆਂ ਨੂੰ ਵੀਜ਼ੇ ਜਾਰੀ ਕਰ ਦਿੱਤੇ ਹਨ। ਇਸ ਨਾਲ ਇਰਾਨ ਦੀ ਟੀਮ ਲਈ ਅਮਰੀਕਾ ਵਿਚ ਹੋਣ ਵਾਲੇ ਫੀਫਾ ਵਰਲਡ ਕੱਪ ਵਿਚ ਹਿੱਸਾ ਲੈਣ ਦਾ ਰਾਹ ਸਾਫ਼ ਹੋ ਗਿਆ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਹਫ਼ਤੇ ਕਾਂਗਰਸ ਵਿਚ ਗਵਾਹੀ ਦੌਰਾਨ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਨੂੰ ਇਰਾਨ ਦੀ ਫੁੱਟਬਾਲ ਟੀਮ ਨੂੰ ਵੀਜ਼ਾ ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ। ਹਾਲਾਂਕਿ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਰਕਾਰ ਇਹ ਯਕੀਨੀ ਬਣਾਏਗੀ ਕਿ ਖੇਡਾਂ ਦੇ ਨਾਂ 'ਤੇ ਇਰਾਨ ਦੀ ਕਿਸੇ ਸਰਕਾਰੀ ਜਾਂ ਫੌਜੀ ਸੰਸਥਾ ਨਾਲ ਜੁੜੇ ਲੋਕਾਂ ਨੂੰ ਡੈਲੀਗੇਸ਼ਨ ਵਿਚ ਸ਼ਾਮਲ ਨਾ ਕੀਤਾ ਜਾਵੇ।

ਰੂਬੀਓ ਨੇ ਕਿਹਾ ਕਿ ਅਮਰੀਕਾ ਖ਼ਾਸ ਤੌਰ 'ਤੇ

## ■ ਟਰੰਪ ਪ੍ਰਸ਼ਾਸਨ ਨੇ ਆਈ.ਆਰ.ਜੀ.ਸੀ. ਨਾਲ ਜੁੜੇ ਲੋਕਾਂ 'ਤੇ ਰੱਖੀ ਸਖ਼ਤ ਨਜ਼ਰ

ਇਸ ਗੱਲ 'ਤੇ ਨਜ਼ਰ ਰੱਖੇਗਾ ਕਿ ਇਰਾਨ ਦੀ ਟੀਮ ਦੇ ਨਾਲ ਅਜਿਹੇ ਲੋਕ ਨਾ ਆਉਣ ਜਿਨ੍ਹਾਂ ਦੇ ਸੰਬੰਧ ਇਰਾਨ ਦੀ ਫੌਜੀ ਇਕਾਈ ਇਸਲਾਮੀ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਨਾਲ ਹੋਣ ਅਤੇ ਜਿਨ੍ਹਾਂ ਦਾ ਖੇਡਾਂ ਨਾਲ ਕੋਈ ਸਬੰਧ ਨਾ ਹੋਵੇ।

ਉੱਧਰ ਟੌਮ ਬੈਰਕ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿਚ ਦੱਸਿਆ ਕਿ ਤੁਰਕੀ ਵਿਚ ਸਥਿਤ ਅਮਰੀਕੀ ਦੂਤਾਵਾਸ ਦੀ ਟੀਮ ਨੇ ਇਰਾਨ ਦੀ ਰਾਸ਼ਟਰੀ ਫੁੱਟਬਾਲ ਟੀਮ ਲਈ ਵੀਜ਼ਾ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਸਰਹੱਦਾਂ ਤੋਂ ਉੱਪਰ ਹੁੰਦੀਆਂ ਹਨ ਅਤੇ ਅਮਰੀਕਾ ਦੁਨੀਆਂ ਭਰ ਦੇ ਖਿਡਾਰੀਆਂ ਅਤੇ ਪ੍ਰਸ਼ੰਸਕਾਂ ਦਾ ਸਵਾਗਤ ਕਰਨ ਲਈ ਤਿਆਰ ਹੈ।

ਇਰਾਨ ਦੀ ਟੀਮ ਆਪਣੇ ਮੈਚ ਅਮਰੀਕਾ ਵਿਚ ਖੇਡੇਗੀ, ਪਰ ਜਾਣਕਾਰੀ ਅਨੁਸਾਰ ਟੀਮ ਦਾ ਮੁੱਖ ਟਿਕਾਣਾ ਮੈਕਸੀਕੋ ਵਿਚ ਹੋਵੇਗਾ। ਇਸ ਦਾ ਇੱਕ ਕਾਰਨ ਅਮਰੀਕਾ ਵੱਲੋਂ ਇਰਾਨ 'ਤੇ ਲਗਾਈਆਂ ਗਈਆਂ ਪਾਬੰਦੀਆਂ ਅਤੇ ਹੋਰ ਲਾਜਿਸਟਿਕ ਮੁਸ਼ਕਲਾਂ ਹਨ। ਇਸ ਸਾਲ ਮਾਰਚ ਵਿਚ ਇਰਾਨ ਦੇ ਖੇਡ ਮੰਤਰੀ ਨੇ ਕਿਹਾ ਸੀ ਕਿ ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਤਣਾਅ ਦੇ ਮੱਦੇਨਜ਼ਰ ਇਰਾਨ ਦੀ ਟੀਮ ਵਰਲਡ ਕੱਪ ਵਿਚ ਹਿੱਸਾ ਨਹੀਂ ਲਵੇਗੀ। ਪਰ ਬਾਅਦ ਵਿਚ ਜੰਗਬੰਦੀ ਹੋਣ ਤੋਂ ਬਾਅਦ ਇਰਾਨੀ ਫੁੱਟਬਾਲ ਫੈਡਰੇਸ਼ਨ ਦੇ ਪ੍ਰਧਾਨ ਮਹਿਦੀ ਤਾਜ ਨੇ ਕਿਹਾ ਕਿ ਵਰਲਡ ਕੱਪ ਵਿਚ ਖੇਡਣਾ ਇਰਾਨ ਦਾ ਅਧਿਕਾਰ ਹੈ ਅਤੇ ਟੀਮ ਯੋਗਤਾ ਹਾਸਲ ਕਰ ਚੁੱਕੀ ਹੈ। ਫੀਫਾ ਦੇ ਪ੍ਰਧਾਨ ਗਿਆਨੀ ਇਨਫੈਂਟੀਨੋ ਨੇ ਵੀ ਪਹਿਲਾਂ ਪੁਸ਼ਟੀ ਕੀਤੀ ਸੀ ਕਿ ਇਰਾਨ ਦੀ ਟੀਮ ਵਰਲਡ ਕੱਪ ਵਿਚ ਹਿੱਸਾ ਲਵੇਗੀ ਅਤੇ ਉਸਦੇ ਕੁਝ ਮੈਚ ਅਮਰੀਕਾ ਵਿਚ ਖੇਡੇ ਜਾਣਗੇ।

# ਟਰੰਪ ਦੇ ਨਵੇਂ ਬੈਂਕਿੰਗ ਆਰਡਰ ਨਾਲ ਕਰਜ਼ਾ ਲੈਣਾ ਹੋ ਸਕਦਾ ਹੈ ਔਖਾ?

**■ ਬੈਂਕਾਂ ਨੂੰ ਮਿਲਣਗੇ ਵਧੇਰੇ ਅਧਿਕਾਰ, ਪ੍ਰਵਾਸੀ ਭਾਈਚਾਰੇ 'ਚ ਚਿੰਤਾ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਗਏ ਇੱਕ ਨਵੇਂ ਐਗਜ਼ੈਕਟਿਵ ਆਰਡਰ ਨੇ ਬੈਂਕਿੰਗ ਅਤੇ ਕਰਜ਼ਾ ਪ੍ਰਣਾਲੀ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਆਰਡਰ ਵਿੱਤੀ ਅਪਰਾਧਾਂ, ਟੈਕਸ ਚੋਰੀ, ਮਨੁੱਖੀ ਤਸਕਰੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਲਿਆਂਦਾ ਗਿਆ ਹੈ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦਾ ਅਸਰ ਆਮ ਲੋਕਾਂ, ਖਾਸ ਕਰਕੇ ਪ੍ਰਵਾਸੀਆਂ ਅਤੇ ਗੈਰ-ਰਵਾਇਤੀ ਆਮਦਨ ਵਾਲੇ ਲੋਕਾਂ 'ਤੇ ਵੀ ਪੈ ਸਕਦਾ ਹੈ।

ਨਵੇਂ ਆਰਡਰ ਤਹਿਤ ਅਮਰੀਕੀ ਖਜ਼ਾਨਾ ਵਿਭਾਗ ਨੂੰ ਬੈਂਕਾਂ ਲਈ ਨਵੀਆਂ ਹਦਾਇਤਾਂ ਜਾਰੀ ਕਰਨ ਲਈ ਕਿਹਾ ਗਿਆ ਹੈ, ਤਾਂ ਜੋ ਉਹ ਆਪਣੇ ਗਾਹਕਾਂ ਦੀ ਵਧੇਰੇ ਡੂੰਘਾਈ ਨਾਲ ਜਾਂਚ ਕਰ ਸਕਣ। ਬੈਂਕਾਂ ਨੂੰ ਹੁਣ ਖਾਤਾ ਖੋਲ੍ਹਣ, ਕਰੈਡਿਟ ਕਾਰਡ ਜਾਰੀ ਕਰਨ, ਕਰਜ਼ਾ ਦੇਣ ਜਾਂ ਮੋਰਟਗੇਜ ਮਨਜ਼ੂਰ ਕਰਨ ਤੋਂ ਪਹਿਲਾਂ ਗਾਹਕਾਂ ਬਾਰੇ ਵਧੇਰੇ ਜਾਣਕਾਰੀ ਇਕੱਠੀ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਵਾਈਟ ਹਾਊਸ ਦਾ ਕਹਿਣਾ ਹੈ ਕਿ ਕੁਝ ਲੋਕ ਬੈਂਕਿੰਗ ਪ੍ਰਣਾਲੀ ਦੀ ਵਰਤੋਂ ਟੈਕਸ ਚੋਰੀ, ਗੈਰ-ਕਾਨੂੰਨੀ ਤਨਖਾਹਾਂ, ਲੁਕਵੇਂ ਖਾਤਿਆਂ ਅਤੇ ਹੋਰ ਵਿੱਤੀ ਅਪਰਾਧਾਂ ਲਈ ਕਰਦੇ ਹਨ। ਇਸ ਲਈ ਬੈਂਕਾਂ ਨੂੰ ਸ਼ੱਕੀ ਲੈਣ-ਦੇਣ ਅਤੇ ਗਾਹਕਾਂ ਦੀ ਪਛਾਣ ਬਾਰੇ ਹੋਰ ਸਖ਼ਤੀ ਵਰਤਣ ਲਈ ਕਿਹਾ ਗਿਆ ਹੈ।

ਇਸ ਦੇ ਨਾਲ ਹੀ ਬੈਂਕਾਂ ਨੂੰ "Customer Due Diligence" ਯਾਨੀ ਗਾਹਕ ਦੀ ਪੂਰੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਭਵਿੱਖ ਵਿਚ ਬੈਂਕ ਖਾਤਾ ਖੋਲ੍ਹਣ ਜਾਂ ਕਰਜ਼ਾ ਲੈਣ ਸਮੇਂ ਵਧੇਰੇ ਦਸਤਾਵੇਜ਼ ਮੰਗੇ ਜਾ ਸਕਦੇ ਹਨ।

ਆਰਡਰ ਵਿਚ ਕਿਤੇ ਵੀ ਇਹ ਨਹੀਂ ਕਿਹਾ ਗਿਆ ਕਿ ਬੈਂਕ ਕਿਸੇ ਖਾਸ ਵਰਗ ਨੂੰ ਕਰਜ਼ਾ ਦੇਣਾ ਬੰਦ ਕਰ ਦੇਣ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਸਰਕਾਰ ਜ਼ੋਖਮਾਂ ਬਾਰੇ ਵਧੇਰੇ ਚੇਤਾਵਨੀ ਦਿੰਦੀ ਹੈ, ਤਾਂ ਬੈਂਕ ਆਪਣੇ ਨਿਯਮ ਸਖ਼ਤ ਕਰ ਲੈਂਦੇ ਹਨ।

ਜੇ ਕਿਸੇ ਬੈਂਕ ਨੂੰ ਲੱਗਦਾ ਹੈ ਕਿ ਕਰਜ਼ਾ ਲੈਣ ਵਾਲੇ ਦੀ ਨੌਕਰੀ, ਇਮੀਗ੍ਰੇਸ਼ਨ ਸਥਿਤੀ ਜਾਂ ਆਮਦਨ ਭਵਿੱਖ ਵਿਚ ਪ੍ਰਭਾਵਿਤ ਹੋ ਸਕਦੀ ਹੈ, ਤਾਂ ਉਹ ਕਰਜ਼ਾ ਮਨਜ਼ੂਰ ਕਰਨ ਵਿਚ ਹਿਚਕਚਾਹਟ ਦਿਖਾ ਸਕਦਾ ਹੈ।

ਇਸ ਨੀਤੀ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜਿਨ੍ਹਾਂ ਕੋਲ:

- ਘੱਟ ਕਰੈਡਿਟ ਹਿਸਟਰੀ ਹੈ
- ਆਮਦਨ ਦਾ ਰਵਾਇਤੀ ਰਿਕਾਰਡ ਨਹੀਂ ਹੈ
- ਸੈਲਫ-ਇੰਪਲਾਇਡ ਹਨ
- ਕੈਸ਼ ਬੇਸਡ ਕਾਰੋਬਾਰ ਕਰਦੇ ਹਨ
- ਸੋਸ਼ਲ ਸਕਿਓਰਿਟੀ ਨੰਬਰ ਦੀ ਬਜਾਏ ITIN ਵਰਤਦੇ ਹਨ

ਖਾਸ ਤੌਰ 'ਤੇ ITIN (ਇੰਡੀਵਿਜ਼ੂਅਲ ਟੈਕਸਪੇਅਰ ਆਈਡੈਂਟੀਫੀਕੇਸ਼ਨ ਨੰਬਰ) ਦੇ ਆਧਾਰ 'ਤੇ ਮੋਰਟਗੇਜ ਲੈਣ ਵਾਲੇ ਪ੍ਰਵਾਸੀ ਪਰਿਵਾਰਾਂ ਲਈ ਇਹ ਖ਼ਬਰ ਚਿੰਤਾ ਦਾ ਕਾਰਨ ਬਣ ਸਕਦੀ ਹੈ। ਅਮਰੀਕਾ ਵਿਚ ਪਹਿਲਾਂ ਹੀ ITIN ਮੋਰਟਗੇਜਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਵਧੀਕ ਜਾਂਚ ਕਾਰਨ ਇਹ ਹੋਰ ਵੀ ਘੱਟ ਹੋ ਸਕਦੀ ਹੈ।

ਘਰ ਖਰੀਦਣ ਵਾਲਿਆਂ ਲਈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਹੁਣ ਮੋਰਟਗੇਜ ਲੈਣਾ ਔਖਾ ਹੋ ਜਾਵੇਗਾ?

ਮਾਹਿਰਾਂ ਦਾ ਕਹਿਣਾ ਹੈ ਕਿ ਮੋਰਟਗੇਜ ਕੰਪਨੀਆਂ ਅਤੇ ਬੈਂਕ ਪਹਿਲਾਂ ਹੀ ਸਖ਼ਤ ਜਾਂਚ ਕਰਦੇ ਹਨ। ਜੇ ਨਵੇਂ ਨਿਯਮਾਂ ਤਹਿਤ ਹੋਰ ਦਸਤਾਵੇਜ਼ ਅਤੇ ਹੋਰ ਪੜਤਾਲ ਸ਼ਾਮਲ ਹੋ ਜਾਂਦੀ ਹੈ, ਤਾਂ ਇਸ ਨਾਲ ਮਨਜ਼ੂਰੀ ਵਿਚ ਵਧੇਰੇ ਸਮਾਂ ਲੱਗ ਸਕਦਾ ਹੈ। ਕੁਝ ਅਰਜ਼ੀਆਂ ਰੱਦ ਹੋ ਸਕਦੀਆਂ ਹਨ। ਡਾਊਨ ਪੇਮੈਂਟ ਅਤੇ ਆਮਦਨ ਦੇ ਸਬੂਤਾਂ 'ਤੇ ਹੋਰ ਜ਼ੋਰ ਦਿੱਤਾ ਜਾ ਸਕਦਾ ਹੈ।

ਇਹ ਖਾਸ ਕਰਕੇ ਉਨ੍ਹਾਂ ਪ੍ਰਵਾਸੀ ਪਰਿਵਾਰਾਂ ਲਈ ਮਹੱਤਵਪੂਰਨ ਹੋਵੇਗਾ, ਜੋ ਪਹਿਲੀ ਵਾਰ ਘਰ ਖਰੀਦਣ ਦੀ ਯੋਜਨਾ ਬਣਾ ਰਹੇ ਹਨ।

ਪਹਿਲਾਂ ਖ਼ਬਰਾਂ ਆਈਆਂ ਸਨ ਕਿ ਸਰਕਾਰ ਬੈਂਕਾਂ ਨੂੰ ਗਾਹਕਾਂ ਦੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੀ ਵਿਸਥਾਰ ਨਾਲ ਜਾਂਚ ਕਰਨ ਲਈ ਕਹਿ ਸਕਦੀ ਹੈ। ਪਰ ਅੰਤਿਮ ਆਰਡਰ ਵਿਚ ਅਜਿਹਾ ਕੋਈ ਸਪੱਸ਼ਟ ਹੁਕਮ ਸ਼ਾਮਲ ਨਹੀਂ ਕੀਤਾ ਗਿਆ।

ਇਸ ਦੀ ਬਜਾਏ ਬੈਂਕਾਂ ਨੂੰ ਸਿਰਫ਼ ਵਧੇਰੇ ਸਾਵਧਾਨੀ ਵਰਤਣ ਅਤੇ ਆਪਣੇ ਤੌਰ 'ਤੇ ਜ਼ੋਖਮ ਦਾ ਅੰਕਲਨ ਕਰਨ ਲਈ ਕਿਹਾ ਗਿਆ ਹੈ। ਇਸ ਨਾਲ ਭਵਿੱਖ 'ਚ ਨਵਾਂ ਚੈਕਿੰਗ ਅਕਾਊਂਟ ਖੋਲ੍ਹਣ ਲਈ ਵਧੇਰੇ ਦਸਤਾਵੇਜ਼ ਮੰਗੇ ਜਾ ਸਕਦੇ ਹਨ। ਕਰੈਡਿਟ ਕਾਰਡ ਮਨਜ਼ੂਰੀ ਵਿਚ ਦੇਰੀ ਹੋ ਸਕਦੀ ਹੈ। ਕਰੈਡਿਟ ਲਿਮਿਟ ਵਧਾਉਣ ਲਈ ਵਧੇਰੇ ਜਾਂਚ ਹੋ ਸਕਦੀ ਹੈ। ਬੈਂਕ ਆਮਦਨ ਅਤੇ ਪਛਾਣ ਦੇ ਹੋਰ ਸਬੂਤ ਮੰਗ ਸਕਦੇ ਹਨ।

# ਅਸਾਇਲਮ, ਵਰਕ ਪਰਮਿਟ ਅਤੇ ਗ੍ਰੀਨ ਕਾਰਡ ਕੇਸਾਂ 'ਤੇ ਟਰੰਪ ਪ੍ਰਸ਼ਾਸਨ ਨੂੰ ਝਟਕਾ

**■ ਫੈਡਰਲ ਜੱਜ ਵੱਲੋਂ ਪ੍ਰਕਿਰਿਆ ਮੁੜ ਸ਼ੁਰੂ ਕਰਨ ਦੇ ਹੁਕਮ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੂੰ ਇੱਕ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਰੋਡ ਆਈਲੈਂਡ ਦੀ ਫੈਡਰਲ ਅਦਾਲਤ ਦੇ ਜੱਜ ਜੌਨ ਮੈਕਕਾਨਲ ਜੂਨੀਅਰ ਨੇ ਟਰੰਪ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਹੈ ਕਿ ਅਸਾਇਲਮ, ਵਰਕ ਪਰਮਿਟ, ਗ੍ਰੀਨ ਕਾਰਡ ਅਤੇ ਨਾਗਰਿਕਤਾ ਸਬੰਧੀ ਰੋਕੀਆਂ ਗਈਆਂ ਅਰਜ਼ੀਆਂ ਦੀ ਪ੍ਰਕਿਰਿਆ ਤੁਰੰਤ ਮੁੜ ਸ਼ੁਰੂ ਕੀਤੀ ਜਾਵੇ। ਅਦਾਲਤ ਨੇ ਕਿਹਾ ਕਿ ਹਜ਼ਾਰਾਂ ਇਮੀਗ੍ਰੈਂਟ ਮਹੀਨਿਆਂ ਤੋਂ ਕਾਨੂੰਨੀ ਅਨਿਸ਼ਚਿਤਤਾ ਵਿਚ ਜੀਅ ਰਹੇ ਹਨ ਅਤੇ ਸਰਕਾਰ ਵੱਲੋਂ ਕੇਸਾਂ ਨੂੰ ਅਣਮਿੱਥੇ ਸਮੇਂ ਲਈ ਰੋਕ ਕੇ ਰੱਖਣਾ ਕਾਨੂੰਨ ਦੇ ਖ਼ਿਲਾਫ਼ ਹੈ।

ਜੱਜ ਨੇ ਆਪਣੇ 135 ਸਫ਼ਿਆਂ ਦੇ ਫ਼ੈਸਲੇ ਵਿਚ ਕਿਹਾ ਕਿ ਪ੍ਰਭਾਵਿਤ ਲੋਕਾਂ ਨੇ ਅਮਰੀਕਾ ਵਿਚ ਆਉਣ ਅਤੇ ਰਹਿਣ ਲਈ ਸਾਰੇ ਕਾਨੂੰਨੀ ਨਿਯਮਾਂ ਦੀ ਪਾਲਣਾ ਕੀਤੀ ਸੀ, ਪਰ ਫਿਰ ਵੀ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਸਿਰਫ਼ ਉਨ੍ਹਾਂ ਦੇ ਜਨਮ ਦੇਸ਼ ਦੇ ਆਧਾਰ 'ਤੇ ਰੋਕ ਦਿੱਤਾ ਗਿਆ। ਫ਼ੈਸਲੇ ਅਨੁਸਾਰ ਕਈ ਲੋਕ ਵਰਕ ਪਰਮਿਟਾਂ ਤੋਂ ਵਾਂਝੇ ਰਹੇ, ਗ੍ਰੀਨ ਕਾਰਡ ਕੇਸ ਅਟਕ ਗਏ ਅਤੇ ਨਾਗਰਿਕਤਾ ਸਮਾਰੋਹ ਵੀ ਰੱਦ ਹੋ ਗਏ, ਜਿਸ ਕਾਰਨ ਉਹ ਆਪਣੇ ਭਵਿੱਖ ਦੀ ਕੋਈ ਯੋਜਨਾ ਨਹੀਂ ਬਣਾ ਸਕੇ।

ਇਹ ਮਾਮਲਾ ਉਸ ਨੀਤੀ ਨਾਲ ਜੁੜਿਆ ਹੋਇਆ ਹੈ, ਜਿਸ ਤਹਿਤ ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਨਵੰਬਰ ਵਿਚ 39 ਦੇਸ਼ਾਂ ਨਾਲ ਸਬੰਧਤ ਕਈ ਇਮੀਗ੍ਰੇਸ਼ਨ ਅਰਜ਼ੀਆਂ ਦੀ ਕਾਰਵਾਈ ਰੋਕ ਦਿੱਤੀ ਸੀ। ਸਰਕਾਰ ਦਾ ਦਾਅਵਾ ਸੀ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਜਾਂਚ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਸੀ। ਪਰ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਫ਼ੈਸਲੇ ਤੋਂ ਬਾਅਦ ਸਰਕਾਰ ਨੂੰ ਅਸਾਇਲਮ ਕੇਸਾਂ ਦੀ ਸੁਣਵਾਈ, ਵਰਕ ਪਰਮਿਟਾਂ ਦੀ ਮਨਜ਼ੂਰੀ, ਗ੍ਰੀਨ ਕਾਰਡ ਅਰਜ਼ੀਆਂ ਅਤੇ ਨਾਗਰਿਕਤਾ ਪ੍ਰਕਿਰਿਆ ਨੂੰ ਮੁੜ ਚਾਲੂ ਕਰਨਾ ਪਵੇਗਾ। ਰੋਕੇ ਗਏ ਨੈਚਰਲਾਈਜ਼ੇਸ਼ਨ ਸਮਾਰੋਹ ਵੀ ਦੁਬਾਰਾ ਕਰਵਾਏ ਜਾਣਗੇ।




# DOGE ’ਤੇ ਗੰਭੀਰ ਦੋਸ਼: 27 ਲੱਖ ਜ਼ਿੰਦਾ ਲੋਕਾਂ ਨੂੰ “ਮ੍ਰਿਤਕ” ਘੋਸ਼ਿਤ ਕਰਨ ਦੀ ਯੋਜਨਾ ਦਾ ਖੁਲਾਸਾ

**■ ਸੋਸ਼ਲ ਸਕਿਓਰਿਟੀ ਦੇ ਸਾਬਕਾ ਅਧਿਕਾਰੀ ਦਾ ਦਾਅਵਾ, ਐੱਸ.ਐੱਸ.ਏ. ਵੱਲੋਂ ਦੋਸ਼ ਰੱਦ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਅਤੇ ਸਰਕਾਰੀ ਡਾਟਾ ਦੀ ਵਰਤੋਂ ਨੂੰ ਲੈ ਕੇ ਇੱਕ ਨਵਾਂ ਵਿਵਾਦ ਸਾਹਮਣੇ ਆਇਆ ਹੈ। ਇੱਕ ਸਾਬਕਾ ਸੋਸ਼ਲ ਸਕਿਓਰਿਟੀ ਪ੍ਰਸ਼ਾਸਨ (ਐੱਸ.ਐੱਸ.ਏ.) ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਸਰਕਾਰੀ ਕਾਰਗੁਜ਼ਾਰੀ ਪ੍ਰੋਗਰਾਮ DOGE (ਡਿਪਾਰਟਮੈਂਟ ਆਫ ਗਵਰਨਮੈਂਟ ਆਫ ਐਫੀਸ਼ੀਐਂਸੀ) ਦੇ ਕੁਝ ਅਧਿਕਾਰੀਆਂ ਨੇ ਲੱਖਾਂ ਜ਼ਿੰਦਾ ਲੋਕਾਂ ਨੂੰ ਸਰਕਾਰੀ ਰਿਕਾਰਡਾਂ ਵਿਚ “ਮ੍ਰਿਤਕ” ਦਰਸਾਉਣ ਦੀ ਯੋਜਨਾ ਬਣਾਈ ਸੀ।

ਲੰਬੇ ਸਮੇਂ ਤੱਕ ਐੱਸ.ਐੱਸ.ਏ. ਵਿਚ ਕੰਮ ਕਰ ਚੁੱਕੇ ਜੇਰੇਮੀਆਹ ਸਕੋਫੀਲਡ ਨੇ ਸੈਨੇਟ ਦੀਆਂ ਦੋ ਕਮੇਟੀਆਂ ਕੋਲ ਦਾਇਰ ਇੱਕ ਵਿਸਲਬਲੋਅਰ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਲਗਭਗ 27 ਲੱਖ ਲੋਕਾਂ ਨੂੰ ਸੋਸ਼ਲ ਸਕਿਓਰਿਟੀ ਦੀ “ਡੈਥ ਮਾਸਟਰ ਫਾਈਲ” ਵਿਚ ਸ਼ਾਮਲ ਕਰਨ ਦੀ ਗੱਲ ਕੀਤੀ ਗਈ ਸੀ, ਭਾਵੇਂ ਉਹ ਜ਼ਿੰਦਾ ਸਨ।

ਸਕੋਫੀਲਡ ਅਨੁਸਾਰ ਇਸ ਯੋਜਨਾ ਦਾ ਮਕਸਦ ਕੁਝ ਪ੍ਰਵਾਸੀਆਂ ਨੂੰ ਅਮਰੀਕੀ ਵਿੱਤੀ ਪ੍ਰਣਾਲੀ ਤੋਂ ਕੱਟਣਾ ਸੀ, ਤਾਂ ਜੋ ਉਹ ਖੁਦ ਹੀ ਦੇਸ਼ ਛੱਡਣ ਲਈ ਮਜਬੂਰ ਹੋ ਜਾਣ ਜਾਂ ਮਦਦ ਲੈਣ ਲਈ ਸਰਕਾਰੀ ਦਫ਼ਤਰਾਂ ਵਿਚ ਪਹੁੰਚਣ, ਜਿੱਥੇ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਜਾ ਸਕੇ।

ਜੇ ਕਿਸੇ ਵਿਅਕਤੀ ਦਾ ਨਾਮ ਡੈਥ ਮਾਸਟਰ ਫਾਈਲ ਵਿਚ ਆ ਜਾਂਦਾ ਹੈ, ਤਾਂ ਉਸ ਨੂੰ ਬੈਂਕਿੰਗ ਸੇਵਾਵਾਂ, ਤਨਖਾਹ, ਸਰਕਾਰੀ ਲਾਭ ਅਤੇ ਹੋਰ ਵਿੱਤੀ ਸਹੂਲਤਾਂ ਪ੍ਰਾਪਤ ਕਰਨ ਵਿਚ ਗੰਭੀਰ ਮੁਸ਼ਕਲਾਂ ਆ ਸਕਦੀਆਂ ਹਨ। ਕੁਝ ਮਾਮਲਿਆਂ ਵਿਚ ਅਮਰੀਕੀ ਨਾਗਰਿਕ ਵੀ ਇਸ ਦੇ ਪ੍ਰਭਾਵ ਹੇਠ ਆ ਸਕਦੇ ਸਨ।

ਹਾਲਾਂਕਿ ਸੋਸ਼ਲ ਸਕਿਓਰਿਟੀ ਪ੍ਰਸ਼ਾਸਨ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਏਜੰਸੀ ਦੇ ਬੁਲਾਰੇ ਨੇ ਕਿਹਾ ਹੈ ਕਿ 27 ਲੱਖ ਲੋਕਾਂ ਦੀ ਕੋਈ ਸੂਚੀ ਡੈਥ ਮਾਸਟਰ ਫਾਈਲ ਵਿਚ ਸ਼ਾਮਲ ਨਹੀਂ ਕੀਤੀ ਗਈ ਅਤੇ ਏਜੰਸੀ ਦੇ ਰਿਕਾਰਡਾਂ ਨੂੰ ਯਕੀਨੀ ਬਣਾਉਣ ਲਈ ਸਖ਼ਤ ਕੰਟਰੋਲ ਮੌਜੂਦ ਹਨ।

ਉੱਧਰ ਹੋਮਲੈਂਡ ਸਕਿਓਰਿਟੀ ਡਿਪਾਰਟਮੈਂਟ (ਡੀ.ਐੱਚ.ਐੱਸ.) ਨੇ ਇਸ ਕਥਿਤ ਯੋਜਨਾ ਬਾਰੇ ਸਿੱਧਾ ਜਵਾਬ ਨਹੀਂ ਦਿੱਤਾ, ਪਰ ਕਿਹਾ ਕਿ ਵੱਖ-ਵੱਖ ਏਜੰਸੀਆਂ ਵਿਚਕਾਰ ਜਾਣਕਾਰੀ ਸਾਂਝੀ ਕਰਨਾ ਦੇਸ਼ ਦੀ ਸੁਰੱਖਿਆ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਦੀ ਪਛਾਣ ਲਈ ਜ਼ਰੂਰੀ ਹੈ।

DOGE ਦੀ ਸਥਾਪਨਾ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿਚ ਕੀਤੀ ਸੀ ਅਤੇ ਇਸ ਦੀ ਅਗਵਾਈ ਲਈ ਐਲੋਨ ਮਸਕ ਨੂੰ ਅੱਗੇ ਲਿਆਂਦਾ ਗਿਆ ਸੀ। ਇਸ ਪ੍ਰੋਗਰਾਮ ਦਾ ਮਕਸਦ ਸਰਕਾਰੀ ਖਰਚੇ ਘਟਾਉਣਾ ਅਤੇ ਕਾਰਗੁਜ਼ਾਰੀ ਵਧਾਉਣਾ ਦੱਸਿਆ ਗਿਆ ਸੀ।

ਸਕੋਫੀਲਡ ਨੇ ਇਹ ਵੀ ਦੋਸ਼ ਲਗਾਇਆ ਕਿ DOGE ਦੇ ਕੁਝ ਕਰਮਚਾਰੀ ਸੋਸ਼ਲ ਸਕਿਓਰਿਟੀ ਦੇ ਸੰਵੇਦਨਸ਼ੀਲ ਡਾਟਾ ਤੱਕ ਪਹੁੰਚ ਕਰ ਰਹੇ ਸਨ ਅਤੇ ਉਨ੍ਹਾਂ ਦੇ ਕੰਮਕਾਜ ਬਾਰੇ ਕਈ ਸਵਾਲ ਉੱਠੇ ਸਨ। ਇਸ ਮਾਮਲੇ ’ਤੇ ਪਹਿਲਾਂ ਵੀ ਕੁਝ ਹੋਰ ਵਿਸਲਬਲੋਅਰ ਚਿੰਤਾ ਜਤਾ ਚੁੱਕੇ ਹਨ।

ਦੂਜੇ ਪਾਸੇ DOGE ਨਾਲ ਜੁੜੇ ਕੁਝ ਅਧਿਕਾਰੀਆਂ ਅਤੇ ਵਕੀਲਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਯੋਜਨਾ ਦੀ ਜਾਣਕਾਰੀ ਨਹੀਂ ਸੀ। ਇਸ ਵੇਲੇ ਇਹ ਦੋਸ਼ ਅਤੇ ਜਵਾਬੀ ਦਾਅਵੇ ਜਾਂਚ ਅਤੇ ਰਾਜਨੀਤਿਕ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

# ਇਮੀਗ੍ਰੇਸ਼ਨ ਸਖਤੀ ਕਾਰਨ ਅਮਰੀਕਾ ਸਮੇਤ ਵਿਕਸਿਤ ਦੇਸ਼ਾਂ ਸਾਹਮਣੇ ਮਜ਼ਦੂਰਾਂ ਦੀ ਕਮੀ ਬਣੀ ਵੱਡੀ ਚੁਣੌਤੀ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਇੱਕ ਵੱਡਾ ਵਿਰੋਧਾਭਾਸ ਸਾਹਮਣੇ ਆ ਰਿਹਾ ਹੈ। ਇੱਕ ਪਾਸੇ ਅਮਰੀਕੀ ਸੈਨੇਟ ਨੇ ਸਰਹੱਦੀ ਸੁਰੱਖਿਆ, ਡਿਪੋਰਟੇਸ਼ਨ ਕਾਰਵਾਈਆਂ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਲਈ ਵਾਧੂ 70 ਬਿਲੀਅਨ ਡਾਲਰ ਦੀ ਮਨਜ਼ੂਰੀ ਦਿੱਤੀ ਹੈ, ਜਦਕਿ ਦੂਜੇ ਪਾਸੇ ਦੇਸ਼ ਦੇ ਕਈ ਉਦਯੋਗ ਮਜ਼ਦੂਰਾਂ ਦੀ ਭਾਰੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਹ ਸਥਿਤੀ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ, ਸਗੋਂ ਯੂਰਪ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਕਈ ਵਿਕਸਿਤ ਦੇਸ਼ਾਂ ਵਿਚ ਵੀ ਦੇਖਣ ਨੂੰ ਮਿਲ ਰਹੀ ਹੈ।

ਪਿਛਲੇ ਕਈ ਦਹਾਕਿਆਂ ਤੱਕ ਇਮੀਗ੍ਰੇਸ਼ਨ ਨੂੰ ਆਰਥਿਕ ਵਿਕਾਸ ਦੇ ਇੱਕ ਮਹੱਤਵਪੂਰਨ ਸਾਧਨ ਵਜੋਂ ਦੇਖਿਆ ਜਾਂਦਾ ਸੀ। ਪ੍ਰਵਾਸੀ ਮਜ਼ਦੂਰਾਂ ਨੇ ਉਦਯੋਗਾਂ ਨੂੰ ਕਾਮੇ ਦਿੱਤੇ, ਸਰਕਾਰਾਂ ਨੂੰ ਵਧੇਰੇ ਟੈਕਸ ਮਿਲੇ ਅਤੇ ਵਧਦੀ ਆਬਾਦੀ ਨੇ ਆਰਥਿਕ ਗਤੀਵਿਧੀਆਂ ਨੂੰ ਮਜ਼ਬੂਤ ਕੀਤਾ। ਪਰ ਹੁਣ ਇਮੀਗ੍ਰੇਸ਼ਨ ਬਾਰੇ ਚਰਚਾ ਸਿਰਫ਼ ਰੋਜ਼ਗਾਰ ਤੱਕ ਸੀਮਤ ਨਹੀਂ ਰਹੀ। ਘਰਾਂ ਦੀਆਂ ਵਧਦੀਆਂ ਕੀਮਤਾਂ, ਸਰਕਾਰੀ ਸੇਵਾਵਾਂ ’ਤੇ ਵਧਦਾ ਦਬਾਅ, ਆਵਾਜਾਈ ਅਤੇ ਬੁਨਿਆਦੀ ਢਾਂਚੇ ਦੀਆਂ ਸਮੱਸਿਆਵਾਂ ਅਤੇ ਸਮਾਜਿਕ ਤਾਲਮੇਲ ਦੇ ਮੁੱਦੇ ਵੀ ਇਸ ਚਰਚਾ ਦਾ ਹਿੱਸਾ ਬਣ ਚੁੱਕੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਦੇਸ਼ਾਂ ਵਿਚ ਆਬਾਦੀ ਵਾਧੇ ਦੇ ਮੁਕਾਬਲੇ ਘਰਾਂ ਦੀ ਉਸਾਰੀ ਨਹੀਂ ਹੋਈ। ਨਤੀਜੇ ਵਜੋਂ ਕਿਰਾਏ ਅਤੇ ਘਰਾਂ ਦੀਆਂ ਕੀਮਤਾਂ ਵਿਚ ਵੱਡਾ ਵਾਧਾ ਹੋਇਆ ਹੈ। ਕਈ ਲੋਕ ਮੰਨਦੇ ਹਨ ਕਿ ਤੇਜ਼ੀ ਨਾਲ ਵਧ ਰਹੀ ਆਬਾਦੀ, ਜਿਸ ਵਿਚ ਪ੍ਰਵਾਸ ਵੀ ਸ਼ਾਮਲ ਹੈ, ਹਾਊਸਿੰਗ ਸੰਕਟ ਨੂੰ ਹੋਰ ਗੰਭੀਰ ਬਣਾ ਰਹੀ ਹੈ। ਇਸ ਕਾਰਨ ਸਿਆਸੀ ਆਗੂਆਂ ’ਤੇ ਇਮੀਗ੍ਰੇਸ਼ਨ ਨੂੰ ਕੰਟਰੋਲ ਕਰਨ ਦਾ ਦਬਾਅ ਵਧਿਆ ਹੈ, ਭਾਵੇਂ ਉਦਯੋਗਾਂ ਨੂੰ ਅਜੇ ਵੀ ਮਜ਼ਦੂਰਾਂ ਦੀ ਲੋੜ ਹੈ।

ਹੈਲਥਕੇਅਰ, ਖੇਤੀਬਾੜੀ, ਨਿਰਮਾਣ, ਹੋਟਲ ਅਤੇ ਰੈਸਟੋਰੈਂਟ ਉਦਯੋਗ, ਟਰਾਂਸਪੋਰਟ ਅਤੇ ਲਾਜਿਸਟਿਕਸ ਵਰਗੇ ਖੇਤਰਾਂ ਵਿਚ ਅਜੇ ਵੀ ਮਜ਼ਦੂਰਾਂ ਦੀ ਭਾਰੀ ਕਮੀ ਹੈ। ਕਾਰੋਬਾਰਾਂ ਦਾ ਕਹਿਣਾ ਹੈ ਕਿ ਸਥਾਨਕ ਵਰਕਫੋਰਸ ਦੀ ਗਿਣਤੀ ਇੰਨੀ ਤੇਜ਼ੀ ਨਾਲ ਨਹੀਂ ਵੱਧ ਰਹੀ ਕਿ ਉਹ ਮੰਗ ਨੂੰ ਪੂਰਾ ਕਰ ਸਕੇ। ਇਸ ਤੋਂ ਇਲਾਵਾ ਵਿਕਸਿਤ ਦੇਸ਼ਾਂ ਵਿਚ ਜਨਮ ਦਰ ਘਟ ਰਹੀ ਹੈ ਅਤੇ ਬਜ਼ੁਰਗਾਂ ਦੀ ਗਿਣਤੀ ਵੱਧ ਰਹੀ ਹੈ, ਜਿਸ ਕਾਰਨ ਘੱਟ ਕਰਮਚਾਰੀਆਂ ਨੂੰ ਵੱਧ ਰਿਟਾਇਰ ਹੋ ਰਹੇ ਲੋਕਾਂ ਦਾ ਆਰਥਿਕ ਬੋਝ ਝੱਲਣਾ ਪੈ ਰਿਹਾ ਹੈ।

ਇਸ ਸਥਿਤੀ ਵਿਚ ਇੱਕ ਹੋਰ ਵੱਡਾ ਤੱਤ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.) ਅਤੇ ਆਟੋਮੇਸ਼ਨ ਹੈ। ਕਈ ਕੰਪਨੀਆਂ ਹੁਣ ਵਧੇਰੇ ਕਰਮਚਾਰੀ ਭਰਤੀ ਕਰਨ ਦੀ ਬਜਾਏ ਏ.ਆਈ. ਅਤੇ ਆਧੁਨਿਕ ਤਕਨਾਲੋਜੀ ਵਿਚ ਨਿਵੇਸ਼ ਕਰ ਰਹੀਆਂ ਹਨ। ਕੁਝ ਨੀਤੀ ਨਿਰਮਾਤਾਵਾਂ ਦਾ ਮੰਨਣਾ ਹੈ ਕਿ ਭਵਿੱਖ ਵਿਚ ਮਜ਼ਦੂਰਾਂ ਦੀ ਕਮੀ ਨੂੰ ਇਮੀਗ੍ਰੇਸ਼ਨ ਦੀ ਬਜਾਏ ਤਕਨਾਲੋਜੀ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ। ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਏ.ਆਈ. ਤੁਰੰਤ ਵੱਡੀ ਗਿਣਤੀ ਵਿਚ ਮਨੁੱਖੀ ਕਰਮਚਾਰੀਆਂ ਦੀ ਥਾਂ ਨਹੀਂ ਲੈ ਸਕਦਾ, ਪਰ ਇਹ ਮਜ਼ਦੂਰੀ ਬਾਜ਼ਾਰ ਦੀਆਂ ਲੋੜਾਂ ਬਾਰੇ ਸੋਚ ਨੂੰ ਬਦਲ ਰਿਹਾ ਹੈ।

ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਸਰਹੱਦੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਲਈ ਵਧੇਰੇ ਫੰਡਿੰਗ ਦਾ ਫ਼ੈਸਲਾ ਇਸ ਗੱਲ ਦਾ ਸੰਕੇਤ ਹੈ ਕਿ ਇਮੀਗ੍ਰੇਸ਼ਨ ਹੁਣ ਸਿਰਫ਼ ਸਰਹੱਦਾਂ ਦਾ ਮੁੱਦਾ ਨਹੀਂ ਰਿਹਾ। ਇਹ ਹਾਊਸਿੰਗ, ਆਰਥਿਕ ਯੋਜਨਾਬੰਦੀ, ਸਰਕਾਰੀ ਖ਼ਰਚਿਆਂ ਅਤੇ ਰੋਜ਼ਗਾਰ ਨੀਤੀਆਂ ਨਾਲ ਜੁੜਿਆ ਹੋਇਆ ਇੱਕ ਵੱਡਾ ਰਾਸ਼ਟਰੀ ਮੁੱਦਾ ਬਣ ਗਿਆ ਹੈ।




# DHS ਦਾ ਨਵਾਂ ਪ੍ਰਸਤਾਵ: ਲਗਭਗ 10 ਲੱਖ ਪ੍ਰਵਾਸੀਆਂ ਦੇ ਵਰਕ ਪਰਮਿਟ ਖਤਰੇ ’ਚ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਕਾਨੂੰਨੀ ਇਮੀਗ੍ਰੇਸ਼ਨ ਨੂੰ ਹੋਰ ਸੀਮਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਦਿਆਂ ਵਰਕ ਪਰਮਿਟ (ਰੁਜ਼ਗਾਰ ਅਧਿਕਾਰ ਦਸਤਾਵੇਜ਼ - ਈ.ਏ.ਡੀ.) ਸਬੰਧੀ ਨਵੇਂ ਸਖ਼ਤ ਨਿਯਮਾਂ ਦਾ ਪ੍ਰਸਤਾਵ ਜਾਰੀ ਕੀਤਾ ਹੈ। ਜੇ ਇਹ ਨਿਯਮ ਲਾਗੂ ਹੋ ਜਾਂਦੇ ਹਨ, ਤਾਂ ਲਗਭਗ 10 ਲੱਖ ਪ੍ਰਵਾਸੀਆਂ ’ਤੇ ਇਸ ਦਾ ਸਿੱਧਾ ਅਸਰ ਪੈ ਸਕਦਾ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਵੱਲੋਂ ਪੇਸ਼ ਕੀਤੇ ਗਏ ਇਸ ਪ੍ਰਸਤਾਵ ਤਹਿਤ ਮਾਨਵਤਾਵਾਦੀ ਪੈਰੋਲ, Non-DACA ਡੈਫਰਡ ਐਕਸ਼ਨ ਅਤੇ ਡਿਪੋਰਟੇਸ਼ਨ ਆਰਡਰ ਦਾ ਸਾਹਮਣਾ ਕਰ ਰਹੇ ਕਈ ਪ੍ਰਵਾਸੀਆਂ ਲਈ ਵਰਕ ਪਰਮਿਟ ਹਾਸਲ ਕਰਨਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ। DHS ਦੇ ਅੰਕੜਿਆਂ ਮੁਤਾਬਕ 2024 ਵਿਚ ਇਨ੍ਹਾਂ ਸ਼੍ਰੇਣੀਆਂ ਨਾਲ ਸਬੰਧਤ 978,308 ਈ.ਏ.ਡੀ. ਅਰਜ਼ੀਆਂ ਯੂ.ਐੱਸ.ਸੀ.ਆਈ.ਐੱਸ. ਵੱਲੋਂ ਪ੍ਰੋਸੈਸ ਕੀਤੀਆਂ ਗਈਆਂ ਸਨ।

ਨਵੇਂ ਪ੍ਰਸਤਾਵ ਅਨੁਸਾਰ ਵਰਕ ਪਰਮਿਟ ਲਈ ਯੋਗਤਾ ਕਾਫ਼ੀ ਹੱਦ ਤੱਕ ਘਟਾ ਦਿੱਤੀ ਜਾਵੇਗੀ। ਅਰਜ਼ੀਕਾਰਾਂ ਨੂੰ ਆਰਥਿਕ ਲੋੜ ਸਾਬਤ ਕਰਨੀ ਪਵੇਗੀ, ਵਧੇਰੇ ਬੈਕਗ੍ਰਾਊਂਡ ਚੈਕ ਕਰਵਾਉਣੇ

**■ ਈ.ਏ.ਡੀ. ਨਿਯਮ ਹੋ ਸਕਦੇ ਹਨ ਹੋਰ ਸਖਤ**

ਪੈਣਗੇ ਅਤੇ ਹਰ ਕੇਸ ਦੀ ਵੱਖਰੇ ਤੌਰ ’ਤੇ ਜਾਂਚ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਈ ਵਰਕ ਪਰਮਿਟਾਂ ਦੀ ਮਿਆਦ ਘਟਾ ਕੇ ਵੱਧ ਤੋਂ ਵੱਧ ਇੱਕ ਸਾਲ ਕਰਨ ਦੀ ਵੀ ਯੋਜਨਾ ਹੈ।

ਇਸ ਪ੍ਰਸਤਾਵ ਦਾ ਸਭ ਤੋਂ ਵੱਡਾ ਪ੍ਰਭਾਵ ਉਨ੍ਹਾਂ ਲੋਕਾਂ ’ਤੇ ਪੈ ਸਕਦਾ ਹੈ, ਜਿਨ੍ਹਾਂ ਖ਼ਿਲਾਫ਼ ਫਾਈਨਲ ਰਿਮੂਵਲ ਆਰਡਰ ਜਾਰੀ ਹੋ ਚੁੱਕਾ ਹੈ ਪਰ ਉਹ ਅਜੇ ਵੀ ਨਿਗਰਾਨੀ ਹੇਠ ਅਮਰੀਕਾ ਵਿਚ ਰਹਿ ਰਹੇ ਹਨ। DHS ਉਨ੍ਹਾਂ ਵਿਚੋਂ ਬਹੁਤਿਆਂ ਲਈ ਵਰਕ ਪਰਮਿਟ ਦੀ ਸਹੂਲਤ ਖ਼ਤਮ ਕਰਨਾ ਚਾਹੁੰਦਾ ਹੈ। ਸਿਰਫ਼ ਉਨ੍ਹਾਂ ਮਾਮਲਿਆਂ ਵਿਚ ਛੋਟ ਮਿਲ ਸਕਦੀ ਹੈ, ਜਿੱਥੇ ਕਿਸੇ ਵਿਅਕਤੀ ਨੂੰ ਵਾਪਸ ਭੇਜਣਾ ਸੰਭਵ ਨਾ ਹੋਵੇ ਕਿਉਂਕਿ ਕੋਈ ਵੀ ਦੇਸ਼ ਉਸਨੂੰ ਸਵੀਕਾਰ ਨਹੀਂ ਕਰਦਾ।

ਪ੍ਰਸਤਾਵ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ ਦਾ ਅਪਰਾਧਿਕ ਰਿਕਾਰਡ ਹੈ ਜਾਂ ਜਿਨ੍ਹਾਂ ਉੱਤੇ ਗੈਂਗ ਜਾਂ ਅੱਤਵਾਦੀ ਗਤੀਵਿਧੀਆਂ ਨਾਲ ਸਬੰਧ ਹੋਣ ਦੇ ਸਬੂਤ ਹਨ, ਉਹ ਆਮ ਤੌਰ ’ਤੇ ਵਰਕ ਪਰਮਿਟ ਲਈ ਅਯੋਗ ਮੰਨੇ ਜਾਣਗੇ।

DHS ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਹੌਂਸਲਾ ਘਟਾਉਣਾ, ਅਮਰੀਕੀ ਕਰਮਚਾਰੀਆਂ ਦੀਆਂ ਨੌਕਰੀਆਂ ਅਤੇ ਤਨਖ਼ਾਹਾਂ ਦੀ ਰੱਖਿਆ ਕਰਨਾ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਹੈ।

ਹਾਲਾਂਕਿ ਇਮੀਗ੍ਰੇਸ਼ਨ ਮਾਹਿਰਾਂ ਅਤੇ ਕਾਰੋਬਾਰੀ ਗਰੁੱਪਾਂ ਨੇ ਇਸ ਪ੍ਰਸਤਾਵ ’ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਹਜ਼ਾਰਾਂ ਲੋਕਾਂ ਦੇ ਵਰਕ ਪਰਮਿਟ ਖ਼ਤਮ ਹੋ ਜਾਂਦੇ ਹਨ ਤਾਂ ਖੇਤੀਬਾੜੀ, ਨਿਰਮਾਣ, ਹੋਟਲ, ਰੈਸਟੋਰੈਂਟ ਅਤੇ ਹੋਰ ਕਈ ਉਦਯੋਗਾਂ ਵਿਚ ਮਜ਼ਦੂਰਾਂ ਦੀ ਘਾਟ ਹੋਰ ਵੱਧ ਸਕਦੀ ਹੈ।

DHS ਦੇ ਆਪਣੇ ਅਨੁਮਾਨ ਅਨੁਸਾਰ ਇਸ ਨੀਤੀ ਕਾਰਨ ਅਗਲੇ 10 ਸਾਲਾਂ ਵਿਚ ਆਰਥਿਕ ਪ੍ਰਭਾਵ 9.1 ਬਿਲੀਅਨ ਡਾਲਰ ਤੋਂ 27.9 ਬਿਲੀਅਨ ਡਾਲਰ ਤੱਕ ਹੋ ਸਕਦਾ ਹੈ। ਇਸ ਵਿਚ ਪ੍ਰਵਾਸੀਆਂ ਦੀ ਆਮਦਨ ਵਿਚ ਕਮੀ, ਨਵੇਂ ਪ੍ਰਸ਼ਾਸਨਿਕ ਖਰਚੇ ਅਤੇ ਕਾਰੋਬਾਰਾਂ ਲਈ ਵਾਧੂ ਬੋਝ ਸ਼ਾਮਲ ਹਨ।

ਫਿਲਹਾਲ ਇਹ ਨੀਤੀ ਲਾਗੂ ਨਹੀਂ ਹੋਈ ਹੈ। 5 ਜੂਨ ਤੋਂ ਇਸ ’ਤੇ 60 ਦਿਨਾਂ ਦੀ ਜਨਤਕ ਟਿੱਪਣੀ ਮਿਆਦ ਸ਼ੁਰੂ ਹੋ ਚੁੱਕੀ ਹੈ। ਇਸ ਤੋਂ ਬਾਅਦ DHS ਪ੍ਰਾਪਤ ਸੁਝਾਵਾਂ ਦੀ ਸਮੀਖਿਆ ਕਰਕੇ ਅੰਤਿਮ ਨਿਯਮ ਜਾਰੀ ਕਰ ਸਕਦਾ ਹੈ।

## ਟਰੰਪ ਵੱਲੋਂ 1.8 ਬਿਲੀਅਨ ਡਾਲਰ ਦੇ “ਐਂਟੀ-ਵੇਪਨਾਈਜ਼ੇਸ਼ਨ ਫੰਡ” ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਬਾਰੇ ਅਸਪੱਸ਼ਟ ਰੁਖ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੱਲਬਾਤ ਦੌਰਾਨ 1.8 ਬਿਲੀਅਨ ਡਾਲਰ ਦੇ ਵਿਵਾਦਿਤ “ਐਂਟੀ-ਵੇਪਨਾਈਜ਼ੇਸ਼ਨ ਫੰਡ” ਨੂੰ ਲੈ ਕੇ ਅਸਪੱਸ਼ਟ ਰੁਖ ਅਪਣਾਇਆ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਇਹ ਫੰਡ ਹੁਣ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ, ਤਾਂ ਟਰੰਪ ਨੇ ਕਿਹਾ, “ਮੈਨੂੰ ਨਹੀਂ ਪਤਾ, ਮੈਨੂੰ ਵਕੀਲਾਂ ਨੂੰ ਪੁੱਛਣਾ ਪਵੇਗਾ। ਮੇਰੇ ਲਈ ਤਾਂ ਇਹ ਇੱਕ ਬਹੁਤ ਹੀ ਸੁੰਦਰ ਵਿਚਾਰ ਸੀ।” ਇਹ ਫੰਡ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ, ਜੋ ਦਾਅਵਾ ਕਰਦੇ ਹਨ ਕਿ ਉਹ ਸੰਘੀ ਸਰਕਾਰ ਦੀ ਕਾਰਵਾਈ ਕਾਰਨ ਨੁਕਸਾਨ ਦਾ ਸ਼ਿਕਾਰ ਹੋਏ। ਪਰ ਇਸ ਯੋਜਨਾ ਨੂੰ ਲੈ ਕੇ ਵੱਡਾ ਵਿਵਾਦ ਉਸ ਵੇਲੇ ਖੜ੍ਹਾ ਹੋਇਆ ਜਦੋਂ 6 ਜਨਵਰੀ 2021 ਨੂੰ ਕੈਪੀਟਲ ਹਿੱਲ ਦੰਗਿਆਂ ਵਿਚ ਸ਼ਾਮਲ ਕੁਝ ਲੋਕਾਂ ਨੇ ਵੀ ਇਸ ਫੰਡ ਤੋਂ ਮੁਆਵਜ਼ਾ ਮੰਗਣ ਦੀ ਗੱਲ ਕੀਤੀ। ਇਸ ਦੌਰਾਨ ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਾਂਗਰਸ ਵਿਚ ਗਵਾਹੀ ਦਿੰਦਿਆਂ ਸਪੱਸ਼ਟ ਕਿਹਾ ਕਿ ਪ੍ਰਸ਼ਾਸਨ “ਇਸ ਫੰਡ ਨੂੰ ਅੱਗੇ ਨਹੀਂ ਵਧਾ ਰਿਹਾ, ਬਿਲਕੁਲ ਨਹੀਂ।”

ਉਧਰ ਸੈਨੇਟ ਵਿਚ ਰਿਪਬਲਿਕਨ ਨੇਤਾ ਇੱਕ ਵੱਡੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਪੈਕੇਜ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਵਿਚ ਲਗਭਗ 70 ਬਿਲੀਅਨ ਡਾਲਰ ਦੀ ਫੰਡਿੰਗ ਸ਼ਾਮਲ ਹੈ।

# ਫੈਡਰਲ ਜੱਜ ਵੱਲੋਂ ਟਰੰਪ ਪ੍ਰਸ਼ਾਸਨ ਦੇ 39 ਦੇਸ਼ਾਂ ਵਾਲੇ ਅਸਾਇਲਮ ਫ੍ਰੀਜ਼ ਨੀਤੀ ਰੱਦ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੂੰ ਇਮੀਗ੍ਰੇਸ਼ਨ ਮੋਰਚੇ ’ਤੇ ਇੱਕ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਇੱਕ ਫੈਡਰਲ ਜੱਜ ਨੇ ਉਸ ਨੀਤੀ ਨੂੰ ਰੱਦ ਕਰ ਦਿੱਤਾ ਹੈ, ਜਿਸ ਤਹਿਤ 39 ਦੇਸ਼ਾਂ ਦੇ ਨਾਗਰਿਕਾਂ ਲਈ ਅਮਰੀਕਾ ਵਿਚ ਅਸਾਇਲਮ, ਵਰਕ ਪਰਮਿਟ, ਗ੍ਰੀਨ ਕਾਰਡ ਅਤੇ ਨਾਗਰਿਕਤਾ ਨਾਲ ਜੁੜੀਆਂ ਅਰਜ਼ੀਆਂ ਨੂੰ ਰੋਕਿਆ ਜਾਂ ਸੀਮਤ ਕੀਤਾ ਜਾ ਰਿਹਾ ਸੀ।

ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਸ ਨੀਤੀ ਨੇ ਹਜ਼ਾਰਾਂ ਪ੍ਰਵਾਸੀਆਂ ਦੀ ਜ਼ਿੰਦਗੀ ਨੂੰ “ਅਨਿਸ਼ਚਿਤ ਕਾਨੂੰਨੀ ਹਾਲਤ” ਵਿਚ ਧੱਕ ਦਿੱਤਾ ਸੀ। ਜੱਜ ਨੇ ਇਹ ਵੀ ਕਿਹਾ ਕਿ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਕਾਨੂੰਨ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕੀਤਾ।

ਇਸ ਫੈਸਲੇ ਨਾਲ ਉਨ੍ਹਾਂ ਹਜ਼ਾਰਾਂ ਪ੍ਰਵਾਸੀਆਂ ਨੂੰ ਅਸਥਾਈ ਰਾਹਤ ਮਿਲ ਸਕਦੀ ਹੈ, ਜਿਨ੍ਹਾਂ ਦੀਆਂ ਅਰਜ਼ੀਆਂ ਪਿਛਲੇ ਕਈ ਮਹੀਨਿਆਂ ਤੋਂ ਅਟਕੀਆਂ ਹੋਈਆਂ ਸਨ। ਹਾਲਾਂਕਿ ਟਰੰਪ ਪ੍ਰਸ਼ਾਸਨ ਇਸ ਫੈਸਲੇ ਖ਼ਿਲਾਫ਼ ਅਪੀਲ ਕਰ ਸਕਦਾ ਹੈ, ਜਿਸ ਕਾਰਨ ਇਹ ਮਾਮਲਾ ਉੱਚ ਅਦਾਲਤਾਂ ਤੱਕ ਵੀ ਜਾ ਸਕਦਾ ਹੈ।

ਇਸੇ ਦੌਰਾਨ ਅਮਰੀਕੀ ਸੈਨੇਟ ਨੇ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਫੰਡਿੰਗ ਬਿੱਲ ਵੀ ਪਾਸ ਕਰ ਦਿੱਤਾ। ਕਈ ਹਫ਼ਤਿਆਂ ਦੀ ਚਰਚਾ ਅਤੇ ਵਿਰੋਧ ਤੋਂ ਬਾਅਦ ਇਹ ਬਿੱਲ ਮਨਜ਼ੂਰ ਹੋਇਆ ਹੈ।

ਅਮਰੀਕੀ ਅਰਥਵਿਵਸਥਾ ਵੱਲੋਂ ਵੀ ਇੱਕ ਹੈਰਾਨੀਜਨਕ ਤਸਵੀਰ ਸਾਹਮਣੇ ਆਈ ਹੈ। ਮਈ ਮਹੀਨੇ ਵਿਚ 172,000 ਨਵੀਆਂ ਨੌਕਰੀਆਂ ਸ਼ਾਮਲ ਹੋਈਆਂ, ਜੋ ਮਾਹਿਰਾਂ ਦੇ ਅੰਦਾਜ਼ੇ ਤੋਂ ਲਗਭਗ ਦੁੱਗਣੀਆਂ ਹਨ। ਬੇਰੁਜ਼ਗਾਰੀ ਦਰ 4.3 ਫੀਸਦੀ ’ਤੇ ਕਾਇਮ ਰਹੀ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਨੌਕਰੀ ਬਾਜ਼ਾਰ ਅਜੇ ਵੀ ਮਜ਼ਬੂਤ ਹੈ। ਉੱਧਰ ਟਰੰਪ ਪ੍ਰਸ਼ਾਸਨ ਨੇ ਕੈਲੀਫੋਰਨੀਆ ਦੀ ਚੋਣ ਪ੍ਰਕਿਰਿਆ ਉੱਤੇ ਵੀ ਸਵਾਲ ਚੁੱਕੇ ਹਨ। ਲਾਸ ਏਂਜਲਸ ਦੇ ਅਮਰੀਕੀ ਅਟਾਰਨੀ ਬਿਲ ਐਸੇਲੀ ਨੇ ਕਿਹਾ ਹੈ ਕਿ ਕੈਲੀਫੋਰਨੀਆ ਵਿਚ ਕਥਿਤ ਚੋਣ ਧੋਖਾਧੜੀ ਨਾਲ ਸਬੰਧਤ ਕਈ ਜਾਂਚਾਂ ਚੱਲ ਰਹੀਆਂ ਹਨ, ਜਿਨ੍ਹਾਂ ਵਿਚ ਐੱਫ.ਬੀ.ਆਈ. ਵੀ ਸ਼ਾਮਲ ਹੈ। ਹਾਲਾਂਕਿ ਅਜੇ ਤੱਕ ਕੋਈ ਵਿਸਥਾਰ ਜਨਤਕ ਨਹੀਂ ਕੀਤਾ ਗਿਆ। ਵਾਈਟ ਹਾਊਸ ਵੱਲੋਂ ਜਾਰੀ ਇੱਕ ਹੋਰ ਨੀਤੀ ਤਹਿਤ ਰਾਸ਼ਟਰੀ ਸੁਰੱਖਿਆ ਅਤੇ ਫੌਜੀ ਖੇਤਰ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਤੇਜ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਟਰੰਪ ਨੇ ਕਿਹਾ ਹੈ ਕਿ ਏ.ਆਈ. ਦੀ ਵਰਤੋਂ ਕੌਮੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੀਤੀ ਜਾਵੇਗੀ ਪਰ ਇਸ ਨੂੰ ਗੈਰ-ਕਾਨੂੰਨੀ ਨਿਗਰਾਨੀ ਜਾਂ ਅਭਿਵਿਅਕਤੀ ਦੀ ਆਜ਼ਾਦੀ ਨੂੰ ਦਬਾਉਣ ਲਈ ਵਰਤਣ ਦੀ ਇਜਾਜ਼ਤ ਨਹੀਂ ਹੋਵੇਗੀ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# DHS ਵੱਲੋਂ ਅਸਾਇਲਮ ਧੋਖਾਧੜੀ ਖਿਲਾਫ਼ ਵੱਡੀ ਕਾਰਵਾਈ ਦੇ ਹੁਕਮ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਇੱਕ ਨਵੀਂ ਗਾਈਡਲਾਈਨ ਜਾਰੀ ਕਰਦੇ ਹੋਏ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਵਕੀਲਾਂ ਨੂੰ ਅਸਾਇਲਮ ਧੋਖਾਧੜੀ ਦੀ ਜਾਂਚ ਅਤੇ ਕਾਰਵਾਈ ਹੋਰ ਸਖ਼ਤੀ ਨਾਲ ਕਰਨ ਦੇ ਨਿਰਦੇਸ਼ ਦਿੱਤੇ ਹਨ।

ਨਵੀਂ ਹਦਾਇਤਾਂ ਅਨੁਸਾਰ ICE ਦੇ ਪ੍ਰਮੁੱਖ ਕਾਨੂੰਨੀ ਸਲਾਹਕਾਰ ਦੇ ਦਫ਼ਤਰ ਵਿਚ ਕੰਮ ਕਰਨ ਵਾਲੇ ਅਟਾਰਨੀ ਹੁਣ ਅਜਿਹੇ ਮਾਮਲਿਆਂ ਦੀ ਪਛਾਣ ਕਰਨਗੇ ਜਿੱਥੇ ਅਸਾਇਲਮ ਅਰਜ਼ੀਆਂ ਵਿਚ ਗਲਤ ਜਾਣਕਾਰੀ, ਜਾਅਲੀ ਦਸਤਾਵੇਜ਼ ਜਾਂ ਤੱਥਾਂ ਨੂੰ ਲੁਕਾਉਣ ਦੇ ਦੋਸ਼ ਹੋ ਸਕਦੇ ਹਨ। DHS ਨੇ ਖ਼ਾਸ ਤੌਰ 'ਤੇ ਉਨ੍ਹਾਂ ਇਮੀਗ੍ਰੇਸ਼ਨ ਵਕੀਲਾਂ ਉੱਤੇ ਨਜ਼ਰ ਰੱਖਣ ਲਈ ਕਿਹਾ ਹੈ, ਜਿਨ੍ਹਾਂ ਉੱਤੇ ਆਪਣੇ ਮੁਅੱਕਲਾਂ ਨੂੰ ਗਲਤ ਜਾਣਕਾਰੀ ਦੇਣ ਜਾਂ ਝੂਠੇ ਦਾਅਵੇ ਕਰਨ ਲਈ ਪ੍ਰੇਰਿਤ ਕਰਨ ਦੇ ਦੋਸ਼ ਹਨ।

DHS ਦੇ ਬਿਆਨ ਮੁਤਾਬਕ ਅਸਾਇਲਮ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਬਣਾਇਆ ਗਿਆ ਸੀ, ਜੋ ਆਪਣੇ ਦੇਸ਼ ਵਿਚ ਜ਼ੁਲਮ, ਧਾਰਮਿਕ ਜਾਂ ਰਾਜਨੀਤਿਕ ਪੀੜਾ ਦਾ ਸਾਹਮਣਾ ਕਰ ਰਹੇ ਹਨ। ਪਰ ਸਰਕਾਰ ਦਾ ਦਾਅਵਾ ਹੈ ਕਿ ਕਈ ਮਾਮਲਿਆਂ ਵਿਚ ਲੋਕ ਆਰਥਿਕ ਕਾਰਨਾਂ ਕਰਕੇ ਅਮਰੀਕਾ ਆਉਣ ਲਈ ਅਸਾਇਲਮ ਸਿਸਟਮ ਦੀ ਗਲਤ ਵਰਤੋਂ ਕਰਦੇ ਹਨ।

ਇਹ ਕਦਮ ਡੋਨਾਲਡ ਟਰੰਪ ਪ੍ਰਸ਼ਾਸਨ ਦੀ ਉਸ ਵਿਆਪਕ ਮੁਹਿੰਮ ਦਾ ਹਿੱਸਾ ਹੈ, ਜਿਸ ਤਹਿਤ ਮਾਰਚ 2025 ਵਿਚ ਰਾਸ਼ਟਰਪਤੀ ਟਰੰਪ ਨੇ ਅਟਾਰਨੀ ਜਨਰਲ ਨੂੰ ਉਨ੍ਹਾਂ ਇਮੀਗ੍ਰੇਸ਼ਨ ਵਕੀਲਾਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਸੀ, ਜੋ ਅਰਜ਼ੀਕਾਰਾਂ ਨੂੰ ਝੂਠ ਬੋਲਣ ਜਾਂ ਤੱਥ ਲੁਕਾਉਣ ਦੀ ਸਲਾਹ ਦਿੰਦੇ ਹਨ।

## ■ ICE ਵਕੀਲਾਂ ਨੂੰ ਮਿਲੇ ਨਵੇਂ ਅਧਿਕਾਰ



ਇਸ ਦੇ ਨਾਲ ਹੀ ਪ੍ਰਸ਼ਾਸਨ ਨੇ ਅਸਾਇਲਮ ਅਰਜ਼ੀਕਾਰਾਂ ਲਈ ਵਰਕ ਪਰਮਿਟ ਨਿਯਮਾਂ ਵਿਚ ਵੀ ਬਦਲਾਅ ਸੁਝਾਏ ਹਨ। ਨਵੇਂ ਪ੍ਰਸਤਾਵਾਂ ਅਨੁਸਾਰ ਵਰਕ ਪਰਮਿਟ ਲਈ ਉਡੀਕ ਸਮਾਂ ਵਧਾਇਆ ਜਾ ਸਕਦਾ ਹੈ ਅਤੇ ਕੁਝ ਹਾਲਾਤਾਂ ਵਿਚ ਨਵੀਆਂ ਅਰਜ਼ੀਆਂ 'ਤੇ ਅਸਥਾਈ ਰੋਕ ਵੀ ਲਗਾਈ ਜਾ ਸਕਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਬੇਬੁਨਿਆਦ ਅਸਾਇਲਮ ਕੇਸਾਂ ਦੀ ਗਿਣਤੀ ਘਟੇਗੀ।

ਉਧਰ ਐਗਜ਼ੀਕਿਊਟਿਵ ਆਫਿਸ ਫਾਰ ਇਮੀਗ੍ਰੇਸ਼ਨ ਰੀਵਿਊ ਨੇ 77 ਨਵੇਂ ਇਮੀਗ੍ਰੇਸ਼ਨ ਜੱਜ ਅਤੇ 5 ਅਸਥਾਈ ਜੱਜਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ, ਜੋ ਇਸਦੇ ਇਤਿਹਾਸ ਦੀ ਸਭ ਤੋਂ ਵੱਡੀ ਭਰਤੀ ਮੰਨੀ ਜਾ ਰਹੀ ਹੈ। ਇਸ ਨਾਲ ਵਿੱਤੀ ਸਾਲ 2026 ਵਿਚ ਕੁੱਲ 153 ਨਵੇਂ ਸਥਾਈ ਇਮੀਗ੍ਰੇਸ਼ਨ ਜੱਜ ਭਰਤੀ ਕੀਤੇ ਜਾ ਚੁੱਕੇ ਹਨ ਅਤੇ ਦੇਸ਼ ਭਰ ਵਿਚ ਇਮੀਗ੍ਰੇਸ਼ਨ ਜੱਜਾਂ ਦੀ ਗਿਣਤੀ ਲਗਭਗ 700 ਤੱਕ ਪਹੁੰਚ ਗਈ ਹੈ।

ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਅਸਾਇਲਮ ਧੋਖਾਧੜੀ 'ਤੇ ਰੋਕ, ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਈ ਪ੍ਰੇਰਣਾਵਾਂ ਨੂੰ ਘਟਾਉਣਾ ਅਤੇ ਇਮੀਗ੍ਰੇਸ਼ਨ ਅਦਾਲਤਾਂ ਵਿਚ ਲੰਬਿਤ ਕੇਸਾਂ ਨੂੰ ਤੇਜ਼ੀ ਨਾਲ ਨਿਪਟਾਉਣਾ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਲਈ ਜ਼ਰੂਰੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਟਰੰਪ ਪ੍ਰਸ਼ਾਸਨ ਹੇਠ ਕੁਝ ਪਰਿਵਾਰਾਂ ਦੀ ਮੁੜ ਵਿਛੋੜੇ ਦੀ ਕਹਾਣੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਇੱਕ ਵਾਰ ਫਿਰ ਵਿਵਾਦ ਖੜ੍ਹਾ ਹੋ ਗਿਆ ਹੈ। ਐਸੋਸੀਏਟਡ ਪ੍ਰੈੱਸ (ਏ.ਪੀ.) ਦੀ ਜਾਂਚ ਮੁਤਾਬਕ, ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ਦਰਜਨਾਂ ਬੱਚੇ ਅਜਿਹੇ ਹਨ, ਜੋ ਆਪਣੇ ਮਾਪਿਆਂ ਤੋਂ ਦੂਜੀ ਵਾਰ ਵੱਖ ਹੋਏ ਹਨ, ਭਾਵੇਂ ਪਹਿਲਾਂ ਹੋਏ ਪਰਿਵਾਰਕ ਵਿਛੋੜਿਆਂ ਨੂੰ ਰੋਕਣ ਲਈ ਅਦਾਲਤੀ ਸਮਝੌਤੇ ਅਤੇ ਕਾਨੂੰਨੀ ਸੁਰੱਖਿਆਵਾਂ ਮੌਜੂਦ ਹਨ।

11 ਸਾਲਾ ਐਡਰਸਨ ਗੈਲੇਸੀਆ ਅਲਵਾ ਦਾ ਮਾਮਲਾ ਇਸਦੀ ਇੱਕ ਮਿਸਾਲ ਹੈ। 2018 ਵਿਚ, ਜਦੋਂ ਉਹ ਸਿਰਫ਼ 3 ਸਾਲ ਦਾ ਸੀ, ਉਸ ਨੂੰ ਅਮਰੀਕਾ-ਮੈਕਸੀਕੋ ਸਰਹੱਦ 'ਤੇ ਆਪਣੀ ਮਾਂ ਤੋਂ ਵੱਖ ਕਰ ਦਿੱਤਾ ਗਿਆ ਸੀ। ਉਸ ਵੇਲੇ ਟਰੰਪ ਪ੍ਰਸ਼ਾਸਨ ਦੀ "ਫੈਮਿਲੀ ਸੈਪਰੇਸ਼ਨ ਪਾਲਿਸੀ" ਤਹਿਤ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ ਸਨ।

ਕਈ ਮਹੀਨਿਆਂ ਬਾਅਦ ਅਦਾਲਤੀ ਦਖ਼ਲ ਨਾਲ ਐਡਰਸਨ ਆਪਣੀ ਮਾਂ ਨਾਲ ਮੁੜ ਮਿਲ ਸਕਿਆ ਸੀ। ਪਰ ਪਿਛਲੇ ਸਾਲ ਜੂਨ ਵਿਚ, ਫਲੋਰਿਡਾ ਵਿਚ ਕੰਮ 'ਤੇ ਜਾਂਦੇ ਸਮੇਂ ਉਸ ਦੀ ਮਾਂ ਮਿਰਸੀ ਮੈਰੀਸੇਲਾ ਅਲਵਾ ਲੋਪੇਜ਼ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ ਅਤੇ ਬਾਅਦ ਵਿਚ ਗੁਆਟੇਮਾਲਾ ਡਿਪੋਰਟ ਕਰ ਦਿੱਤਾ ਗਿਆ।

ਇਸ ਕਾਰਵਾਈ ਤੋਂ ਬਾਅਦ ਐਡਰਸਨ ਅਤੇ ਉਸ ਦੀ ਭੈਣ ਨੂੰ ਵੀ ਗੁਆਟੇਮਾਲਾ ਜਾਣਾ ਪਿਆ, ਜਿੱਥੇ ਪਰਿਵਾਰ ਨੇ ਲਗਭਗ 11 ਮਹੀਨੇ ਬਹੁਤ ਮੁਸ਼ਕਲ ਹਾਲਾਤਾਂ ਵਿਚ ਗੁਜ਼ਾਰੇ। ਬਾਅਦ ਵਿਚ ਇੱਕ ਫੈਡਰਲ ਜੱਜ ਨੇ ਫ਼ੈਸਲਾ ਦਿੱਤਾ ਕਿ ਸਰਕਾਰ ਦੀ ਕਾਰਵਾਈ ਗੈਰ-ਕਾਨੂੰਨੀ ਸੀ ਅਤੇ ਪਰਿਵਾਰ ਨੂੰ ਮੁੜ ਅਮਰੀਕਾ ਵਾਪਸ ਆਉਣ ਦੀ ਇਜਾਜ਼ਤ ਦਿੱਤੀ ਗਈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐੱਲ.ਯੂ.) ਦੇ ਵਕੀਲ ਲੀ ਗੇਲਰੰਟ ਨੇ ਕਿਹਾ ਕਿ ਇਹ ਬੱਚੇ ਪਹਿਲਾਂ ਹੀ ਇੱਕ ਵੱਡੇ ਸਦਮੇ ਵਿਚੋਂ ਗੁਜ਼ਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਦੁਬਾਰਾ ਇਸ ਤਰ੍ਹਾਂ ਦੇ ਤਜ਼ਰਬੇ ਦਾ ਸਾਹਮਣਾ ਕਰਵਾਉਣਾ ਬਹੁਤ ਨੁਕਸਾਨਦਾਇਕ ਹੈ।

ਦੂਜੇ ਪਾਸੇ, ਲੌਰੇਨ ਬਿਸ ਨੇ ਕਿਹਾ ਕਿ ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਸਾਰੇ ਅਦਾਲਤੀ ਹੁਕਮਾਂ ਦੀ ਪਾਲਣਾ ਕਰਦਾ ਹੈ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਦੇ ਖ਼ਿਲਾਫ਼ ਡਿਪੋਰਟੇਸ਼ਨ ਦੇ ਹੁਕਮ ਹਨ, ਉਨ੍ਹਾਂ ਨੂੰ ਹਟਾਉਣਾ ਕਾਨੂੰਨੀ ਕਾਰਵਾਈ ਦਾ ਹਿੱਸਾ ਹੈ।

ਰਿਪੋਰਟ ਅਨੁਸਾਰ, ਹੁਣ ਪਰਿਵਾਰਕ ਵਿਛੋੜੇ 2018 ਵਾਂਗ ਸਰਹੱਦ 'ਤੇ ਨਹੀਂ ਹੋ ਰਹੇ, ਸਗੋਂ ਅਮਰੀਕਾ ਦੇ ਅੰਦਰ ਹੋਣ ਵਾਲੀਆਂ ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨਾਂ ਕਾਰਨ ਮਾਪਿਆਂ ਨੂੰ ਆਪਣੇ ਬੱਚਿਆਂ ਤੋਂ ਦੂਰ ਹੋਣਾ ਪੈ ਰਿਹਾ ਹੈ। ਕਈ ਮਾਮਲਿਆਂ ਵਿਚ ਮਾਪਿਆਂ ਨੂੰ ਇਹ ਚੋਣ ਕਰਨੀ ਪੈਂਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਅਮਰੀਕਾ ਵਿਚ ਛੱਡਣ ਜਾਂ ਆਪਣੇ ਨਾਲ ਵਾਪਸ ਲੈ ਜਾਣ।

ਇਹ ਮਾਮਲਾ ਮੁੜ ਇਸ ਬਹਿਸ ਨੂੰ ਜਨਮ ਦੇ ਰਿਹਾ ਹੈ ਕਿ ਕੀ ਸਖ਼ਤ ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਬੱਚਿਆਂ ਅਤੇ ਪਰਿਵਾਰਾਂ ਦੇ ਅਧਿਕਾਰਾਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾ ਰਹੀ ਹੈ ਜਾਂ ਨਹੀਂ। ਮਨੁੱਖੀ ਅਧਿਕਾਰ ਸੰਸਥਾਵਾਂ ਦਾ ਦਾਅਵਾ ਹੈ ਕਿ ਇਨ੍ਹਾਂ ਕਾਰਵਾਈਆਂ ਨਾਲ ਬੱਚਿਆਂ ਨੂੰ ਲੰਬੇ ਸਮੇਂ ਲਈ ਮਨੋਵਿਗਿਆਨਕ ਨੁਕਸਾਨ ਪਹੁੰਚ ਸਕਦਾ ਹੈ, ਜਦਕਿ ਟਰੰਪ ਪ੍ਰਸ਼ਾਸਨ ਕਹਿੰਦਾ ਹੈ ਕਿ ਉਹ ਸਿਰਫ਼ ਮੌਜੂਦਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰ ਰਿਹਾ ਹੈ।

**Global Allianz**
**LAW FIRM LLP**
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
**Asylum & Deportation Defense**



**Atul Kapoor**
C.E.O



**Neat Allen Sawyer**
Attorney at law

**555 Capitol Mall SUITE 1245, Sacramento, CA 95814**
**Phone:209-808-2136, 209-952-5578, 1-916-806-7042, Fax: 209-476-7188**

Designed By Punjab Mail USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚੱਲ ਰਹੇ ਮੁਫ਼ਤ ਸਿਲਾਈ ਸੈਂਟਰ ਦੀ ਹੋਈ ਫਾਈਨਲ ਪ੍ਰੀਖਿਆ





ਡਾ. ਐੱਸ.ਪੀ. ਸਿੰਘ ਓਬਰਾਏ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਵੱਡੀ ਪੱਧਰ 'ਤੇ ਮੁਫ਼ਤ ਸਿਖਲਾਈ ਸੈਂਟਰ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ) ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਖੋਲ੍ਹੇ ਜਾ ਰਹੇ ਹਨ, ਤਾਂ ਜੋ ਇਹ ਨੌਜਵਾਨ ਲੜਕੇ ਲੜਕੀਆਂ ਤਕਨੀਕੀ ਸਿੱਖਿਆ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ 7 ਸਿਖਲਾਈ ਸੈਂਟਰ ਚੱਲ ਰਹੇ ਹਨ। ਗੁਰਦੁਆਰਾ ਸਹਿਬ ਪਿੰਡ ਖੱਪਿਆਂਵਾਲ਼ੀ ਵਿਚ 6 ਮਹੀਨੇ ਦੀ ਸਿਲਾਈ ਦੀ ਟ੍ਰੇਨਿੰਗ ਦੇਣ ਤੋਂ ਬਾਅਦ 30 ਲੜਕੀਆਂ ਦੀ ਫਾਈਨਲ ਪ੍ਰੀਖਿਆ ਲਈ ਗਈ।

ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਚਰਨਜੀਤ ਸਿੰਘ ਮਾਂਗਟ ਕੇਰ ਨੇ ਦੱਸਿਆ ਕਿ ਇਨ੍ਹਾਂ ਸਿਖਲਾਈ ਸੈਂਟਰਾਂ ਤੋਂ ਤਕਨੀਕੀ ਸਿੱਖਿਆ ਗ੍ਰਹਿਣ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਅਪਣੇ ਕੰਮਾਂ ਵਿਚ ਨਿਪੁੰਨ ਹੋ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ, ਇਨ੍ਹਾਂ ਸਿਖਲਾਈ ਸੈਂਟਰਾਂ 'ਤੇ ਸਿਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ ਆਈ.ਐੱਸ.ਓ. ਸਰਟੀਫਿਕੇਟ ਦਿੱਤੇ ਜਾਂਦੇ ਹਨ। ਇਸ ਮੌਕੇ ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਮੈਡਮ ਵੀਰਪਾਲ ਕੌਰ, ਪਿੰਡ ਖੱਪਿਆਂਵਾਲ਼ੀ ਦੇ ਪਤਵੰਤੇ ਅਤੇ ਗੁਰਦੁਆਰਾ ਸਹਿਬ ਦੀ ਕਮੇਟੀ ਦੇ ਸੇਵਾਦਾਰਾਂ ਹਾਜ਼ਰ ਸਨ।

# ਕੈਪਟਨ ਅਮਰਿੰਦਰ ਦੀ ਘਰ ਵਾਪਸੀ ਦੀ ਚਰਚਾ ਵਿਚਾਲੇ ਸਿਆਸੀ ਵੁੱਕਤ ਵਧੀ

**ਕਾਂਗਰਸ ਹਾਈ ਕਮਾਨ ਪੰਜਾਬ ਲੀਡਰਸ਼ਿਪ ਦੀ ਨਬਜ਼ ਟੋਹਣ ਲੱਗੀ**



**ਚੰਡੀਗੜ੍ਹ, (ਪੰਜਾਬ ਮੇਲ)**- 'ਘਰ ਵਾਪਸੀ' ਦੀ ਚਰਚਾ ਨਾਲ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਵੁੱਕਤ ਮੁੜ ਵਧ ਗਈ ਹੈ। ਕੈਪਟਨ ਨੇ ਜਿਉਂ ਹੀ ਕਾਂਗਰਸ ਹਾਈ ਕਮਾਨ ਦੇ ਸੋਹਲੇ ਗਾਏ, ਤਾਂ ਭਾਜਪਾ ਨੇ ਫ਼ੌਰੀ ਮੌਕਾ ਤਾੜ ਲਿਆ। ਕੈਪਟਨ ਹਾਲਾਂਕਿ ਪੰਜਾਬ ਦੇ ਧਰਾਤਲ 'ਤੇ ਕਈ ਸਾਲਾਂ ਤੋਂ ਵਿਚਰ ਨਹੀਂ ਰਹੇ ਪਰ ਉਨ੍ਹਾਂ ਦੀ ਸਿਆਸੀ ਵੁੱਕਤ ਅਜੇ ਬਰਕਰਾਰ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਾਬਕਾ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨਾਲ ਮੁਲਾਕਾਤ ਕੀਤੀ ਹੈ।

ਇਹ ਮੁਲਾਕਾਤ ਅਜਿਹੇ ਮੌਕੇ ਹੋਈ ਹੈ, ਜਦੋਂ ਕਾਂਗਰਸ ਹਾਈਕਮਾਨ ਉਨ੍ਹਾਂ ਦੀ 'ਘਰ ਵਾਪਸੀ' ਬਾਰੇ ਰਾਜਸੀ ਮੰਥਨ 'ਚ ਜੁਟੀ ਹੈ। ਕੈਪਟਨ ਦੀ ਸੋਨੀਆ ਗਾਂਧੀ ਨਾਲ ਨੇੜਤਾ ਕਿਸੇ ਤੋਂ ਗੁੱਝੀ ਨਹੀਂ ਹੈ। ਪੰਜਾਬ ਚੋਣਾਂ ਹੁਣ ਬਹੁਤੀਆਂ ਦੂਰ ਨਹੀਂ, ਜਿਸ ਕਰ ਕੇ ਭਾਜਪਾ ਹਾਲ ਦੀ ਘੜੀ ਅਮਰਿੰਦਰ ਸਿੰਘ ਨੂੰ ਹੱਥੋਂ ਨਹੀਂ ਕੱਢਣਾ ਚਾਹੁੰਦੀ। ਅਮਰਿੰਦਰ ਸਿੰਘ ਵੱਲੋਂ ਕੇਂਦਰੀ ਵਜ਼ੀਰਾਂ ਨਾਲ ਮਿਲਣੀ ਪੰਜਾਬ ਕਾਂਗਰਸ ਦੇ ਉਨ੍ਹਾਂ ਸੀਨੀਅਰ ਨੇਤਾਵਾਂ ਲਈ ਠੰਢੀ ਹਵਾ ਦੇ ਬੁੱਲ੍ਹੇ ਵਾਂਗ ਸੀ, ਜੋ ਮੁੱਖ ਮੰਤਰੀ ਬਣਨ ਦੀ ਕਤਾਰ 'ਚ ਮੂਹਰਲਿਆਂ ਵਿਚ ਖੜ੍ਹੇ ਹਨ। ਉਂਜ ਪਿਛਲੇ ਦਿਨਾਂ ਤੋਂ ਕਾਂਗਰਸ 'ਚ 'ਘਰ ਵਾਪਸੀ' ਦੇ ਮਾਮਲੇ 'ਤੇ ਘੁਸਰ-ਮੁਸਰ ਕਾਫ਼ੀ ਤੇਜ਼ ਹੈ। ਕਾਂਗਰਸ ਹਾਈ ਕਮਾਨ ਦਾ ਵੀ ਅਮਰਿੰਦਰ ਸਿੰਘ ਪ੍ਰਤੀ ਨਰਮਗੋਸ਼ਾ ਹੈ। ਅਹਿਮ ਸੂਤਰਾਂ ਅਨੁਸਾਰ ਕਾਂਗਰਸ ਹਾਈਕਮਾਨ ਨੇ ਪਿਛਲੇ ਦਿਨੀਂ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨਾਲ ਗੱਲਬਾਤ ਦੌਰਾਨ ਅਮਰਿੰਦਰ ਸਿੰਘ ਦੀ ਘਰ ਵਾਪਸੀ ਮੁਤੱਲਕ ਉਨ੍ਹਾਂ ਦੀ ਨਬਜ਼ ਟੋਹੀ ਸੀ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਉਸ ਮੀਟਿੰਗ 'ਚੋਂ ਕੁਝ ਮਿੰਟਾਂ ਬਾਅਦ ਹੀ ਬਾਹਰ ਆ ਗਏ ਸਨ, ਜਿਸ ਬਾਰੇ ਕਈ ਸਿਆਸੀ ਅਟਕਲਾਂ ਲੱਗੀਆਂ ਸਨ। ਬਾਜਵਾ ਬੇਸ਼ੱਕ ਕਿਸੇ ਤਰ੍ਹਾਂ ਦੀ ਨਾਰਾਜ਼ਗੀ ਤੋਂ ਇਨਕਾਰ ਕਰ ਚੁੱਕੇ ਹਨ, ਪਰ ਜਦੋਂ ਹਾਈਕਮਾਨ ਨੇ ਅਮਰਿੰਦਰ ਸਿੰਘ ਦੀ ਘਰ ਵਾਪਸੀ ਦੀ ਗੱਲ ਛੇੜੀ, ਤਾਂ ਕਈ ਆਗੂ ਇਸ ਨੂੰ ਹਜ਼ਮ ਨਾ ਕਰ ਸਕੇ ਅਤੇ ਕਈਆਂ ਨੇ ਨਵੇਂ ਪੈਂਤੜੇ ਦੇ ਹੱਕ 'ਚ ਹਾਮੀ ਵੀ ਭਰੀ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕਾਂ ਇਸੇ ਕਰਕੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ 'ਚ ਫੇਰਬਦਲ ਦਾ ਮਾਮਲਾ ਪੈਂਡਿੰਗ ਰੱਖਿਆ ਹੋਇਆ ਹੈ। ਕਾਂਗਰਸੀ ਆਗੂ ਰਾਹੁਲ ਗਾਂਧੀ ਦਾ ਅਮਰਿੰਦਰ ਸਿੰਘ ਨਾਲ ਆਨੀ-ਬਹਾਨੀ ਰਾਬਤਾ ਕਾਇਮ ਰੱਖਣਾ, ਸਿਆਸੀ ਖਿਚੜੀ ਰਿੱਝਣ ਵੱਲ ਇਸ਼ਾਰਾ ਕਰਦਾ ਹੈ। ਅੰਦਰੂਨੀ ਵਿਰੋਧ ਮਗਰੋਂ ਸਤੰਬਰ 2021 'ਚ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ ਅਤੇ ਉਸ ਮਗਰੋਂ ਉਨ੍ਹਾਂ ਨੇ 'ਪੰਜਾਬ ਲੋਕ ਕਾਂਗਰਸ' ਪਾਰਟੀ ਵੀ ਬਣਾ ਲਈ ਸੀ। 2022 ਦੀਆਂ ਚੋਣਾਂ ਤੋਂ ਪਹਿਲਾਂ ਅਮਰਿੰਦਰ ਸਿੰਘ ਨੇ ਆਪਣੀ ਪਾਰਟੀ ਦਾ ਭਾਜਪਾ 'ਚ ਰਲੇਵਾਂ ਕਰ ਕੇ ਖ਼ੁਦ ਭਾਜਪਾ 'ਚ ਸ਼ਮੂਲੀਅਤ ਕਰ ਲਈ ਸੀ।

# ਮਨਪ੍ਰੀਤ ਇਯਾਲੀ 'ਅਕਾਲੀ ਦਲ ਵਾਰਿਸ ਪੰਜਾਬ ਦੇ' 'ਚ ਹੋਏ ਸ਼ਾਮਲ



**ਚੰਡੀਗੜ੍ਹ, (ਪੰਜਾਬ ਮੇਲ)**- ਹਲਕਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ 'ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ' 'ਚ ਸ਼ਾਮਲ ਹੋ ਗਏ ਹਨ। ਚੰਡੀਗੜ੍ਹ ਵਿਖੇ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਖ਼ੁਦ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕਰਵਾਇਆ। ਮਨਪ੍ਰੀਤ ਸਿੰਘ ਇਯਾਲੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਦਾਖਾ ਤੋਂ ਵਿਧਾਇਕ ਚੁਣੇ ਗਏ ਸਨ। ਪੂਰੇ ਮਾਲਵੇ ਖਿੱਤੇ 'ਚੋਂ ਪਾਰਟੀ ਨੂੰ ਜਿੱਤ ਦਿਵਾਉਣ ਵਾਲੇ ਉਹ ਇਕਲੌਤੇ ਉਮੀਦਵਾਰ ਸਨ। ਬਾਅਦ 'ਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਪੈਦਾ ਹੋਏ ਮਤਭੇਦਾਂ ਤੋਂ ਬਾਅਦ ਉਹ ਬਾਗੀ ਧੜੇ 'ਚ ਸ਼ਾਮਲ ਹੋ ਗਏ ਸਨ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਾਂ ਅਨੁਸਾਰ ਪੰਥਕ ਏਕਤਾ ਅਤੇ ਪਾਰਟੀ ਵਰਕਰਾਂ ਦੀ ਭਰਤੀ ਲਈ ਬਣਾਈ ਗਈ 7 ਮੈਂਬਰੀ ਕਮੇਟੀ 'ਚ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਅਤੇ 'ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਤਾਲਮੇਲ ਕਮੇਟੀ ਦਾ ਕਨਵੀਨਰ ਲਾਇਆ ਗਿਆ ਸੀ। ਦੇਸ਼-ਵਿਦੇਸ਼ 'ਚ ਵੱਸਦੀਆਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਤੇ ਪੰਥਕ ਏਕਤਾ ਦੇ ਮੱਦੇਨਜ਼ਰ 'ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ' ਤੇ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਵਿਚਕਾਰ ਇਕ ਸਾਂਝੀ 8 ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕਰਦਿਆਂ ਇਯਾਲੀ ਨੂੰ ਇਸ ਦਾ ਕਨਵੀਨਰ ਲਾਇਆ ਗਿਆ ਸੀ। ਇਸ ਕਮੇਟੀ ਵੱਲੋਂ ਕਈ ਮੀਟਿੰਗਾਂ ਕੀਤੀਆਂ ਗਈਆਂ ਪਰ ਕਈ ਮੂਲ ਸਿਧਾਂਤਾਂ 'ਤੇ ਸਹਿਮਤੀ ਨਾ ਬਣਨ ਕਰ ਕੇ ਗੱਠਜੋੜ ਤੋੜ ਦਿੱਤਾ ਗਿਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਜਥੇਦਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਅਪੀਲ

**ਅੰਮ੍ਰਿਤਸਰ, (ਪੰਜਾਬ ਮੇਲ)**- ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਕੋਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਮੰਗ ਕੀਤੀ ਹੈ। ਪਹਿਲਗਾਮ ਵਿਚ ਯਾਤਰੀਆਂ 'ਤੇ ਹੋਏ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿਚ ਆਈ ਕੁੜੱਤਣ ਦੌਰਾਨ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਆਵਾਜਾਈ ਤੇ ਵਪਾਰਕ ਅਤੇ ਕੂਟਨੀਤਿਕ ਸਬੰਧ ਤੋੜ ਲਏ ਗਏ ਸਨ। ਇਸੇ ਤਹਿਤ ਕਰਤਾਰਪੁਰ ਸਾਹਿਬ ਲਾਂਘਾ ਬੰਦ ਕਰ ਦਿੱਤਾ ਗਿਆ ਸੀ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਛੇਤੀ ਖੋਲ੍ਹਿਆ ਜਾਵੇ, ਜੋ ਪਿਛਲੇ ਲਗਪਗ ਇੱਕ ਸਾਲ ਤੋਂ ਬੰਦ ਪਿਆ ਹੈ। ਲਾਂਘਾ ਬੰਦ ਹੋਣ ਕਰਕੇ ਸਿੱਖ ਸੰਗਤ ਗੁਰੂ ਨਾਨਕ ਦੇਵ ਦੇ ਘਰ ਦੇ ਦਰਸ਼ਨ ਕਰਨ ਤੋਂ ਵਾਂਝੀ ਹੈ। ਉਨ੍ਹਾਂ 14 ਸਾਲ ਦੇ ਲੰਮੇ ਸਮੇਂ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਜਥੇ ਦਾ ਸਵਾਗਤ ਕਰਦਿਆਂ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ 1974 ਦੀ ਸਹਿਮਤੀ ਮੁਤਾਬਕ ਹਰ ਸਾਲ ਚਾਰ ਸਿੱਖ ਜਥੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰੰਤੂ ਪੰਚਮ ਪਾਤਸ਼ਾਹ ਦੀ ਸ਼ਹੀਦੀ ਮੌਕੇ ਆਖਰੀ ਜਥਾ ਜੂਨ 2013 ਵਿਚ ਗਿਆ ਸੀ।

# ਬਿਕਰਮ ਮਜੀਠੀਆ ਵੱਲੋਂ ਅਗਾਊਂ ਜ਼ਮਾਨਤ ਲਈ ਅੰਮ੍ਰਿਤਸਰ ਅਦਾਲਤ 'ਚ ਪਟੀਸ਼ਨ ਦਾਇਰ

**ਅੰਮ੍ਰਿਤਸਰ, (ਪੰਜਾਬ ਮੇਲ)**- ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵਲੋਂ ਅੰਮ੍ਰਿਤਸਰ ਅਦਾਲਤ ਦਾ ਰੁਖ ਕੀਤਾ ਗਿਆ ਹੈ। ਮਜੀਠੀਆ ਨੇ ਪਟੀਸ਼ਨ ਦਾਇਰ ਕਰਦਿਆ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ। ਇਸ ਨੂੰ ਲੈ ਕੇ ਅਦਾਲਤ ਨੇ ਪੰਜਾਬ ਪੁਲਿਸ ਨੂੰ 10 ਜੂਨ ਤੱਕ ਰਿਕਾਰਡ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। ਮਜੀਠੀਆ 'ਤੇ ਮਜੀਠਾ ਥਾਣਾ 'ਚ ਹੋਏ ਹੰਗਾਮੇ ਨੂੰ ਲੈ ਕੇ ਵੱਖ-ਵੱਖ ਧਾਰਾਵਾਂ ਦੇ ਤਹਿਤ ਪਰਚਾ ਦਰਜ ਕੀਤਾ ਗਿਆ ਸੀ, ਜਿਸ ਕਾਰਨ ਮਜੀਠੀਆ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ।

ਇਸ ਤੋਂ ਪਹਿਲਾਂ ਮਜੀਠੀਆ ਖਿਲਾਫ ਦਰਜ ਐੱਫ.ਆਈ.ਆਰ. ਦੀ ਕਾਪੀ ਵੀ ਸਾਹਮਣੇ ਆਈ ਸੀ। ਇਸ ਵਿਚ ਮਜੀਠੀਆ ਤੋਂ ਇਲਾਵਾ ਉਨ੍ਹਾਂ ਦੇ ਕਈ ਨਜ਼ਦੀਕੀਆਂ ਅਤੇ ਸਮਰਥਕਾਂ ਜਿਨ੍ਹਾਂ ਵਿਚ ਬਿਕਰਮ ਸਿੰਘ ਬਾਠ, ਸਾਹਿਬ ਹਮਜ਼ਾ, ਰਾਜਾ ਲਾਡੇਹ ਅਤੇ ਜੋਧ ਸਿੰਘ ਸਮਰਾ ਸਣੇ ਕਈ ਹੋਰ ਅਣਪਛਾਤੇ ਵਿਅਕਤੀਆਂ ਨੂੰ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ। ਇਹ ਮਾਮਲਾ 'ਭਾਰਤੀ ਨਿਆ ਸੰਹਿਤਾ' ਦੀਆਂ ਕਈ ਧਾਰਾਵਾਂ ਦੇ ਤਹਿਤ ਦਰਜ ਕੀਤਾ ਗਿਆ ਸੀ। ਜਿਨ੍ਹਾਂ ਵਿਚ ਸਰਕਾਰੀ ਕਰਮਚਾਰੀ 'ਤੇ ਡਿਊਟੀ ਦੌਰਾਨ ਹਮਲਾ ਕਰਨਾ, ਸਰਕਾਰੀ ਕਰਮਚਾਰੀ ਦੇ ਕੰਮ ਵਿਚ ਰੁਕਾਵਟ ਪਾਉਣਾ, ਖਿੱਚ-ਧੂਹ ਕਰਨਾ, ਕਿਸੇ ਵਿਅਕਤੀ ਨੂੰ ਕਾਨੂੰਨੀ ਹਿਰਾਸਤ ਵਿਚੋਂ ਛੁਡਵਾਉਣਾ, ਸਬੂਤਾਂ ਨੂੰ ਨਸ਼ਟ ਕਰਨਾ ਜਾਂ ਛੁਪਾਉਣਾ, ਅਪਰਾਧਿਕ ਧਮਕੀ ਦੇਣਾ, ਗੈਰ-ਕਾਨੂੰਨੀ ਇਕੱਠ (ਜਮਾਵੜਾ) ਕਰਨਾ ਅਤੇ ਦੰਗਾ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਅਸਲਾ ਐਕਟ ਦੀਆਂ ਧਾਰਾਵਾਂ ਵੀ ਲਗਾਈਆਂ ਗਈਆਂ ਹਨ।

ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੰਜਾਬ ਪੁਲਿਸ ਨੇ ਲੁੱਕ ਆਊਟ ਸਰਕੂਲਰ ਵੀ ਜਾਰੀ ਕੀਤਾ ਹੋਇਆ ਹੈ। ਕੇਸ ਦਰਜ ਹੋਣ ਤੋਂ ਬਾਅਦ ਜਾਰੀ ਕੀਤੇ ਇਸ ਸਰਕੂਲਰ ਨਾਲ ਹੁਣ ਉਹ ਦੇਸ਼ ਛੱਡ ਕੇ ਵਿਦੇਸ਼ ਨਹੀਂ ਜਾ ਸਕਣਗੇ। ਫਿਲਹਾਲ ਪੁਲਿਸ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹਲਕਾ ਮਜੀਠੀਆ ਵਿਚ ਬਿਕਰਮ ਮਜੀਠੀਆ ਦੀ ਗੁੰਮਸ਼ੁਦਗੀ ਵਾਲੇ ਪੋਸਟਰ ਵੀ ਲਗਾਈ ਗਏ ਹਨ।

# ਪੰਜਾਬ ਪੁਲਿਸ ਨੇ ਮਜੀਠੀਆ ਖਿਲਾਫ ਦਰਜ ਐੱਫ.ਆਈ.ਆਰ. ਦੀ ਕਾਪੀ ਕਾਨੂੰਨੀ ਟੀਮ ਨੂੰ ਸੌਂਪੀ



**ਅੰਮ੍ਰਿਤਸਰ, (ਪੰਜਾਬ ਮੇਲ)**- ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਦਰਜ ਹੋਈ ਐੱਫ.ਆਈ.ਆਰ. ਦੀ ਕਾਪੀ ਸਾਹਮਣੇ ਆ ਗਈ ਹੈ। ਦਰਅਸਲ ਸਥਾਨਕ ਅਦਾਲਤ ਦੇ ਦਖਲ ਤੋਂ ਬਾਅਦ ਪੰਜਾਬ ਪੁਲਿਸ ਨੇ ਵੀਰਵਾਰ ਨੂੰ ਮਜੀਠੀਆ ਖਿਲਾਫ ਦਰਜ ਐੱਫ.ਆਈ.ਆਰ. ਦੀ ਇਕ ਕਾਪੀ ਉਨ੍ਹਾਂ ਦੀ ਕਾਨੂੰਨੀ ਟੀਮ ਨੂੰ ਸੌਂਪ ਦਿੱਤੀ ਹੈ। ਇਹ ਐੱਫ.ਆਈ.ਆਰ. ਐਤਵਾਰ ਨੂੰ ਮਜੀਠਾ ਪੁਲਿਸ ਸਟੇਸ਼ਨ 'ਚ ਕਥਿਤ ਤੌਰ 'ਤੇ ਜ਼ਬਰਨ ਦਾਖਲ ਹੋਣ ਦੇ ਮਾਮਲੇ 'ਚ ਦਰਜ ਕੀਤੀ ਗਈ ਸੀ। ਇਸ ਵਿਚ ਮਜੀਠੀਆ ਤੋਂ ਇਲਾਵਾ ਉਨ੍ਹਾਂ ਦੇ ਕਈ ਨਜ਼ਦੀਕੀਆਂ ਅਤੇ ਸਮਰਥਕਾਂ ਜਿਨ੍ਹਾਂ ਵਿਚ ਬਿਕਰਮ ਸਿੰਘ ਬਾਠ, ਸਾਹਿਬ ਹਮਜ਼ਾ, ਰਾਜਾ ਲਾਡੇਹ ਅਤੇ ਜੋਧ ਸਿੰਘ ਸਮਰਾ ਸਣੇ ਕਈ ਹੋਰ ਅਣਪਛਾਤੇ ਵਿਅਕਤੀਆਂ ਨੂੰ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ।

ਇਹ ਮਾਮਲਾ 'ਭਾਰਤੀ ਨਿਆ ਸੰਹਿਤਾ' ਦੀਆਂ ਕਈ ਧਾਰਾਵਾਂ ਦੇ ਤਹਿਤ ਦਰਜ ਕੀਤਾ ਗਿਆ ਹੈ। ਜਿਨ੍ਹਾਂ ਵਿਚ ਸਰਕਾਰੀ ਕਰਮਚਾਰੀ 'ਤੇ ਡਿਊਟੀ ਦੌਰਾਨ ਹਮਲਾ ਕਰਨਾ, ਸਰਕਾਰੀ ਕਰਮਚਾਰੀ ਦੇ ਕੰਮ ਵਿਚ ਰੁਕਾਵਟ ਪਾਉਣਾ, ਖਿੱਚ-ਧੂਹ ਕਰਨਾ, ਕਿਸੇ ਵਿਅਕਤੀ ਨੂੰ ਕਾਨੂੰਨੀ ਹਿਰਾਸਤ ਵਿਚੋਂ ਛੁਡਵਾਉਣਾ, ਸਬੂਤਾਂ ਨੂੰ ਨਸ਼ਟ ਕਰਨਾ ਜਾਂ ਛੁਪਾਉਣਾ, ਅਪਰਾਧਿਕ ਧਮਕੀ ਦੇਣਾ, ਗੈਰ-ਕਾਨੂੰਨੀ ਇਕੱਠ (ਜਮਾਵੜਾ) ਕਰਨਾ ਅਤੇ ਦੰਗਾ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਅਸਲਾ ਐਕਟ ਦੀਆਂ ਧਾਰਾਵਾਂ ਵੀ ਲਗਾਈਆਂ ਗਈਆਂ ਹਨ।

ਐੱਫ.ਆਈ.ਆਰ. ਅਨੁਸਾਰ ਮਜੀਠੀਆ ਕਥਿਤ ਤੌਰ 'ਤੇ 50 ਤੋਂ ਜ਼ਿਆਦਾ ਸਮਰਥਕਾਂ ਨਾਲ ਮਜੀਠਾ ਥਾਣੇ ਪਹੁੰਚੇ। ਉਸ ਸਮੇਂ ਪੁਲਿਸ ਜੋਬਨਪ੍ਰੀਤ ਸਿੰਘ ਤੋਂ ਪੁੱਛਗਿੱਛ ਕਰ ਰਹੀ ਸੀ। ਪੁਲਿਸ ਦਾ ਦੋਸ਼ ਹੈ ਕਿ ਇਹ ਸਮੂਹ ਬਿਨਾਂ ਇਜਾਜ਼ਤ ਦੇ ਪੁਲਿਸ ਥਾਣੇ ਵਿਚ ਦਾਖਲ ਹੋਇਆ ਅਤੇ ਇਮਾਰਤ ਦੇ ਵੱਖ-ਵੱਖ ਹਿੱਸਿਆਂ ਜਿਨ੍ਹਾਂ ਵਿਚ ਕਮਰੇ ਅਤੇ ਹਵਾਲਾਤ ਖੇਤਰ ਸ਼ਾਮਲ ਹਨ, ਦੀ ਤਲਾਸ਼ੀ ਲਈ। ਐੱਫ.ਆਈ.ਆਰ. ਵਿਚ ਕਿਹਾ ਗਿਆ ਹੈ ਕਿ ਜਦੋਂ ਪੁਲਿਸ ਕਰਮਚਾਰੀਆਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਇਕ ਸਮਰਥਕ ਨੇ ਕਥਿਤ ਤੌਰ 'ਤੇ ਪਿਸਤੌਲ ਲਹਿਰਾਈ ਅਤੇ ਉਸ ਨੂੰ ਹਵਾ ਵਿਚ ਘੁਮਾਇਆ, ਜਿਸ ਨਾਲ ਪੁਲਿਸ ਸਟੇਸ਼ਨ ਵਿਚ ਮੌਜੂਦ ਅਧਿਕਾਰੀਆਂ ਵਿਚ ਡਰ ਦਾ ਮਾਹੌਲ ਬਣ ਗਿਆ।

ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੰਜਾਬ ਪੁਲਿਸ ਨੇ ਲੁੱਕ ਆਊਟ ਸਰਕੂਲਰ ਵੀ ਜਾਰੀ ਕੀਤਾ ਹੋਇਆ ਹੈ। ਕੇਸ ਦਰਜ ਹੋਣ ਤੋਂ ਬਾਅਦ ਜਾਰੀ ਕੀਤੇ ਇਸ ਸਰਕੂਲਰ ਨਾਲ ਹੁਣ ਉਹ ਦੇਸ਼ ਛੱਡ ਕੇ ਵਿਦੇਸ਼ ਨਹੀਂ ਜਾ ਸਕਣਗੇ। ਫਿਲਹਾਲ ਪੁਲਿਸ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹਲਕਾ ਮਜੀਠੀਆ ਵਿਚ ਬਿਕਰਮ ਮਜੀਠੀਆ ਦੀ ਗੁੰਮਸ਼ੁਦਗੀ ਵਾਲੇ ਪੋਸਟਰ ਵੀ ਲਗਾਈ ਗਏ ਹਨ।

# ਗਰਭਵਤੀ 17 ਸਾਲਾ ਲੜਕੀ ਦੀ ਸੜਕ ਹਾਦਸੇ 'ਚ ਮੌਤ; ਭਾਰਤੀ ਵਿਅਕਤੀ ਗ੍ਰਿਫ਼ਤਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਓਹਾਇਓ ਸੂਬੇ ਵਿਚ ਇੱਕ ਦਰਦਨਾਕ ਸੜਕ ਹਾਦਸੇ ਤੋਂ ਬਾਅਦ ਇਮੀਗ੍ਰੇਸ਼ਨ ਦਾ ਮਾਮਲਾ ਵੀ ਚਰਚਾ ਵਿਚ ਆ ਗਿਆ ਹੈ। 17 ਸਾਲਾ ਐਸ਼ਲੀ ਹੋਮਜ਼ ਅਤੇ ਉਸਦੇ ਅਣਜੰਮੇ ਬੱਚੇ ਦੀ ਮੌਤ ਦੇ ਮਾਮਲੇ ਵਿਚ ਗ੍ਰਿਫ਼ਤਾਰ ਭਾਰਤੀ ਮੂਲ ਦੇ ਵਿਅਕਤੀ ਖ਼ਿਲਾਫ਼ ਹੁਣ ਡਿਪੋਰਟੇਸ਼ਨ ਦੀ ਕਾਰਵਾਈ ਵੀ ਸ਼ੁਰੂ ਹੋ ਸਕਦੀ ਹੈ।

17 ਸਾਲਾ ਐਸ਼ਲੀ ਹੋਮਜ਼ ਇੱਕ ਰੇਂਜ ਰੋਵਰ ਗੱਡੀ ਵਿਚ ਸਵਾਰ ਸੀ, ਜਦੋਂ ਤੇਜ਼ ਰਫ਼ਤਾਰ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਦੌਰਾਨ ਉਹ ਗੱਡੀ ਵਿਚੋਂ ਬਾਹਰ ਸੁੱਟੀ ਗਈ ਅਤੇ ਗੰਭੀਰ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। ਉਸ ਦੇ ਗਰਭ ਵਿਚ ਪਲ ਰਿਹਾ ਬੱਚਾ ਵੀ ਨਹੀਂ ਬਚ ਸਕਿਆ।

ਇਸ ਮਾਮਲੇ ਵਿਚ 33 ਸਾਲਾ

**▮ ਸ਼ੁਰੂ ਹੋ ਸਕਦੀ ਹੈ ਡਿਪੋਰਟੇਸ਼ਨ ਦੀ ਕਾਰਵਾਈ**
**▮ ਮਾਂ ਨੇ ਕਿਹਾ - "ਮੁਲਜ਼ਮ ਨੂੰ ਅਮਰੀਕਾ ਤੋਂ ਬਾਹਰ ਕੱਢਿਆ ਜਾਵੇ"**

ਤਰਸੇਮ ਸਿੰਘ ਉੱਤੇ ਕਈ ਗੰਭੀਰ ਫੌਜਦਾਰੀ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਵਿਚ ਅਣਇੱਛਤ ਕਤਲ, ਲਾਪ੍ਰਵਾਹੀ ਨਾਲ ਮੌਤ ਦਾ ਕਾਰਨ ਬਣਨਾ ਅਤੇ ਵਾਹਨ ਰਾਹੀਂ ਗੰਭੀਰ ਕਤਲ ਸ਼ਾਮਲ ਹਨ।

ਐਸ਼ਲੀ ਦੀ ਮਾਂ ਐਨੇਟ ਹੋਮਜ਼ ਨੇ ਗੱਲਬਾਤ ਦੌਰਾਨ ਕਿਹਾ ਕਿ ਕੋਈ ਵੀ ਔਰਤ ਆਪਣੇ ਪਹਿਲੇ ਬੱਚੇ ਦੀ ਉਡੀਕ ਕਰਦਿਆਂ ਇਸ ਤਰ੍ਹਾਂ ਦੀ ਮੌਤ ਦੀ ਹੱਕਦਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਮੁਲਜ਼ਮ ਨੂੰ ਅਮਰੀਕਾ ਤੋਂ ਸਥਾਈ ਤੌਰ 'ਤੇ ਡਿਪੋਰਟ ਕੀਤੇ ਜਾਣ ਦਾ ਸਮਰਥਨ ਕਰਦੀ ਹੈ।

ਉਨ੍ਹਾਂ ਕਿਹਾ, "ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਪਹਿਲਾਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਇਆ ਸੀ। ਮੈਂ ਨਹੀਂ ਚਾਹੁੰਦੀ ਕਿ ਉਹ ਮੁੜ ਅਮਰੀਕਾ ਵਿਚ ਰਹੇ।"

ਅਮਰੀਕੀ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਨੇ ਤਰਸੇਮ ਸਿੰਘ ਖ਼ਿਲਾਫ਼ ਇੱਕ ਡਿਟੇਨਰ ਜਾਰੀ ਕੀਤਾ ਹੈ। ਇਸ ਦਾ ਮਤਲਬ ਹੈ ਕਿ ਜੇ ਉਹ ਫੌਜਦਾਰੀ ਕੇਸ ਵਿਚ ਜ਼ਮਾਨਤ ਜਾਂ ਰਿਹਾਈ ਹਾਸਲ ਕਰਦਾ ਹੈ, ਤਾਂ ICE ਉਸ ਨੂੰ ਆਪਣੀ ਹਿਰਾਸਤ ਵਿਚ ਲੈ ਸਕਦੀ ਹੈ ਅਤੇ ਡਿਪੋਰਟੇਸ਼ਨ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਨੁਸਾਰ, ਤਰਸੇਮ ਸਿੰਘ ਫਰਵਰੀ 2017 ਵਿਚ ਕੈਲੀਫੋਰਨੀਆ ਸਰਹੱਦ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖ਼ਲ ਹੋਇਆ ਸੀ। ਉਸ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਬਾਅਦ ਵਿਚ ਇੱਕ ਇਮੀਗ੍ਰੇਸ਼ਨ ਜੱਜ ਨੇ ਬਾਂਡ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ।

ਫਿਲਹਾਲ ਤਰਸੇਮ ਸਿੰਘ 1 ਮਿਲੀਅਨ ਡਾਲਰ ਦੇ ਬੌਂਡ 'ਤੇ ਜੇਲ੍ਹ ਵਿਚ ਹੈ। ਉਸ ਦਾ ਜੂਰੀ ਟਰਾਇਲ 17 ਤੋਂ 21 ਅਗਸਤ ਤੱਕ ਨਿਰਧਾਰਤ ਕੀਤਾ ਗਿਆ ਹੈ।

ਹਾਲਾਂਕਿ ਉਸ ਉੱਤੇ ਗੰਭੀਰ ਦੋਸ਼ ਲੱਗੇ ਹਨ, ਪਰ ਅਮਰੀਕੀ ਕਾਨੂੰਨ ਅਨੁਸਾਰ ਉਹ ਅਜੇ ਵੀ ਬੇਕਸੂਰ ਮੰਨਿਆ ਜਾਂਦਾ ਹੈ, ਜਦ ਤੱਕ ਅਦਾਲਤ ਵਿਚ ਦੋਸ਼ ਸਾਬਤ ਨਹੀਂ ਹੋ ਜਾਂਦਾ।

ਇਹ ਮਾਮਲਾ ਇੱਕ ਵਾਰ ਫਿਰ ਅਮਰੀਕਾ ਵਿਚ ਇਮੀਗ੍ਰੇਸ਼ਨ, ਸਰਹੱਦੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਬਾਰੇ ਚੱਲ ਰਹੀ ਚਰਚਾ ਨੂੰ ਤੇਜ਼ ਕਰ ਰਿਹਾ ਹੈ।

# "ਅਮਰੀਕਾ 'ਚ ਰਹਿਣਾ ਹੱਕ ਨਹੀਂ, ਕਮਾਈ ਹੋਈ ਚੀਜ਼ ਹੈ": ਸਾਬਕਾ ਯੂ.ਐੱਸ.ਸੀ.ਆਈ.ਐੱਸ. ਡਾਇਰੈਕਟਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਬਾਰੇ ਚੱਲ ਰਹੀ ਚਰਚਾ ਦੌਰਾਨ ਇੱਕ ਸਾਬਕਾ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਡਾਇਰੈਕਟਰ ਨੇ ਕਿਹਾ ਹੈ ਕਿ ਅਮਰੀਕਾ ਵਿਚ ਆ ਕੇ ਰਹਿਣਾ ਜਾਂ ਨਾਗਰਿਕਤਾ ਹਾਸਲ ਕਰਨਾ ਕੋਈ ਆਪਣੇ ਆਪ ਮਿਲਣ ਵਾਲਾ ਅਧਿਕਾਰ ਨਹੀਂ, ਸਗੋਂ ਇੱਕ ਅਜਿਹਾ ਮੌਕਾ ਹੈ ਜਿਸ ਲਈ ਕਾਨੂੰਨੀ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

ਅਮਰੀਕੀ ਇਮੀਗ੍ਰੇਸ਼ਨ ਸੁਧਾਰਾਂ ਦੀ ਹਮਾਇਤੀ ਸੰਸਥਾ ਫੈਡਰੇਸ਼ਨ ਫਾਰ ਅਮੈਰੀਕਨ ਇਮੀਗ੍ਰੇਸ਼ਨ ਰਿਫਾਰਮ (FAIR) ਦੇ ਇੱਕ ਪ੍ਰੋਗਰਾਮ ਦੌਰਾਨ ਸਾਬਕਾ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਿਹਾ ਕਿ ਅਮਰੀਕਾ ਹਰ ਸਾਲ ਲੱਖਾਂ ਲੋਕਾਂ ਨੂੰ ਕਾਨੂੰਨੀ ਤਰੀਕੇ ਨਾਲ ਆਉਣ ਦੀ ਇਜਾਜ਼ਤ ਦਿੰਦਾ ਹੈ, ਪਰ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

ਉਨ੍ਹਾਂ ਦੇ ਅਨੁਸਾਰ, ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਮਕਸਦ ਉਨ੍ਹਾਂ ਲੋਕਾਂ ਨੂੰ ਮੌਕਾ ਦੇਣਾ ਹੈ, ਜੋ ਕਾਨੂੰਨੀ ਰਸਤੇ ਰਾਹੀਂ ਦੇਸ਼ ਵਿਚ ਦਾਖ਼ਲ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਸਰਹੱਦੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਕਿਸੇ ਵੀ ਦੇਸ਼ ਦੀ ਸੰਪ੍ਰਭੁਤਾ ਲਈ ਜ਼ਰੂਰੀ ਹੈ।

ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਡੋਨਾਲਡ ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਸਖ਼ਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣਾ ਅਤੇ ਮੌਜੂਦਾ ਕਾਨੂੰਨਾਂ ਨੂੰ ਲਾਗੂ ਕਰਨਾ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਹੈ।

ਦੂਜੇ ਪਾਸੇ, ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਮੰਨਣਾ ਹੈ ਕਿ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਪਹਿਲਾਂ ਹੀ ਕਾਫ਼ੀ ਜਟਿਲ ਅਤੇ ਲੰਬੀ ਹੈ। ਉਹ ਕਹਿੰਦੇ ਹਨ ਕਿ ਪਰਿਵਾਰਕ ਮਿਲਾਪ, ਸ਼ਰਨਾਰਥੀਆਂ ਦੀ ਸੁਰੱਖਿਆ ਅਤੇ ਮਾਨਵਤਾਵਾਦੀ ਮਾਮਲਿਆਂ ਨੂੰ ਵੀ ਬਰਾਬਰ ਤਰਜੀਹ ਮਿਲਣੀ ਚਾਹੀਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਇਮੀਗ੍ਰੇਸ਼ਨ ਬਾਰੇ ਇਹ ਬਹਿਸ ਆਉਣ ਵਾਲੇ ਸਮੇਂ ਵਿਚ ਹੋਰ ਤੇਜ਼ ਹੋ ਸਕਦੀ ਹੈ ਕਿਉਂਕਿ ਸਰਹੱਦੀ ਸੁਰੱਖਿਆ, ਡਿਪੋਰਟੇਸ਼ਨ ਅਤੇ ਗ੍ਰੀਨ ਕਾਰਡ ਨੀਤੀਆਂ 2026 ਦੀ ਰਾਜਨੀਤੀ ਦੇ ਸਭ ਤੋਂ ਵੱਡੇ ਮੁੱਦਿਆਂ ਵਿਚੋਂ ਹਨ।

# ਡੀ.ਐੱਚ.ਐੱਸ. ਵੱਲੋਂ ਮਿਨੀਸੋਟਾ ਦੀ ਬੰਦ ਜੇਲ੍ਹ ਮੁੜ ਖੋਲ੍ਹਣ ਦਾ ਪ੍ਰਸਤਾਵ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਮਿਨੀਸੋਟਾ ਰਾਜ ਵਿਚ ਸਥਿਤ ਬੰਦ ਪਈ ਪ੍ਰੇਰੀ ਕਰੈਕਸ਼ਨਲ ਫਸੀਲਿਟੀ ਨੂੰ ਮੁੜ ਖੋਲ੍ਹ ਕੇ ਇਮੀਗ੍ਰੇਸ਼ਨ ਹਿਰਾਸਤੀ ਕੇਂਦਰ ਵਜੋਂ ਵਰਤਣ ਦੀ ਯੋਜਨਾ ਸਾਹਮਣੇ ਆਈ ਹੈ।

ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਵੱਲੋਂ ਪੇਸ਼ ਕੀਤੇ ਗਏ ਪ੍ਰਸਤਾਵ ਅਨੁਸਾਰ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਇਸ ਸਹੂਲਤ 'ਚ ਲਗਭਗ 1,600 ਇਮੀਗ੍ਰੈਂਟ ਹਿਰਾਸਤੀਆਂ ਨੂੰ ਰੱਖ ਸਕੇਗੀ। ਅਮਰੀਕੀ ਜਨਰਲ ਸਰਵਿਸਿਜ਼ ਐਡਮਿਨਿਸਟ੍ਰੇਸ਼ਨ (ਜੀ.ਐੱਸ.ਏ.) ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਜਾਣਕਾਰੀ ਮੁਤਾਬਕ ਡੀ.ਐੱਚ.ਐੱਸ. ਅਤੇ ICE ਨੂੰ ਆਪਣੀਆਂ ਅੰਦਰੂਨੀ ਇਮੀਗ੍ਰੇਸ਼ਨ ਕਾਰਵਾਈਆਂ ਅਤੇ ਸਰਹੱਦੀ ਦਬਾਅ ਘਟਾਉਣ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਵਧੇਰੇ ਬੈੱਡ ਸਮਰੱਥਾ ਦੀ ਲੋੜ ਹੈ।

ਪ੍ਰਸਤਾਵ ਅਨੁਸਾਰ ਇਸ ਜੇਲ੍ਹ ਦੀ ਮਾਲਕ ਕੰਪਨੀ ਕੋਰਸਿਵਿਕ ਸੁਰੱਖਿਆ ਕਰਮਚਾਰੀ, ਭੋਜਨ, ਮੈਡੀਕਲ ਸੇਵਾਵਾਂ ਅਤੇ ਆਵਾਜਾਈ ਦੀ ਸਹੂਲਤ ਪ੍ਰਦਾਨ ਕਰੇਗੀ। ਇਹ ਸੇਵਾਵਾਂ ICE ਦੇ ICE ਫੀਲਡ ਦਫ਼ਤਰ ਦੇ ਅਧੀਨ ਚਲਣਗੀਆਂ।

ਐਪਲਟਨ ਸ਼ਹਿਰ ਦੇ ਪ੍ਰਸ਼ਾਸਕ ਜੌਨ ਓਲਿੰਗਰ ਨੇ ਕਿਹਾ ਕਿ ਸ਼ਹਿਰ ਦੀ ਜ਼ੋਨਿੰਗ ਇਸ ਤਰ੍ਹਾਂ ਦੀ ਵਰਤੋਂ ਦੀ ਆਗਿਆ ਦਿੰਦੀ ਹੈ, ਪਰ ਸ਼ਹਿਰੀ ਪ੍ਰਸ਼ਾਸਨ ਨੂੰ ਵੀ ਇਸ ਯੋਜਨਾ ਬਾਰੇ ਉਸੇ ਦਿਨ ਪਤਾ ਲੱਗਾ ਅਤੇ ਉਨ੍ਹਾਂ ਕੋਲ ਇਸ ਵੇਲੇ ਹੋਰ ਕੋਈ ਵਿਸਥਾਰਪੂਰਵਕ ਜਾਣਕਾਰੀ ਨਹੀਂ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਪੰਜਾਬ ਭਾਜਪਾ ’ਚ ਜ਼ਿਲ੍ਹਾ ਪੱਧਰ ’ਤੇ ਸੰਭਾਵੀ ਫੇਰਬਦਲ ਬਾਰੇ ਚਰਚਾਵਾਂ ਸ਼ੁਰੂ

**ਸੁਲਤਾਨਪੁਰ ਲੋਧੀ, (ਪੰਜਾਬ ਮੇਲ)-** ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਪਾਰਟੀ ਸੰਗਠਨ ਦੇ ਅੰਦਰ ਜ਼ਿਲ੍ਹਾ ਪੱਧਰ ’ਤੇ ਸੰਭਾਵੀ ਫੇਰਬਦਲ ਬਾਰੇ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਸੂਬਾ ਲੀਡਰਸ਼ਿਪ ਵਿਚ ਇਸ ਬਦਲਾਅ ਤੋਂ ਬਾਅਦ ਵਰਕਰਾਂ ਅਤੇ ਆਗੂਆਂ ਦਾ ਧਿਆਨ ਹੁਣ ਜ਼ਿਲ੍ਹਾ ਇਕਾਈਆਂ ’ਤੇ ਹੈ, ਜਿੱਥੇ ਨਵੇਂ ਚਿਹਰੇ ਨਿਯੁਕਤ ਕੀਤੇ ਜਾਣ ਦੀ ਉਮੀਦ ਹੈ।

ਸੂਤਰਾਂ ਅਨੁਸਾਰ ਭਾਜਪਾ ਲੀਡਰਸ਼ਿਪ ਆਉਣ ਵਾਲੀਆਂ ਚੋਣਾਂ ਲਈ ਆਪਣੀ ਰਣਨੀਤੀ ਦੇ ਹਿੱਸੇ ਵਜੋਂ ਜ਼ਿਲ੍ਹਾ ਇਕਾਈਆਂ ਦੇ ਕੰਮ ਦੀ ਸਮੀਖਿਆ ਕਰ ਰਹੀ ਹੈ ਅਤੇ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰ ਰਹੀ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਸੰਗਠਨਾਤਮਕ ਗਤੀਵਿਧੀਆਂ, ਵਰਕਰਾਂ ਨਾਲ ਤਾਲਮੇਲ ਅਤੇ ਜਨ ਸੰਪਰਕ ਦੇ ਆਧਾਰ ’ਤੇ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਕਈ ਜ਼ਿਲਿਆਂ ਵਿਚ ਤਬਦੀਲੀਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਨਵੇਂ ਸੂਬਾ ਪ੍ਰਧਾਨ, ਕੇਵਲ ਸਿੰਘ ਢਿੱਲੋਂ, ਸੰਗਠਨ ਨੂੰ ਇਕ ਨਵੀਂ ਦਿਸ਼ਾ ਦੇਣ ਅਤੇ ਜ਼ਮੀਨੀ ਪੱਧਰ ’ਤੇ ਪਾਰਟੀ ਦੀ ਪਕੜ ਮਜ਼ਬੂਤ ਕਰਨ ਲਈ ਆਪਣੀ ਟੀਮ ਬਣਾ ਸਕਦੇ ਹਨ। ਇਸ ਤਰ੍ਹਾਂ ਜ਼ਿਲ੍ਹਾ ਇਕਾਈਆਂ ਵਿਚ ਵੀ ਨਵੀਂ ਅਤੇ ਸਰਗਰਮ ਲੀਡਰਸ਼ਿਪ ਨੂੰ ਮੌਕਾ ਦਿੱਤੇ ਜਾਣ ਦੀ ਸੰਭਾਵਨਾ ਹੈ।

ਹਾਲਾਂਕਿ ਪਾਰਟੀ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ ਪਰ ਸੰਗਠਨ ਦੇ ਅੰਦਰ ਸੰਭਾਵੀ ਤਬਦੀਲੀਆਂ ਬਾਰੇ ਚਰਚਾਵਾਂ ਤੇਜ਼ ਹੋ ਰਹੀਆਂ ਹਨ। ਬਹੁਤ ਸਾਰੇ ਆਗੂ ਅਤੇ ਵਰਕਰ ਸੰਗਠਨ ਦੇ ਅੰਦਰ ਨਵੀਆਂ ਜ਼ਿੰਮੇਵਾਰੀਆਂ ਦੀ ਉਮੀਦ ਵੀ ਕਰ ਰਹੇ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ ਸੂਬਾਈ ਲੀਡਰਸ਼ਿਪ ਦੇ ਅਗਲੇ ਫ਼ੈਸਲੇ ’ਤੇ ਹਨ, ਜੋ ਪੰਜਾਬ ਵਿਚ ਸੰਗਠਨਾਤਮਕ ਪੱਧਰ ’ਤੇ ਭਾਜਪਾ ਦੀ ਦਿਸ਼ਾ ਨੂੰ ਸਪੱਸ਼ਟ ਕਰੇਗਾ।


## MATRIMONIAL

Jatt Sikh, Chatha, Age 33yrs, height 6’-1”, American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


# ਭਾਜਪਾ ਨੇ ਤਰੁਣ ਚੁੱਘ ਨੂੰ ਮੱਧ ਪ੍ਰਦੇਸ਼ ਤੋਂ ਰਾਜ ਸਭਾ ਲਈ ਐਲਾਨਿਆ ਉਮੀਦਵਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਦੇ ਸੀਨੀਅਰ ਭਾਜਪਾ ਆਗੂ ਅਤੇ ਪਾਰਟੀ ਦੇ ਰਾਸ਼ਟਰੀ ਮਹਾਸਕੱਤਰ ਤਰੁਣ ਚੁੱਘ ਨੂੰ ਭਾਰਤੀ ਜਨਤਾ ਪਾਰਟੀ ਵੱਡੀ ਜ਼ਿੰਮੇਵਾਰੀ ਦੇਣ ਦੀ ਤਿਆਰੀ ਵਿਚ ਹੈ। ਭਾਜਪਾ ਦੀ ਕੇਂਦਰੀ ਚੋਣ ਕਮੇਟੀ ਵੱਲੋਂ ਵੱਖ-ਵੱਖ ਸੂਬਿਆਂ ਵਿਚ ਹੋਣ ਵਾਲੀਆਂ ਰਾਜਸਭਾ ਦੀਆਂ ਚੋਣਾਂ ਅਤੇ ਓਡੀਸ਼ਾ ਦੀ ਉਪ-ਚੋਣ 2026 ਲਈ ਆਪਣੇ ਅਧਿਕਾਰਤ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਇਸ ਸੂਚੀ ਮੁਤਾਬਕ ਭਾਜਪਾ ਵਲੋਂ ਤਰੁਣ ਚੁਘ ਨੂੰ ਮੱਧ ਪ੍ਰਦੇਸ਼ ਤੋਂ ਉਮੀਦਵਾਰ ਐਲਾਨ ਕੀਤਾ ਹੈ।

ਭਾਜਪਾ ਦੇ ਰਾਸ਼ਟਰੀ ਮਹਾਸਕੱਤਰ ਅਤੇ ਮੁੱਖ ਦਫ਼ਤਰ ਪ੍ਰਭਾਰੀ (ਇੰਚਾਰਜ਼) ਅਰੁਣ ਸਿੰਘ ਵੱਲੋਂ ਅੱਜ ਇੱਥੇ ਜਾਰੀ ਪ੍ਰੈੱਸ ਨੋਟ ’ਚ ਇਨ੍ਹਾਂ ਨਾਵਾਂ ’ਤੇ ਅੰਤਿਮ ਮੋਹਰ ਲਗਾਈ ਗਈ। ਇਸ ਸੂਚੀ ਵਿਚ ਪਾਰਟੀ ਦੇ ਰਾਸ਼ਟਰੀ ਮਹਾਸਕੱਤਰ ਤਰੁਣ ਚੁੱਘ ਸਣੇ ਮੱਧ ਪ੍ਰਦੇਸ਼ ਤੋਂ ਰਜਨੀਸ਼ ਅਗਰਵਾਲ, ਰਾਜਸਥਾਨ ਤੋਂ ਸ਼੍ਰੀਮਤੀ (ਡਾ.) ਅਲਕਾ ਗੁਰਜਰ ਤੇ ਡਾ. ਸਤੀਸ਼ ਪੂਨੀਆ, ਗੁਜਰਾਤ ਤੋਂ ਰਾਜੂਭਾਈ ਸ਼ੁਕਲਾ, ਮੁਕੇਸ਼ਭਾਈ ਰਾਠਵਾ, ਮਾਨਸਿੰਘ ਪਰਮਾਰ ਅਤੇ ਜੀਤੇਂਦਰ ਮੇਘਜੀਭਾਈ ਕੰਜ਼ਾਰੀਆ, ਅਰੁਣਾਚਲ ਪ੍ਰਦੇਸ਼ ਤੋਂ ਤਾਈ ਤਾਗਾ, ਮਣੀਪੁਰ ਏ. ਸ਼ਾਰਦਾ ਦੇਵੀ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਤਰੁਣ ਚੁੱਘ ਜੇਕਰ ਇਸ ਸੀਟ ਤੋਂ ਰਾਜ ਸਭਾ ਵਿੱਚ ਪਹੁੰਚਦੇ ਹਨ, ਤਾਂ ਉਨ੍ਹਾਂ ਦਾ ਮੋਦੀ ਕੈਬਨਿਟ ਵਿਚ ਸ਼ਾਮਲ ਹੋਣਾ ਤੈਅ ਮੰਨਿਆ ਜਾ ਰਿਹਾ ਹੈ।

ਅੱਜ ਇਸ ਦੇ ਨਾਲ ਹੀ ਪਾਰਟੀ ਵਲੋਂ ਓਡੀਸ਼ਾ ਸੂਬੇ ਵਿਚ ਹੋਣ ਵਾਲੀ ਰਾਜਸਭਾ ਦੀ ਉਪ-ਚੋਣ ਲਈ ਵੀ ਆਪਣੇ ਉਮੀਦਵਾਰ ਦਾ ਐਲਾਨ ਕੀਤਾ ਹੈ। ਉਡੀਸ਼ਾ ਵਿਚ ਭਾਜਪਾ ਨੇ ਦੇਬਾਸ਼ੀਸ਼ ਸਾਮੰਤਰਾਏ ਨੂੰ ਉਮੀਦਵਾਰ ਐਲਾਨਿਆ ਹੈ। ਰਾਜਨੀਤਿਕ ਮਾਹਰਾਂ ਮੁਤਾਬਕ, ਭਾਜਪਾ ਨੇ ਇਸ ਸੂਚੀ ਵਿਚ ਆਪਣੇ ਤਜ਼ਰਬੇਕਾਰ ਅਤੇ ਸੰਗਠਨ ਨਾਲ ਲੰਬੇ ਸਮੇਂ ਤੋਂ ਜੁੜੇ ਆਗੂਆਂ ’ਤੇ ਭਰੋਸਾ ਜਤਾਇਆ ਹੈ। ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਰਾਜਾਂ ਅੰਦਰ ਨਾਮਜ਼ਦਗੀ ਦੀ ਪ੍ਰਕਿਰਿਆ ਸ਼ੁਰੂ ਹੋਣ ਜਾ ਰਹੀ ਹੈ।

# ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਰਾਜੂ ਵੱਲੋਂ ਅਹੁਦੇ ਤੋਂ ਅਸਤੀਫ਼ਾ



**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੇ ਅਹੁਦਾ ਸੰਭਾਲਣ ਤੋਂ ਬਾਅਦ ਭਾਜਪਾ ’ਚ ਛਿੜਿਆ ਅੰਦਰੂਨੀ ਵਿਵਾਦ ਬਾਹਰ ਆਉਣਾ ਸ਼ੁਰੂ ਹੋ ਗਿਆ ਹੈ। ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਤੇ ਸੂਬਾ ਪ੍ਰਧਾਨ ਦੀ ਦੌੜ ਵਿਚ ਸ਼ਾਮਲ ਸਾਬਕਾ ਆਈ.ਏ.ਐੱਸ. ਅਧਿਕਾਰੀ ਡਾ. ਜਗਮੋਹਨ ਸਿੰਘ ਰਾਜੂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਇਸ ਸਬੰਧੀ ਜਗਮੋਹਨ ਸਿੰਘ ਰਾਜੂ ਵੱਲੋਂ ਭਾਜਪਾ ਦੇ ਸੰਗਠਨ ਮੰਤਰੀ ਮੰਥਰੀ ਸ੍ਰੀਨਿਵਾਸਲੂ ਤੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਪੱਤਰ ਭੇਜਿਆ ਗਿਆ ਹੈ। ਜਾਣਕਾਰੀ ਅਨੁਸਾਰ ਡਾਕਟਰ ਰਾਜੂ ਵੱਲੋਂ ਸੰਗਠਨ ਮੰਤਰੀ ਨੂੰ ਇਹ ਪੱਤਰ ਪੰਜ ਜੂਨ ਨੂੰ ਭੇਜਿਆ ਗਿਆ ਸੀ, ਜੋ ਹੁਣ ਜਨਤਕ ਹੋਇਆ ਹੈ। ਇਹ ਮਾਮਲਾ ਭਾਜਪਾ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਪਰ ਭਾਜਪਾ ਆਗੂਆਂ ਨੇ ਇਸ ਮੁੱਦੇ ’ਤੇ ਚੁੱਪ ਧਾਰੀ ਹੋਈ ਹੈ।




# ਕੈਲੀਫੋਰਨੀਆ ’ਚ ਪ੍ਰਵਾਸੀਆਂ ਲਈ ਮੈਡੀ-ਕੈਲ ਸਹੂਲਤਾਂ ’ਤੇ ਕਟੌਤੀਆਂ ਦਾ ਖਤਰਾ

## ਸਮਾਜਿਕ ਸੰਸਥਾਵਾਂ ਵੱਲੋਂ ਚਿੰਤਾ ਜ਼ਾਹਿਰ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਦੇ ਸੋਧੇ ਹੋਏ 2026-27 ਬਜਟ ਵਿਚ ਮੈਡੀ-ਕੈਲ ਪ੍ਰੋਗਰਾਮ ਨਾਲ ਜੁੜੀਆਂ ਕੁਝ ਤਬਦੀਲੀਆਂ ਕਾਰਨ ਪ੍ਰਵਾਸੀ ਭਾਈਚਾਰੇ ਵਿਚ ਚਿੰਤਾ ਵਧ ਗਈ ਹੈ। ਸਮਾਜਿਕ ਸੰਸਥਾਵਾਂ ਅਤੇ ਇਮੀਗ੍ਰੈਂਟ ਅਧਿਕਾਰ ਗਰੁੱਪਾਂ ਦਾ ਕਹਿਣਾ ਹੈ ਕਿ ਨਵੇਂ ਪ੍ਰਸਤਾਵਾਂ ਨਾਲ ਘੱਟ ਆਮਦਨ ਵਾਲੇ ਪ੍ਰਵਾਸੀਆਂ ਲਈ ਸਿਹਤ ਸੇਵਾਵਾਂ ਤੱਕ ਪਹੁੰਚ ਮੁਸ਼ਕਲ ਹੋ ਸਕਦੀ ਹੈ।

ਅਫਗਾਨਿਸਤਾਨ ਤੋਂ ਅਮਰੀਕਾ ਆ ਕੇ ਵੱਸੇ ਅਤੇ ਹੁਣ ਅਮਰੀਕੀ ਨਾਗਰਿਕ ਬਣ ਚੁੱਕੇ ਜ਼ਰੀਫ ਅਮੀਨਯਾਰ ਨੇ ਕਿਹਾ ਕਿ ਜਦੋਂ ਉਹ 2021 ਵਿਚ ਕੈਲੀਫੋਰਨੀਆ ਆਏ ਸਨ, ਉਸ ਸਮੇਂ ਮੈਡੀ-ਕੈਲ ਰਾਹੀਂ ਮਿਲੀ ਸਿਹਤ ਸੇਵਾ ਨੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਵਿਚ ਵੱਡੀ ਮਦਦ ਕੀਤੀ। ਉਨ੍ਹਾਂ ਕਿਹਾ ਕਿ ਜੇ ਉਸ ਵੇਲੇ ਸਿਹਤ ਸੇਵਾਵਾਂ ਦੀ ਪਹੁੰਚ ਨਾ ਹੁੰਦੀ, ਤਾਂ ਉਹ ਅੱਜ ਆਪਣੀ ਟੈਕਨਾਲੋਜੀ ਸੰਸਥਾ ਨਹੀਂ ਚਲਾ ਸਕਦੇ ਸਨ।

ਬਜਟ ਪ੍ਰਸਤਾਵ ਅਨੁਸਾਰ ਰਾਜ ਵੱਲੋਂ ਫੰਡ ਕੀਤੇ ਜਾਣ ਵਾਲੇ ਕੁਝ ਮੈਡੀ-ਕੈਲ ਪ੍ਰੋਗਰਾਮਾਂ ਵਿਚ ਨਵੀਂ 20 ਘੰਟੇ ਪ੍ਰਤੀ ਹਫ਼ਤਾ ਕੰਮ ਕਰਨ ਦੀ ਸ਼ਰਤ ਲਾਗੂ ਕੀਤੀ ਜਾ ਸਕਦੀ ਹੈ। ਇਹ ਸ਼ਰਤ ਫੈਡਰਲ ਸਰਕਾਰ ਦੇ ਮੈਡੀਕੇਡ ਵਰਕ ਰਿਕੁਆਇਰਮੈਂਟ ਵਰਗੀ ਹੋਵੇਗੀ। ਨੀਤੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਅਸਲ ਵਿਚ ਕਾਗਜ਼ੀ ਕਾਰਵਾਈ ਵਧਾਉਣ ਵਾਲਾ ਕਦਮ ਹੈ, ਜਿਸ ਨਾਲ ਲੋਕਾਂ ਲਈ ਆਪਣੀ ਯੋਗਤਾ ਕਾਇਮ ਰੱਖਣਾ ਹੋਰ ਔਖਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਬਿਨਾਂ ਦਸਤਾਵੇਜ਼ਾਂ ਵਾਲੇ ਬਾਲਗ ਪ੍ਰਵਾਸੀਆਂ ਅਤੇ ਕੁਝ ਹੋਰ ਇਮੀਗ੍ਰੈਂਟ ਵਰਗਾਂ ਲਈ ਮੈਡੀ-ਕੈਲ ਪ੍ਰੀਮੀਅਮ 30 ਡਾਲਰ ਤੋਂ ਵਧਾ ਕੇ 50 ਡਾਲਰ ਪ੍ਰਤੀ ਮਹੀਨਾ ਕਰਨ ਦਾ ਵੀ ਪ੍ਰਸਤਾਵ ਹੈ। ਹਮਾਇਤੀਆਂ ਦਾ ਕਹਿਣਾ ਹੈ ਕਿ ਇਹ ਵਾਧਾ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਵਾਧੂ ਆਰਥਿਕ ਬੋਝ ਬਣੇਗਾ।

ਇਮੀਗ੍ਰੈਂਟਾਂ ਨਾਲ ਕੰਮ ਕਰਨ ਵਾਲੀ ਮੈਡੀਕਲ ਕੇਸਵਰਕਰ ਨਸਰੀਨ ਨਬੀਜ਼ਾਦੇਹ ਦਾ ਕਹਿਣਾ ਹੈ ਕਿ ਬਹੁਤ ਸਾਰੇ ਸ਼ਰਨਾਰਥੀ ਅਤੇ ਪ੍ਰਵਾਸੀ ਪਹਿਲਾਂ ਹੀ ਸਦਮੇ, ਮਾਨਸਿਕ ਤਣਾਅ ਅਤੇ ਹੋਰ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਹੁੰਦੇ ਹਨ। ਉਨ੍ਹਾਂ ਦੇ ਅਨੁਸਾਰ ਕਈ ਪਰਿਵਾਰਾਂ ਕੋਲ ਖਾਣ-ਪੀਣ ਲਈ ਵੀ ਸੀਮਤ ਸਰੋਤ ਹੁੰਦੇ ਹਨ ਅਤੇ ਜੇ ਸਿਹਤ ਸੇਵਾਵਾਂ ਮਹਿੰਗੀਆਂ ਜਾਂ ਮੁਸ਼ਕਲ ਹੋ ਗਈਆਂ, ਤਾਂ ਉਨ੍ਹਾਂ ਦੀ ਸਿਹਤ ਹੋਰ ਵਿਗੜ ਸਕਦੀ ਹੈ।

ਦੂਜੇ ਪਾਸੇ ਗਵਰਨਰ ਗੈਵਿਨ ਨਿਊਸਮ ਦਾ ਕਹਿਣਾ ਹੈ ਕਿ ਰਾਜ ਨੂੰ ਵੱਡੇ ਬਜਟ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕੁਝ ਮੁਸ਼ਕਲ ਫੈਸਲੇ ਲੈਣੇ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਹਿਲਾਂ ਪ੍ਰੀਮੀਅਮ 100 ਡਾਲਰ ਰੱਖਣ ਬਾਰੇ ਵਿਚਾਰ ਕੀਤਾ ਸੀ ਪਰ ਹੁਣ ਇਸਨੂੰ 50 ਡਾਲਰ ਤੱਕ ਸੀਮਿਤ ਰੱਖਿਆ ਗਿਆ ਹੈ। ਧਾਰਮਿਕ ਆਗੂਆਂ, ਸਮਾਜਿਕ ਸੰਸਥਾਵਾਂ ਅਤੇ ਇਮੀਗ੍ਰੈਂਟ ਅਧਿਕਾਰ ਗਰੁੱਪਾਂ ਨੇ ਰਾਜ ਭਰ ਵਿਚ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਅਤੇ ਵਿਧਾਇਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਕਟੌਤੀਆਂ ਨੂੰ ਰੋਕਣ। ਉਨ੍ਹਾਂ ਦਾ ਕਹਿਣਾ ਹੈ ਕਿ ਸਿਹਤ ਸੇਵਾਵਾਂ ਵਿਚ ਕਮੀ ਨਾਲ ਆਖ਼ਰਕਾਰ ਖਰਚਾ ਸਥਾਨਕ ਸਰਕਾਰਾਂ ਅਤੇ ਹਸਪਤਾਲਾਂ ਉੱਤੇ ਹੀ ਪਵੇਗਾ। ਮਾਹਿਰਾਂ ਅਨੁਸਾਰ ਆਉਣ ਵਾਲੇ ਹਫ਼ਤਿਆਂ ਵਿਚ ਕੈਲੀਫੋਰਨੀਆ ਵਿਧਾਨ ਸਭਾ ਬਜਟ ਪ੍ਰਸਤਾਵ ’ਤੇ ਵਿਚਾਰ ਕਰੇਗੀ ਅਤੇ ਇਹ ਸਪੱਸ਼ਟ ਹੋਵੇਗਾ ਕਿ ਮੈਡੀ-ਕੈਲ ਨਾਲ ਸੰਬੰਧਿਤ ਇਹ ਤਬਦੀਲੀਆਂ ਅੰਤਿਮ ਬਜਟ ਦਾ ਹਿੱਸਾ ਬਣਦੀਆਂ ਹਨ ਜਾਂ ਨਹੀਂ। ਇਸ ਦਰਮਿਆਨ ਪ੍ਰਵਾਸੀ ਭਾਈਚਾਰੇ ਵਿਚ ਚਿੰਤਾ ਅਤੇ ਅਨਿਸ਼ਚਿਤਤਾ ਬਣੀ ਹੋਈ ਹੈ।

# ਈ ਡੀ ਛਾਪਿਆਂ ਮਗਰੋਂ ਪੰਜਾਬ ਦੀ ਸਿਆਸਤ ਭਖੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਨਜ਼ਦੀਕੀ ਸੀ.ਏ. ਅੰਕੁਰ ਗਰਗ ਦੇ ਘਰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਛਾਪਿਆਂ ਕਾਰਨ ਸਿਆਸਤ ਭਖ ਗਈ ਹੈ। ਇਸ ਦੌਰਾਨ ‘ਆਪ’ ਅਤੇ ਭਾਜਪਾ ਵੱਲੋਂ ਇੱਕ-ਦੂਜੇ ’ਤੇ ਸਿਆਸੀ ਹਮਲੇ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਹਿੰਦੂ ਵਪਾਰੀ ਸੂਬੇ ਦੇ ਆਰਥਿਕ ਵਿਕਾਸ ਦੀ ਰੀੜ੍ਹ ਦੀ ਹੱਡੀ ਹਨ ਅਤੇ ‘ਰੰਗਲਾ ਪੰਜਾਬ’ ਬਣਾਉਣ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਇਸ ਦੇ ਬਾਵਜੂਦ ਭਾਜਪਾ ਵੱਲੋਂ ਈ.ਡੀ. ਦੇ ਛਾਪਿਆਂ ਰਾਹੀਂ ਵਪਾਰੀਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਭਾਜਪਾ ਵਪਾਰੀਆਂ ’ਤੇ ਸਿਆਸੀ ਦਬਾਅ ਪਾ ਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੂੰ ਪੰਜਾਬੀ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ‘ਆਪ’ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਵਪਾਰੀਆਂ ਨੂੰ ਈ.ਡੀ. ਦੀ ਰੇਡ ਨਾਲ ਤਬਾਹ ਕਰ ਦਿੱਤਾ ਹੈ।

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕੇਂਦਰੀ ਏਜੰਸੀਆਂ ਖ਼ਿਲਾਫ਼ ਕੀਤੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕਿਹਾ ਕਿ ‘ਆਪ’ ਭ੍ਰਿਸ਼ਟਾਚਾਰ ਦੇ ਮੁੱਦੇ ਤੋਂ ਧਿਆਨ ਭਟਕਾਉਣ ਲਈ ਧਰਮ ਦੀ ਸਿਆਸਤ ਦਾ ਸਹਾਰਾ ਲੈ ਰਹੀ ਹੈ। ਪੰਜਾਬ ਦੇ ਵਪਾਰੀ ਕਿਸੇ ਦੇ ਝਾਂਸੇ ਵਿਚ ਆਉਣ ਵਾਲੇ ਨਹੀਂ ਹਨ। ਕਾਂਗਰਸ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਵਿਚ ਏਜੰਸੀਆਂ ਦੀ ਦੁਰਵਰਤੋਂ ’ਤੇ ਸਵਾਲ ਚੁੱਕੇ ਜਾ ਰਹੇ ਹਨ। ‘ਆਪ’ ਵਿਜੀਲੈਂਸ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਭਾਜਪਾ ਈ.ਡੀ. ਦੀ ਦੁਰਵਰਤੋਂ ਕਰ ਰਹੀ ਹੈ। ‘ਆਪ’ ਵੱਲੋਂ ਆਪਣੇ ਸਿਆਸੀ ਮਨੋਰਥ ਨੂੰ ਪੂਰਾ ਕਰਨ ਲਈ ਵਪਾਰੀਆਂ ਨੂੰ ਹਿੰਦੂ ਅਤੇ ਸਿੱਖਾਂ ’ਚ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਡੀ.ਐੱਚ.ਐੱਸ. ਵੱਲੋਂ ਵੋਟਰ ਨਾਗਰਿਕਤਾ ਦੀ ਜਾਂਚ ਅਤੇ ਮੇਲ-ਇਨ ਬੈਲਟ ਨਿਗਰਾਨੀ ਯੋਜਨਾ ਨੂੰ ਮਨਜ਼ੂਰੀ

**ਵਾਸ਼ਿੰਗਟਨ, ਡੀ.ਸੀ., (ਪੰਜਾਬ ਮੇਲ)-** ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਇੱਕ ਨਵੀਂ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਦੇ ਤਹਿਤ ਰਾਜਾਂ ਨੂੰ ਵੋਟਰਾਂ ਦੀ ਨਾਗਰਿਕਤਾ ਦੀ ਜਾਂਚ ਲਈ ਫੈਡਰਲ ਇਮੀਗ੍ਰੇਸ਼ਨ ਡਾਟਾਬੇਸ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਮੇਲ-ਇਨ ਅਤੇ ਐਬਸੈਂਟੀ ਬੈਲਟਾਂ ਦੀ ਆਵਾਜਾਈ ’ਤੇ ਵੀ ਨਿਗਰਾਨੀ ਰੱਖੀ ਜਾਵੇਗੀ, ਤਾਂ ਜੋ ਸੰਭਾਵਿਤ ਧੋਖਾਧੜੀ ਦੇ ਮਾਮਲਿਆਂ ਦੀ ਪਛਾਣ ਕੀਤੀ ਜਾ ਸਕੇ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਇਹ ਪ੍ਰੋਗਰਾਮ ਜੂਨ ਦੇ ਅੰਤ ਤੱਕ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਯੋਜਨਾ ਤਹਿਤ ਰਾਜ ਸਰਕਾਰਾਂ ਆਪਣੇ ਪੂਰੇ ਵੋਟਰ ਰਜਿਸਟ੍ਰੇਸ਼ਨ ਰਿਕਾਰਡ ਫੈਡਰਲ ਡਾਟਾਬੇਸ ਨਾਲ ਮਿਲਾ ਕੇ ਦੇਖ ਸਕਣਗੀਆਂ ਕਿ ਰਜਿਸਟਰਡ ਵੋਟਰ ਅਮਰੀਕੀ ਨਾਗਰਿਕ ਹਨ ਜਾਂ ਨਹੀਂ। ਇਸ ਲਈ ਡੀ.ਐੱਚ.ਐੱਸ., ਸੋਸ਼ਲ ਸਕਿਓਰਿਟੀ ਐਡਮਿਨਿਸਟ੍ਰੇਸ਼ਨ ਅਤੇ ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ ਸਟੇਟ ਦੇ ਰਿਕਾਰਡ ਵਰਤੇ ਜਾਣਗੇ। ਯੋਜਨਾ ਦਾ ਇੱਕ ਹੋਰ ਮਹੱਤਵਪੂਰਨ ਹਿੱਸਾ ਮੇਲ-ਇਨ ਬੈਲਟਾਂ ਦੀ ਨਿਗਰਾਨੀ ਹੈ। ਡੀ.ਐੱਚ.ਐੱਸ., ਯੂਨਾਈਟਿਡ ਸਟੇਟਸ ਪੋਸਟਲ ਸਰਵਿਸ ਨਾਲ ਮਿਲ ਕੇ ਬੈਲਟਾਂ ਦੇ ਆਉਣ-ਜਾਣ ਦੇ ਰੁਝਾਨਾਂ ਦੀ ਜਾਂਚ ਕਰੇਗਾ ਅਤੇ ਜੇਕਰ ਕੋਈ ਅਸਾਧਾਰਨ ਪੈਟਰਨ ਨਜ਼ਰ ਆਉਂਦਾ ਹੈ, ਤਾਂ ਉਸ ਬਾਰੇ ਜਾਂਚ ਸ਼ੁਰੂ ਕੀਤੀ ਜਾ ਸਕੇਗੀ। ਇਹ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਰਚ 2026 ਦੇ ਉਸ ਕਾਰਜਕਾਰੀ ਹੁਕਮ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਵਿਚ ਫੈਡਰਲ ਏਜੰਸੀਆਂ ਨੂੰ ਵੋਟਰ ਨਾਗਰਿਕਤਾ ਦੀ ਪੁਸ਼ਟੀ ਕਰਨ ਅਤੇ ਮੇਲ-ਇਨ ਵੋਟਿੰਗ ਉੱਤੇ ਵਧੇਰੇ ਨਿਗਰਾਨੀ ਰੱਖਣ ਲਈ ਕਿਹਾ ਗਿਆ ਸੀ।



# ਹੈਨਰੀ ਨੋਵਾਕ ਕਤਲ ਮਾਮਲੇ ’ਤੇ ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਦਾ ਬਿਆਨ

## ਕਤਲ ਮਾਮਲੇ ਨੂੰ ਸਿੱਖ ਧਰਮ ਨਾਲ ਜੋੜਨ ਦੇ ਯਤਨਾਂ ਨੂੰ ਕੀਤਾ ਰੱਦ

ਲੰਡਨ, (ਪੰਜਾਬ ਮੇਲ)- ਬਰਤਾਨੀਆ ਦੇ ਸਿੱਖ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਮਾਮਲੇ ਨੂੰ ਸਿੱਖ ਧਰਮ ਨਾਲ ਜੋੜਨ ਦੇ ਯਤਨਾਂ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਵਿਚ ਵਰਤਿਆ ਗਿਆ ਹਥਿਆਰ ਕਿਰਪਾਨ ਨਹੀਂ ਸੀ ਅਤੇ ਕਿਹਾ ਕਿ ਇਸ ਮਾਮਲੇ ਨੂੰ ਸਿੱਖ ਧਰਮ ਨਾਲ ਜੋੜਨਾ ਗਲਤ ਹੈ


ਹੈਨਰੀ ਨੋਵਾਕ

ਲੇਬਰ ਪਾਰਟੀ ਦੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਵੱਲੋਂ ਸੋਸ਼ਲ ਮੀਡੀਆ ’ਤੇ ਸਾਂਝੇ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਕਿ ਤੱਥਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ। ਸੰਸਦ ਮੈਂਬਰਾਂ ਨੇ ਕਿਹਾ ਕਿ ਅਦਾਲਤ ਨੇ ਵੀ ਆਪਣੇ ਫ਼ੈਸਲੇ ਵਿਚ ਇਸ ਹਥਿਆਰ ਨੂੰ ਇੱਕ ਹਮਲਾਵਰ ਹਥਿਆਰ ਕਰਾਰ ਦਿੱਤਾ ਸੀ, ਨਾ ਕਿ ਕਿਰਪਾਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਧਾਰਮਿਕ ਛੋਟ ਜਾਂ ਜਾਇਜ਼ ਠਹਿਰਾਉਣ ਦੀ ਕੋਈ ਗੁੰਜਾਇਸ਼ ਨਹੀਂ ਸੀ ਅਤੇ ਦੋਸ਼ੀ ਨੂੰ ਸਹੀ ਤੌਰ ’ਤੇ ਦੋਸ਼ੀ ਕਰਾਰ ਦੇ ਕੇ ਸਜ਼ਾ ਦਿੱਤੀ ਗਈ।


ਵਿਕਰਮ ਦਿਗਵਾ (ਖੱਬੇ) ਅਤੇ ਕਿਰਨ ਕੌਰ

ਸੰਸਦ ਮੈਂਬਰਾਂ ਨੇ ਕਿਹਾ ਕਿ ਇਹ ਘਟਨਾ ਬਰਤਾਨੀਆ ਵਿਚ ਵੱਧ ਰਹੇ ਚਾਕੂ ਨਾਲ ਜੁੜੇ ਅਪਰਾਧਾਂ ਦੀ ਗੰਭੀਰ ਸਮੱਸਿਆ ਵੱਲ ਵੀ ਧਿਆਨ ਖਿੱਚਦੀ ਹੈ। ਉਨ੍ਹਾਂ ਕਿਹਾ ਕਿ ਚਾਕੂ ਨਾਲ ਜੁੜੇ ਅਪਰਾਧ ਦੇਸ਼ ਭਰ ਵਿਚ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਅਤੇ ਸਥਾਨਕ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ।

ਬਿਆਨ ਵਿਚ ਕਿਹਾ ਗਿਆ ਕਿ ਇਹ ਮਾਮਲਾ ਸਿੱਖ ਧਰਮ ਬਾਰੇ ਨਹੀਂ ਸੀ, ਸਗੋਂ ਇੱਕ ਵਿਅਕਤੀ ਵੱਲੋਂ ਹਮਲਾਵਰ ਹਥਿਆਰ ਨਾਲ ਕੀਤੇ ਗਏ ਨਿਰਦਈ ਕਤਲ ਨਾਲ ਸੰਬੰਧਿਤ ਸੀ।

ਇਸ ਸਾਂਝੇ ਬਿਆਨ ’ਤੇ ਬ੍ਰਿਟਿਸ਼ ਸਿੱਖਾਂ ਲਈ ਆਲ-ਪਾਰਟੀ ਪਾਰਲੀਮੈਂਟਰੀ ਗਰੁੱਪ ਦੇ ਚੇਅਰ ਜਸ ਅਥਵਾਲ ਸਮੇਤ ਸਤਵੀਰ ਕੌਰ, ਕਿਰਿਥ ਐਂਟਵਿਸਲ, ਵਾਰਿੰਦਰ ਜੱਸ, ਪ੍ਰੀਤ ਕੌਰ ਗਿੱਲ, ਹਰਪ੍ਰੀਤ ਕੌਰ ਉੱਪਲ, ਸੋਨੀਆ ਕੁਮਾਰ, ਜੀਵਨ ਸੰਧੇਰ, ਬੈਗੀ ਸ਼ੰਕਰ, ਗੁਰਿੰਦਰ ਸਿੰਘ ਜੋਸਨ ਅਤੇ ਤਨਮਨਜੀਤ ਸਿੰਘ ਢੇਸੀ ਨੇ ਦਸਤਖ਼ਤ ਕੀਤੇ ਹਨ।

ਹੈਨਰੀ ਨੋਵਾਕ, ਜੋ ਕਿ ਸਾਊਥੈਂਪਟਨ ਯੂਨੀਵਰਸਿਟੀ ਦਾ ਪਹਿਲੇ ਸਾਲ ਦਾ ਵਿਦਿਆਰਥੀ ਸੀ, ਦੀ ਦਸੰਬਰ 2025 ਵਿਚ ਸਾਊਥੈਂਪਟਨ ਵਿਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ 23 ਸਾਲਾ ਵਿਕਰਮ ਡਿਗਵਾ ਨੂੰ ਕਤਲ ਦਾ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜਿਸ ਤਹਿਤ ਉਸ ਨੂੰ ਘੱਟੋ-ਘੱਟ 21 ਸਾਲ ਜੇਲ੍ਹ ਵਿਚ ਬਿਤਾਉਣੇ ਹੋਣਗੇ।

# ਇਰਾਨ ਵੱਲੋਂ ਜਾਰਡਨ, ਬਹਿਰੀਨ, ਕੁਵੈਤ ਸਮੇਤ 21 ਥਾਂਈਂ ਹਮਲਾ

ਤਹਿਰਾਨ, (ਪੰਜਾਬ ਮੇਲ)- ਮਿਡਲ ਈਸਟ ’ਚ ਇਰਾਨ ਤੇ ਇਜ਼ਰਾਈਲ ਵੱਲੋਂ ਹਮਲੇ ਨਾ ਕਰਨ ਦਾ ਫ਼ੈਸਲਾ ਇਕ ਵਾਰ ਫ਼ਿਰ ਤੋਂ ਨਾਕਾਮ ਹੁੰਦਾ ਨਜ਼ਰ ਆ ਰਿਹਾ ਹੈ। ਇਰਾਨ ਦੇ ‘ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਪਸ’ (ਆਈ.ਆਰ.ਜੀ.ਸੀ.) ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਮਿਡਲ ਈਸਟ ’ਚ ਸਥਿਤ ਅਮਰੀਕਾ ਦੇ 21 ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਦੌਰਾਨ ਅਮਰੀਕਾ ਦੇ ਐੱਫ-35 ਲੜਾਕੂ ਜਹਾਜ਼ਾਂ ਦੇ ਹੈਂਗਰਾਂ ਨੂੰ ਤਬਾਹ ਕਰਨ ਦਾ ਦਾਅਵਾ ਵੀ ਸ਼ਾਮਲ ਹੈ।

ਇਰਾਨੀ ਮੀਡੀਆ ਮੁਤਾਬਕ, ਆਈ.ਆਰ.ਜੀ.ਸੀ. ਨੇ ਜਾਰਡਨ ਵਿਚ ਸਥਿਤ ਅਮਰੀਕੀ ਫ਼ੌਜ ਦੇ ਮੁੱਖ ਕਮਾਂਡ ਐਂਡ ਕੰਟਰੋਲ ਸੈਂਟਰ ‘ਅਲ-ਅਜ਼ਰਕ’ ਅਤੇ ‘ਮੁਵਾਫਾਕ ਸਾਲਤੀ’ ਹਵਾਈ ਅੱਡੇ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾ ਕੇ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਇਸ ਤੋਂ ਇਲਾਵਾ ਕੁਵੈਤ ਅਤੇ ਬਹਿਰੀਨ ਵਿਚ ਸਥਿਤ ਅਮਰੀਕੀ ਟਿਕਾਣਿਆਂ ’ਤੇ ਵੀ ਧਮਾਕਿਆਂ ਦੀ ਖ਼ਬਰ ਮਿਲੀ ਹੈ। ਆਈ.ਆਰ.ਜੀ.ਸੀ. ਨੇ ਅਧਿਕਾਰਤ ਬਿਆਨ ਜਾਰੀ ਕਰਦਿਆਂ ਬਹਿਰੀਨ ’ਚ ਸਥਿਤ ਅਮਰੀਕੀ ਜਲ ਸੈਨਾ ਦੇ 5ਵੇਂ ਬੇੜੇ ਦੇ ਮੁੱਖ ਦਫ਼ਤਰ ’ਤੇ ਰਾਤ ਦੇ ਤੜਕੇ 2:30 ਵਜੇ ਡਰੋਨ ਹਮਲਾ ਕਰਨ ਦੀ ਜ਼ਿੰਮੇਵਾਰੀ ਲਈ ਹੈ।

# ਭਾਰਤੀ ਜੇਲ੍ਹ ’ਚ 8 ਸਾਲ ਤੋਂ ਵੱਧ ਸਮੇਂ ਤੋਂ ਬੰਦ ਬ੍ਰਿਟਿਸ਼ ਸਿੱਖ ਜਗਤਾਰ ਜੌਹਲ ਨੇ ਮੰਗੀ ਰਿਹਾਈ

## ਬ੍ਰਿਟਿਸ਼ ਵਿਦੇਸ਼ ਮੰਤਰੀ ਤੋਂ ਲਗਾਈ ਉਮੀਦ

ਨਵੀਂ ਦਿੱਲੀ/ਲੰਡਨ, (ਪੰਜਾਬ ਮੇਲ)-ਭਾਰਤ ਵਿਚ ਪਿਛਲੇ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ ਕੈਦ ਬ੍ਰਿਟਿਸ਼ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਨੇ ਬ੍ਰਿਟੇਨ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਭਾਰਤ ਯਾਤਰਾ ਦੌਰਾਨ ਉਸ ਦੀ ਰਿਹਾਈ ਲਈ ਦਖ਼ਲ ਦੇਣ।

ਸਕਾਟਲੈਂਡ ਦੇ ਡੰਬਰਟਨ ਨਾਲ ਸੰਬੰਧਤ 39 ਸਾਲਾ ਜਗਤਾਰ ਸਿੰਘ ਜੌਹਲ ਨੂੰ 2017 ਵਿਚ ਭਾਰਤ ਵਿਚ ਉਸ ਦੇ ਵਿਆਹ ਤੋਂ ਕੁਝ ਹਫ਼ਤਿਆਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਸਮੇਂ ਭਾਰਤੀ ਅਧਿਕਾਰੀਆਂ ਨੇ ਉਸ ’ਤੇ ਅੱਤਵਾਦੀ ਗਤੀਵਿਧੀਆਂ ਅਤੇ ਇੱਕ ਕਥਿਤ ਅੱਤਵਾਦੀ ਗਰੁੱਪ ਨੂੰ ਵਿੱਤੀ ਸਹਾਇਤਾ ਦੇਣ ਦੇ ਦੋਸ਼ ਲਗਾਏ ਸਨ।

ਹਾਲਾਂਕਿ 2025 ਵਿਚ ਇੱਕ ਭਾਰਤੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਉਸ ਨੂੰ ਇੱਕ ਮਾਮਲੇ ਵਿਚ ਬਰੀ ਕਰ ਦਿੱਤਾ ਸੀ, ਪਰ ਉਹ ਅਜੇ ਵੀ ਕੇਂਦਰੀ ਏਜੰਸੀਆਂ ਵੱਲੋਂ ਦਰਜ ਕੀਤੇ ਗਏ ਹੋਰ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਉਸ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਬਾਕੀ ਕੇਸ ਵੀ ਉਨ੍ਹਾਂ ਹੀ ਦੋਸ਼ਾਂ ’ਤੇ ਆਧਾਰਿਤ ਹਨ, ਜਿਨ੍ਹਾਂ ਵਿਚ ਉਹ ਪਹਿਲਾਂ ਬਰੀ ਹੋ ਚੁੱਕਾ ਹੈ।

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਨੇ ਵੀ ਉਸ ਦੀ ਹਿਰਾਸਤ ਨੂੰ “ਮਨਮਾਨੀ ਹਿਰਾਸਤ” ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਸ ਨਾਲ ਮਨੋਵਿਗਿਆਨਕ ਤਸ਼ੱਦਦ ਵਰਗਾ ਸਲੂਕ ਹੋਇਆ ਹੈ।

ਜਗਤਾਰ ਸਿੰਘ ਜੌਹਲ ਨੇ ਹਾਲ ਹੀ ਵਿਚ ਬ੍ਰਿਟਿਸ਼ ਕੌਂਸਲਰ ਅਧਿਕਾਰੀਆਂ ਨੂੰ ਕਿਹਾ, “ਮੈਂ ਇੱਕ ਟੁੱਟੇ ਹੋਏ ਨਿਆਂ ਪ੍ਰਣਾਲੀ ਵਾਲੇ ਦੇਸ਼ ਵਿਚ ਫਸਿਆ ਹੋਇਆ ਹਾਂ।”

ਇਸ ਹਫ਼ਤੇ ਭਾਰਤ ਦੇ ਦੌਰੇ ’ਤੇ ਗਈ ਵਿਦੇਸ਼ ਮੰਤਰੀ ਯਵੇਟ ਕੂਪਰ ਦੀ ਮੁਲਾਕਾਤ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਹੋਣੀ ਹੈ। ਇਸ ਤੋਂ ਪਹਿਲਾਂ ਜਗਤਾਰ ਦੇ ਪਰਿਵਾਰ ਅਤੇ ਉਸ ਦੇ ਸੰਸਦ ਮੈਂਬਰ ਡਗਲਸ ਮੈਕਐਲਿਸਟਰ ਨੇ ਮੰਗ ਕੀਤੀ ਹੈ ਕਿ ਬ੍ਰਿਟਿਸ਼ ਸਰਕਾਰ ਸਿਰਫ਼ ਮਾਮਲਾ ਉਠਾਉਣ ਤੱਕ ਸੀਮਿਤ ਨਾ ਰਹੇ, ਸਗੋਂ ਉਸ ਦੀ ਰਿਹਾਈ ਲਈ ਠੋਸ ਕਦਮ ਚੁੱਕੇ। ਜਗਤਾਰ ਦੇ ਵੱਡੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਹਰ ਵਾਰ ਜਦੋਂ ਕੋਈ ਬ੍ਰਿਟਿਸ਼ ਮੰਤਰੀ ਭਾਰਤ ਜਾਂਦਾ ਹੈ, ਤਾਂ ਪਰਿਵਾਰ ਨੂੰ ਆਸ ਹੁੰਦੀ ਹੈ ਕਿ ਜਗਤਾਰ ਉਨ੍ਹਾਂ ਨਾਲ ਵਾਪਸ ਘਰ ਆਵੇਗਾ, ਪਰ ਹਰ ਵਾਰ ਨਿਰਾਸ਼ਾ ਹੀ ਹੱਥ ਲੱਗਦੀ ਹੈ।




# ਨਕਲੀ ਬੋਰਡਿੰਗ ਪਾਸ ਨਾਲ ਜਹਾਜ਼ 'ਚ ਚੜ੍ਹਿਆ ਯਾਤਰੀ !

**ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ ਗੇਟ 'ਤੇ ਵਾਪਸ ਮੁੜੀ**

ਹਿਊਸਟਨ, (ਪੰਜਾਬ ਮੇਲ)- ਹਿਊਸਟਨ ਦੇ ਜਾਰਜ ਬੁਸ਼ ਇੰਟਰਕੌਂਟੀਨੈਂਟਲ ਹਵਾਈ ਅੱਡਾ 'ਤੇ ਇੱਕ ਗੰਭੀਰ ਸੁਰੱਖਿਆ ਘਟਨਾ ਸਾਹਮਣੇ ਆਈ ਹੈ, ਜਿੱਥੇ 25 ਸਾਲਾ ਅਬਦੁਲਰਹਿਮਾਨ ਓਰੀਓਮੀ 'ਤੇ ਦੋਸ਼ ਹੈ ਕਿ ਉਹ ਨਕਲੀ ਬੋਰਡਿੰਗ ਪਾਸ ਦੀ ਵਰਤੋਂ ਕਰਕੇ ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਸਵਾਰ ਹੋ ਗਿਆ।

ਅਧਿਕਾਰੀਆਂ ਅਨੁਸਾਰ 18 ਮਈ ਨੂੰ ਹਿਊਸਟਨ ਤੋਂ ਲਾਸ ਏਂਜਲਸ ਜਾਣ ਵਾਲੀ ਯੂਨਾਈਟਿਡ ਫਲਾਈਟ 469 ਵਿਚ ਓਰੀਓਮੀ ਪਹਿਲਾਂ ਇੱਕ ਖਾਲੀ ਸੀਟ 'ਤੇ ਬੈਠ ਗਿਆ। ਜਦੋਂ ਯਾਤਰੀਆਂ ਨੇ ਉਸਦੇ ਵਿਹਾਰ 'ਤੇ ਸ਼ੱਕ ਜਤਾਇਆ ਤਾਂ ਉਹ ਵਾਰ-ਵਾਰ ਜਹਾਜ਼ ਦੇ ਵਾਸ਼ਰੂਮ ਵਿਚ ਲੁਕਦਾ ਰਿਹਾ। ਫਲਾਈਟ ਅਟੈਂਡੈਂਟਸ ਨੂੰ ਜਦੋਂ ਉਸਦਾ ਨਾਮ ਯਾਤਰੀ ਸੂਚੀ ਵਿਚ ਨਹੀਂ ਮਿਲਿਆ, ਤਾਂ ਕਪਤਾਨ ਨੂੰ ਸੂਚਿਤ ਕੀਤਾ ਗਿਆ ਅਤੇ ਜਹਾਜ਼ ਨੂੰ ਗੇਟ 'ਤੇ ਵਾਪਸ ਲਿਆਂਦਾ ਗਿਆ।

ਜਾਂਚ ਵਿਚ ਪਤਾ ਲੱਗਿਆ ਕਿ ਉਸਨੇ ਪਹਿਲਾਂ ਹਿਊਸਟਨ ਤੋਂ ਲਾਸ ਏਂਜਲਸ ਦੀ ਟਿਕਟ ਬੁੱਕ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਭੁਗਤਾਨ ਨਾ ਹੋਣ ਕਾਰਨ ਰਿਜ਼ਰਵੇਸ਼ਨ ਰੱਦ ਹੋ ਗਈ ਸੀ। ਇਸ ਤੋਂ ਬਾਅਦ ਉਹ ਇੱਕ ਹੋਰ ਗੇਟ 'ਤੇ ਗਿਆ ਅਤੇ ਕਰਮਚਾਰੀਆਂ ਦੇ ਧਿਆਨ ਭਟਕਣ ਦਾ ਫਾਇਦਾ ਚੁੱਕਦੇ ਹੋਏ ਜੈੱਟ ਬ੍ਰਿਜ ਰਾਹੀਂ ਜਹਾਜ਼ ਵਿਚ ਦਾਖ਼ਲ ਹੋ ਗਿਆ।

ਫਲਾਈਟ ਨੂੰ ਵਾਪਸ ਗੇਟ 'ਤੇ ਲਿਆਂਦੇ ਜਾਣ ਤੋਂ ਬਾਅਦ ਸਾਰੇ ਯਾਤਰੀਆਂ ਨੂੰ ਉਤਾਰਿਆ ਗਿਆ ਅਤੇ ਪੁਲਿਸ ਦੇ ਕੇ-9 ਯੂਨਿਟਾਂ ਵੱਲੋਂ ਜਹਾਜ਼ ਦੀ ਵਿਸਥਾਰ ਨਾਲ ਤਲਾਸ਼ੀ ਲਈ ਗਈ, ਤਾਂ ਜੋ ਕਿਸੇ ਸੰਭਾਵਿਤ ਧਮਾਕਾਖੇਜ਼ ਖਤਰੇ ਨੂੰ ਨਕਾਰਿਆ ਜਾ ਸਕੇ।

ਓਰੀਓਮੀ ਨੂੰ ਹੁਣ ਫੈਲੋਨੀ "ਕਿਸੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਸਹੂਲਤ ਦੇ ਸੰਚਾਲਨ ਨੂੰ ਵਿਗਾੜਨਾ ਜਾਂ ਵਿਘਨ ਪਾਉਣਾ" ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਉੱਤੇ 15,000 ਡਾਲਰ ਦੀ ਜ਼ਮਾਨਤ ਰੱਖੀ ਗਈ ਹੈ।

ਇਹ ਘਟਨਾ ਅਮਰੀਕੀ ਹਵਾਈ ਅੱਡਿਆਂ ਦੀ ਸੁਰੱਖਿਆ ਪ੍ਰਣਾਲੀ ਬਾਰੇ ਨਵੇਂ ਸਵਾਲ ਖੜ੍ਹੇ ਕਰਦੀ ਹੈ ਕਿ ਇੱਕ ਵਿਅਕਤੀ ਕਿਵੇਂ ਟੀ.ਐੱਸ.ਏ. ਚੈਕਪੁਆਇੰਟ ਅਤੇ ਬੋਰਡਿੰਗ ਗੇਟ ਦੀਆਂ ਕਈ ਪਰਤਾਂ ਪਾਰ ਕਰਕੇ ਜਹਾਜ਼ ਤੱਕ ਪਹੁੰਚ ਗਿਆ। ਹਾਲਾਂਕਿ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਟਨਾ ਤੋਂ ਬਾਅਦ ਸੁਰੱਖਿਆ ਪ੍ਰਕਿਰਿਆਵਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ।

ਪੰਜਾਬ ਮੇਲ ਯੂ.ਐੱਸ.ਏ. ਲਈ ਇਹ ਖ਼ਬਰ ਹਵਾਈ ਯਾਤਰਾ ਸੁਰੱਖਿਆ ਨਾਲ ਜੁੜੇ ਵੱਡੇ ਮੁੱਦੇ ਵਜੋਂ ਦੇਖੀ ਜਾ ਰਹੀ ਹੈ, ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਯਾਤਰੀਆਂ ਦੀ ਸੁਰੱਖਿਆ ਅਤੇ ਏਅਰਪੋਰਟ ਸਕ੍ਰੀਨਿੰਗ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ 'ਤੇ ਸਿੱਧਾ ਅਸਰ ਪਾਂਦੀਆਂ ਹਨ।

# ਅਮਰੀਕਾ 'ਚ ਵਧ ਰਹੀ ਸਿੱਖ ਵਿਰੋਧੀ ਬਿਆਨਬਾਜ਼ੀ 'ਤੇ ਸਿੱਖ ਕੋਲੀਸ਼ਨ ਵੱਲੋਂ ਚਿੰਤਾ ਜ਼ਾਹਿਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਸਿੱਖ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਸਿੱਖ ਕੋਲੀਸ਼ਨ ਦੇ ਕਾਰਜਕਾਰੀ ਡਾਇਰੈਕਟਰ ਹਰਮਨ ਸਿੰਘ ਨੇ ਹਾਲ ਹੀ ਵਿਚ ਸਿੱਖ ਭਾਈਚਾਰੇ ਨੂੰ ਇੱਕ ਪੱਤਰ ਲਿਖ ਕੇ ਵਧ ਰਹੀ ਸਿੱਖ ਵਿਰੋਧੀ ਅਤੇ ਪ੍ਰਵਾਸੀ ਵਿਰੋਧੀ ਬਿਆਨਬਾਜ਼ੀ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ ਵਿਚ ਇੱਕ ਕਤਲ ਦੀ ਘਟਨਾ ਤੋਂ ਬਾਅਦ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੀਆਂ ਟਿੱਪਣੀਆਂ ਇੱਕ ਜਾਣੇ-ਪਛਾਣੇ ਰੁਝਾਨ ਦਾ ਹਿੱਸਾ ਹਨ, ਜਿਸ ਦਾ ਸਾਹਮਣਾ ਪਹਿਲਾਂ ਹੋਰ ਧਾਰਮਿਕ ਅਤੇ ਪ੍ਰਵਾਸੀ ਭਾਈਚਾਰੇ ਵੀ ਕਰ ਚੁੱਕੇ ਹਨ।


ਸਿੱਖ ਕੋਲੀਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਹਰਮਨ ਸਿੰਘ

ਇਹ ਵਿਵਾਦ ਉਸ ਸਮੇਂ ਉੱਭਰਿਆ, ਜਦੋਂ ਦਸੰਬਰ 2025 ਵਿਚ ਬਰਤਾਨੀਆ ਦੇ ਸਾਊਥੈਂਪਟਨ ਵਿਚ ਯੂਨੀਵਰਸਿਟੀ ਆਫ ਸਾਊਥਹੈਂਪਟਨ ਦੇ ਵਿਦਿਆਰਥੀ ਹੈਨਰੀ ਨੋਵਾਕ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ 23 ਸਾਲਾ ਵਿਕਰਮ ਦਿਗਵਾ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਘਟਨਾ ਤੋਂ ਬਾਅਦ ਬਰਤਾਨੀਆ ਦੀਆਂ ਕੁਝ ਦੱਖਣਪੰਥੀ ਸਿਆਸੀ ਧਿਰਾਂ ਅਤੇ ਆਗੂਆਂ ਨੇ ਜਨਤਕ ਥਾਵਾਂ 'ਤੇ ਕਿਰਪਾਨ ਲਿਜਾਣ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਧਾਰਮਿਕ ਛੋਟਾਂ ਦੇ ਬਾਵਜੂਦ ਸਾਰੇ ਹਥਿਆਰਾਂ ਲਈ ਇੱਕੋ ਜਿਹੇ ਨਿਯਮ ਹੋਣੇ ਚਾਹੀਦੇ ਹਨ।

ਹਰਮਨ ਸਿੰਘ ਨੇ ਆਪਣੇ ਪੱਤਰ ਵਿਚ ਦਾਅਵਾ ਕੀਤਾ ਕਿ ਕੁਝ ਪ੍ਰਭਾਵਸ਼ਾਲੀ ਸੱਜੇਪੱਖੀ ਟਿੱਪਣੀਕਾਰਾਂ ਨੇ ਇਸ ਘਟਨਾ ਨੂੰ ਇਮੀਗ੍ਰੇਸ਼ਨ ਅਤੇ ਕੌਮੀ ਪਛਾਣ ਨਾਲ ਜੋੜ ਕੇ ਪੇਸ਼ ਕੀਤਾ। ਉਨ੍ਹਾਂ ਖ਼ਾਸ ਤੌਰ 'ਤੇ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦੀਆਂ ਟਿੱਪਣੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਗੱਲ ਹੋਰ ਵੀ ਚਿੰਤਾਜਨਕ ਹੈ ਕਿਉਂਕਿ ਅਜਿਹੇ ਵਿਚਾਰ ਹੁਣ ਮੁੱਖ ਧਾਰਾ ਦੀ ਸਿਆਸਤ ਵਿਚ ਵੀ ਸੁਣੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ ਸਾਹਮਣੇ ਆਏ ਕਈ ਸੁਨੇਹੇ ਖ਼ਾਸ ਤੌਰ 'ਤੇ ਸਿੱਖ ਇਮੀਗ੍ਰੇਸ਼ਨ, ਟਰੱਕਿੰਗ ਉਦਯੋਗ ਵਿਚ ਸਿੱਖਾਂ ਦੀ ਭੂਮਿਕਾ ਅਤੇ ਸਿੱਖ ਧਾਰਮਿਕ ਪਛਾਣ ਨਾਲ ਸਬੰਧਤ ਸਨ। ਉਨ੍ਹਾਂ ਦੇ ਅਨੁਸਾਰ ਇਹ ਮਾਮਲਾ ਗਲਤ ਪਛਾਣ ਦਾ ਨਹੀਂ, ਸਗੋਂ ਸਿੱਧੇ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦਾ ਹੈ।

ਹਰਮਨ ਸਿੰਘ ਨੇ ਇਹ ਵੀ ਰੇਖਾਂਕਿਤ ਕੀਤਾ ਕਿ ਹੈਨਰੀ ਨੋਵਾਕ ਦੀ ਹੱਤਿਆ ਦੀ ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਵੱਲੋਂ ਨਿੰਦਾ ਕੀਤੀ ਗਈ ਸੀ। ਅਕਾਲ ਤਖ਼ਤ, ਬਰਤਾਨੀਆ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਖੁੱਲ੍ਹ ਕੇ ਨਿੰਦਾ ਕੀਤੀ ਸੀ। ਇਸ ਦੇ ਬਾਵਜੂਦ ਸਿੱਖਾਂ ਖ਼ਿਲਾਫ਼ ਬਿਆਨਬਾਜ਼ੀ ਜਾਰੀ ਰਹੀ।

# ਟਰੰਪ ਵੱਲੋਂ ਐੱਚ-1ਬੀ ਫੀਸ ਰੱਦ ਕਰਨ ਦੇ ਅਦਾਲਤੀ ਹੁਕਮ ਦੀ ਆਲੋਚਨਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਘੀ ਅਦਾਲਤ (ਫੈਡਰਲ ਕੋਰਟ) ਦੇ ਉਸ ਹੁਕਮ ਦੀ ਆਲੋਚਨਾ ਕੀਤੀ ਹੈ, ਜਿਸ ਵਿਚ ਇੱਕ ਲੱਖ ਡਾਲਰ ਦੀ ਐੱਚ-1ਬੀ ਵੀਜ਼ਾ ਫੀਸ ਨੂੰ ਰੱਦ ਕਰ ਦਿੱਤਾ ਗਿਆ ਸੀ। ਟਰੰਪ ਨੇ ਇਹ ਵੀ ਕਿਹਾ ਕਿ ਅਜਿਹੇ ਅਦਾਲਤੀ ਫੈਸਲੇ ਦੇਸ਼ ਨੂੰ ਬਹੁਤ ਨੁਕਸਾਨ ਪਹੁੰਚਾ ਰਹੇ ਹਨ।

ਮੈਡੀਸਨ ਸਕੁਏਅਰ ਗਾਰਡਨ ਵਿਚ ਐੱਨ.ਬੀ.ਏ. ਫਾਈਨਲ ਦੇਖਣ ਤੋਂ ਬਾਅਦ ਨਿਊਯਾਰਕ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਜੱਜ ਸਾਨੂੰ ਬਹੁਤ ਪ੍ਰੇਸ਼ਾਨ ਕਰ ਰਹੇ ਹਨ, ਇਹ ਬਿਲਕੁਲ ਪਾਗਲਪਨ ਹੈ। ਉਹ ਸਾਡੇ ਦੇਸ਼ ਨੂੰ ਬਹੁਤ ਨੁਕਸਾਨ ਪਹੁੰਚਾ ਰਹੇ ਹਨ। ਮੈਸਾਚੂਸੈਟਸ ਦੇ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਵੱਲੋਂ ਉੱਚ ਹੁਨਰਮੰਦ ਕਰਮਚਾਰੀਆਂ ਲਈ ਐੱਚ-1ਬੀ ਵੀਜ਼ਾ 'ਤੇ ਲਾਈ ਗਈ ਇੱਕ ਲੱਖ ਡਾਲਰ ਦੀ ਫੀਸ ਨੂੰ ਰੱਦ ਕਰ ਦਿੱਤਾ ਸੀ।

ਫੀਸ ਦੇ ਇਸ ਹੁਕਮ ਨੂੰ ਕੈਲੀਫੋਰਨੀਆ ਅਤੇ 19 ਹੋਰ ਸੂਬਿਆਂ ਵੱਲੋਂ ਚੁਣੌਤੀ ਦਿੱਤੀ ਗਈ ਸੀ। ਜੱਜ ਲਿਓ ਸੋਰੋਕਿਨ ਨੇ ਫੈਸਲਾ ਸੁਣਾਇਆ ਕਿ ਐੱਚ-1ਬੀ ਅਰਜ਼ੀਆਂ 'ਤੇ ਟਰੰਪ ਵੱਲੋਂ ਲਾਈ ਗਈ ਇਕ ਲੱਖ ਡਾਲਰ ਦੀ ਫੀਸ ਗੈਰ-ਕਾਨੂੰਨੀ ਸੀ, ਕਿਉਂਕਿ ਇਸ ਨੂੰ ਅਮਰੀਕੀ ਕਾਂਗਰਸ (ਸੰਸਦ) ਦੀ ਮਨਜ਼ੂਰੀ ਨਹੀਂ ਮਿਲੀ ਸੀ। ਟਰੰਪ ਨੇ ਪਿਛਲੇ ਸਾਲ ਸਤੰਬਰ ਵਿਚ ਇਕ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਸਨ, ਜਿਸ ਵਿਚ ਨਵੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ ਇਕ ਲੱਖ ਡਾਲਰ ਦੀ ਫੀਸ ਤੈਅ ਕੀਤੀ ਗਈ ਸੀ।

# ਮੈਂ ਅਗਲੀਆਂ ਚੋਣਾਂ ਬਾਰੇ ਨਹੀਂ ਸੋਚਦਾ; ਪੁਤਿਨ

**2036 ਤੱਕ ਰਾਸ਼ਟਰਪਤੀ ਅਹੁਦੇ 'ਤੇ ਬਣੇ ਰਹਿਣ ਦੇ ਸਵਾਲ 'ਤੇ ਦਿੱਤਾ ਜਵਾਬ**

ਸੇਂਟ ਪੀਟਰਸਬਰਗ, (ਪੰਜਾਬ ਮੇਲ)-ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 2036 ਤੱਕ ਸੱਤਾ ਵਿਚ ਬਣੇ ਰਹਿਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਲੈ ਕੇ ਇੱਕ ਅਹਿਮ ਅਤੇ ਭਾਵੁਕ ਬਿਆਨ ਦਿੱਤਾ ਹੈ। ਪੁਤਿਨ ਨੇ ਕਿਹਾ ਹੈ ਕਿ ਇਸ ਬਾਰੇ ਗੱਲ ਕਰਨਾ ਅਜੇ ਬਹੁਤ ਜਲਦਬਾਜ਼ੀ ਹੋਵੇਗੀ ਕਿਉਂਕਿ "ਸਿਰਫ਼ ਪ੍ਰਮਾਤਮਾ ਹੀ ਜਾਣਦਾ ਹੈ" ਕਿ ਉਹ ਆਪਣੇ ਰਾਸ਼ਟਰਪਤੀ ਕਾਰਜਕਾਲ ਦੇ ਅੰਤ ਤੱਕ ਸਿਹਤਮੰਦ ਰਹਿਣਗੇ ਜਾਂ ਨਹੀਂ।

73 ਸਾਲਾ ਪੁਤਿਨ, ਜੋ 1999 ਤੋਂ ਰੂਸ ਦੀ ਸੱਤਾ 'ਤੇ ਕਾਬਜ਼ ਹਨ, ਨੇ ਵਿਸ਼ਵ ਦੀਆਂ ਪ੍ਰਮੁੱਖ ਸਮਾਚਾਰ ਏਜੰਸੀਆਂ ਦੇ ਮੁਖੀਆਂ ਨਾਲ ਗੱਲਬਾਤ ਦੌਰਾਨ ਆਪਣੀ ਚੁੱਪ ਤੋੜੀ। ਜਦੋਂ ਉਨ੍ਹਾਂ ਤੋਂ 2036 ਤੱਕ ਅਹੁਦੇ 'ਤੇ ਬਣੇ ਰਹਿਣ ਬਾਰੇ ਸਵਾਲ ਕੀਤਾ ਗਿਆ, ਤਾਂ ਉਨ੍ਹਾਂ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ, "ਮੈਂ ਅਗਲੀਆਂ ਚੋਣਾਂ ਬਾਰੇ ਨਹੀਂ ਸੋਚਦਾ। ਸਿਰਫ਼ ਰੱਬ ਜਾਣਦਾ ਹੈ ਕਿ ਮੇਰੀ ਸਿਹਤ ਉਦੋਂ ਤੱਕ ਕਿਹੋ ਜਿਹੀ ਰਹੇਗੀ"। ਉਨ੍ਹਾਂ ਕਿਹਾ ਕਿ ਕੋਈ ਨਹੀਂ ਜਾਣਦਾ ਕਿ ਕੱਲ੍ਹ ਜਾਂ ਪਰਸੋਂ ਤੱਕ ਸਾਡੇ ਅੰਦਰ ਨਿਰਧਾਰਿਤ ਟੀਚਿਆਂ ਨੂੰ ਪੂਰਾ ਕਰਨ ਦੀ ਸਮਰੱਥਾ ਰਹੇਗੀ ਜਾਂ ਨਹੀਂ।



ਪੁਤਿਨ ਨੇ ਦੱਸਿਆ ਕਿ ਹਾਲਾਂਕਿ ਰੂਸੀ ਸੰਵਿਧਾਨ ਉਨ੍ਹਾਂ ਨੂੰ 2030 ਦੀਆਂ ਅਗਲੀਆਂ ਚੋਣਾਂ ਲੜਨ ਅਤੇ 2036 ਤੱਕ ਰਾਸ਼ਟਰਪਤੀ ਬਣੇ ਰਹਿਣ ਦੀ ਇਜਾਜ਼ਤ ਦਿੰਦਾ ਹੈ, ਪਰ ਉਹ ਫਿਲਹਾਲ ਇਸ ਬਾਰੇ ਗੰਭੀਰਤਾ ਨਾਲ ਨਹੀਂ ਸੋਚ ਰਹੇ। ਉਨ੍ਹਾਂ ਕਿਹਾ, "ਮੈਂ ਤੁਹਾਡੇ ਨਾਲ ਬਿਲਕੁਲ ਸੱਚ ਬੋਲ ਰਿਹਾ ਹਾਂ, ਮੈਂ ਇਸ ਬਾਰੇ ਸੋਚ ਵੀ ਨਹੀਂ ਰਿਹਾ"। ਜ਼ਿਕਰਯੋਗ ਹੈ ਕਿ ਪੁਤਿਨ ਦਾ ਸਿਆਸੀ ਸਫ਼ਰ ਕਾਫ਼ੀ ਲੰਬਾ ਰਿਹਾ ਹੈ। ਉਨ੍ਹਾਂ ਨੇ ਸਾਲ 1999 ਤੋਂ ਸਾਲ 2000 ਤੱਕ ਰੂਸ ਦੇ ਪ੍ਰਧਾਨ ਮੰਤਰੀ ਵਜੋਂ ਕੰਮ ਕੀਤਾ। ਸਾਲ 2000 ਤੋਂ ਸਾਲ 2008 ਤੱਕ ਲਗਾਤਾਰ ਦੋ ਵਾਰ ਚਾਰ-ਚਾਰ ਸਾਲਾਂ ਲਈ ਰਾਸ਼ਟਰਪਤੀ ਚੁਣੇ ਗਏ। ਸਾਲ 2008 ਤੋਂ ਸਾਲ 2012 ਤੱਕ ਸੰਵਿਧਾਨਕ ਮਜਬੂਰੀ ਕਾਰਨ ਦੁਬਾਰਾ ਪ੍ਰਧਾਨ ਮੰਤਰੀ ਬਣੇ। 2012 ਤੋਂ ਹੁਣ ਤੱਕ ਉਹ ਲਗਾਤਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਬਣੇ ਹੋਏ ਹਨ।

2008 ਵਿਚ ਰਾਸ਼ਟਰਪਤੀ ਦੇ ਕਾਰਜਕਾਲ ਨੂੰ ਚਾਰ ਸਾਲ ਤੋਂ ਵਧਾ ਕੇ 6 ਸਾਲ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਪੁਤਿਨ 2024

# ਅਮਰੀਕੀ ਪ੍ਰਤੀਨਿਧੀ ਸਭਾ ਵੱਲੋਂ ਯੂਕਰੇਨ ਨੂੰ ਸਹਾਇਤਾ ਦੇਣ ਅਤੇ ਰੂਸ 'ਤੇ ਨਵੀਆਂ ਪਾਬੰਦੀਆਂ ਲਗਾਉਣ ਸੰਬੰਧੀ ਬਿੱਲ ਪਾਸ


ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪ੍ਰਤੀਨਿਧੀ ਸਭਾ ਨੇ ਯੂਕਰੇਨ ਨੂੰ ਸਹਾਇਤਾ ਪ੍ਰਦਾਨ ਕਰਨ ਅਤੇ ਰੂਸੀ ਅਰਥਵਿਵਸਥਾ ਦੇ ਮੁੱਖ ਖੇਤਰਾਂ 'ਤੇ ਪਾਬੰਦੀਆਂ ਲਗਾਉਣ ਵਾਲਾ ਬਿੱਲ ਪਾਸ ਕਰ ਦਿੱਤਾ ਹੈ। ਹਾਲਾਂਕਿ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਨੇ ਇਤਰਾਜ਼ ਜਤਾਉਂਦੇ ਹੋਏ ਚੇਤਾਵਨੀ ਦਿੱਤੀ ਸੀ ਕਿ ਇਹ ਬਿੱਲ ਇੱਕ ਸਮਾਨ ਪਰ ਵਧੇਰੇ ਪ੍ਰਭਾਵਸ਼ਾਲੀ ਨਤੀਜਾ ਪ੍ਰਾਪਤ ਕਰਨ ਲਈ ਚੱਲ ਰਹੀਆਂ ਗੱਲਬਾਤਾਂ ਨੂੰ ਕਮਜ਼ੋਰ ਕਰੇਗਾ। ਨਿਊਯਾਰਕ ਦੇ ਡੈਮੋਕ੍ਰੇਟਿਕ ਕਾਂਗਰਸਮੈਨ ਗ੍ਰੇਗਰੀ ਮੀਕਸ ਦੁਆਰਾ ਸਪਾਂਸਰ ਕੀਤੇ ਬਿੱਲ ਦਾ ਉਦੇਸ਼ ਸੁਰੱਖਿਆ ਅਤੇ ਪੁਨਰ ਨਿਰਮਾਣ ਸਹਾਇਤਾ ਵਿਚ 1 ਬਿਲੀਅਨ ਡਾਲਰ ਤੋਂ ਵੱਧ ਪ੍ਰਦਾਨ ਕਰਕੇ ਯੂਕਰੇਨ ਨੂੰ ਅਮਰੀਕੀ ਸਹਾਇਤਾ ਨੂੰ ਮਜ਼ਬੂਤ ਕਰਨਾ ਹੈ।

ਇਸ ਤੋਂ ਇਲਾਵਾ ਇਹ ਕਰਜ਼ਿਆਂ ਰਾਹੀਂ ਯੂਕਰੇਨ ਦੀ ਰੱਖਿਆ ਲਈ 8 ਬਿਲੀਅਨ ਡਾਲਰ ਪ੍ਰਦਾਨ ਕਰੇਗਾ। ਬਿੱਲ 226 ਤੋਂ 195 ਵੋਟਾਂ ਨਾਲ ਪਾਸ ਹੋਇਆ। ਇਹ ਫੈਸਲਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਯੁੱਧ ਸਬੰਧੀ ਦ੍ਰਿਸ਼ਟੀਕੋਣ ਪ੍ਰਤੀ ਅਸੰਤੁਸ਼ਟੀ ਦਾ ਸੰਕੇਤ ਦਿੰਦਾ ਹੈ ਅਤੇ ਟਰੰਪ ਦੀ ਵਿਦੇਸ਼ ਨੀਤੀ ਨਾਲ ਇਸ ਹਫ਼ਤੇ ਸਦਨ ਵਿਚ ਦੂਜੀ ਵੱਡੀ ਅਸਹਿਮਤੀ ਹੈ। ਇੱਕ ਦਿਨ ਪਹਿਲਾਂ, ਸਦਨ ਨੇ ਈਰਾਨ ਵਿਰੁੱਧ ਅਮਰੀਕੀ ਫੌਜੀ ਕਾਰਵਾਈ ਨੂੰ ਰੋਕਣ ਦੇ ਉਦੇਸ਼ ਨਾਲ ਪਹਿਲੀ ਵਾਰ ਯੁੱਧ ਸ਼ਕਤੀਆਂ ਦੇ ਮਤੇ ਨੂੰ ਮਨਜ਼ੂਰੀ ਦਿੱਤੀ। ਸਮਰਥਕਾਂ ਨੇ ਕਾਂਗਰਸ ਦੀ ਪਟੀਸ਼ਨ 'ਤੇ 218 ਦਸਤਖ਼ਤ ਇਕੱਠੇ ਕਰਕੇ ਸਦਨ ਨੂੰ ਯੂਕਰੇਨ ਬਿੱਲ 'ਤੇ ਕਾਰਵਾਈ ਕਰਨ ਲਈ ਸਫਲਤਾਪੂਰਵਕ ਦਬਾਅ ਪਾਇਆ।

ਇਹ ਇੱਕ ਸੰਸਦੀ ਪ੍ਰਕਿਰਿਆ ਹੈ, ਜਿਸ ਰਾਹੀਂ ਪ੍ਰਤੀਨਿਧੀ ਸਭਾ ਵਿਚ ਬਹੁਮਤ ਸਦਨ ਦੀ ਲੀਡਰਸ਼ਿਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਈਪਾਸ ਕਰ ਸਕਦਾ ਹੈ ਅਤੇ ਵਿਚਾਰ ਜਾਂ ਵੋਟ ਲਈ ਇੱਕ ਬਿੱਲ ਅੱਗੇ ਵਧਾ ਸਕਦਾ ਹੈ। ਪਹਿਲਾਂ, ਇਹ ਤਰੀਕਾ ਬਹੁਤ ਘੱਟ ਸਫਲ ਹੁੰਦਾ ਸੀ, ਪਰ ਇਸ ਵਾਰ, ਸਦਨ ਦੇ ਮੈਂਬਰਾਂ ਨੇ ਪਟੀਸ਼ਨ ਦੀ ਵਰਤੋਂ ਜੈਫਰੀ ਐਪਸਟਾਈਨ ਨਾਲ ਸਬੰਧਤ ਸਰਕਾਰੀ ਫਾਈਲਾਂ ਨੂੰ ਜਾਰੀ ਕਰਨ ਅਤੇ ਕਿਫਾਇਤੀ ਦੇਖਭਾਲ ਐਕਟ ਦੇ ਤਹਿਤ ਸਿਹਤ ਕਵਰੇਜ ਪ੍ਰਾਪਤ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਸਿਹਤ ਸੰਭਾਲ ਸਬਸਿਡੀ ਪ੍ਰਦਾਨ ਕਰਨ ਵਾਲੇ ਬਿੱਲਾਂ ਨੂੰ ਪਾਸ ਕਰਨ ਲਈ ਕੀਤੀ। ਹਾਲਾਂਕਿ ਕਿਫਾਇਤੀ ਦੇਖਭਾਲ ਐਕਟ ਸੈਨੇਟ ਵਿਚ ਪਾਸ ਹੋਣ ਵਿਚ ਅਸਫਲ ਰਿਹਾ। ਮੀਕਸ

# ਜ਼ੇਲੇਂਸਕੀ ਵੱਲੋਂ ਪੁਤਿਨ ਨੂੰ ਚਿੱਠੀ ਲਿਖ ਕੇ ਸਿੱਧੀ ਗੱਲਬਾਤ ਦਾ ਸੱਦਾ !

ਕੀਵ, (ਪੰਜਾਬ ਮੇਲ)- ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਸਿੱਧਾ ਸੰਬੋਧਿਤ ਕਰਦੇ ਹੋਏ ਇੱਕ ਇਤਿਹਾਸਕ ਜਨਤਕ ਚਿੱਠੀ ਲਿਖੀ ਹੈ। 2022 ਵਿਚ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਜ਼ੇਲੇਂਸਕੀ ਨੇ ਪੁਤਿਨ ਨੂੰ ਅਜਿਹੀ ਕੋਈ ਚਿੱਠੀ ਲਿਖ ਕੇ ਆਹਮੋ-ਸਾਹਮਣੇ ਬੈਠ ਕੇ ਗੱਲਬਾਤ ਕਰਨ ਦਾ ਸੱਦਾ ਦਿੱਤਾ ਹੋਵੇ।



ਜ਼ੇਲੇਂਸਕੀ ਨੇ ਜੰਗ ਨੂੰ ਖਤਮ ਕਰਨ ਲਈ ਕਿਸੇ ਤੀਜੇ ਤਟਸਥ ਦੇਸ਼ ਵਿਚ ਬੈਠਕ ਕਰਨ ਦਾ ਪ੍ਰਸਤਾਵ ਰੱਖਿਆ ਹੈ। ਉਨ੍ਹਾਂ ਨੇ ਗੱਲਬਾਤ ਲਈ ਮਾਸਕੋ ਅਤੇ ਕੀਵ, ਦੋਵਾਂ ਥਾਵਾਂ ਨੂੰ ਰੱਦ ਕਰਦਿਆਂ ਸਵਿਟਜ਼ਰਲੈਂਡ, ਤੁਰਕੀ ਜਾਂ ਕਿਸੇ ਅਰਬ ਦੇਸ਼ ਦਾ ਨਾਂ ਸੁਝਾਇਆ ਹੈ। ਚਿੱਠੀ ਵਿਚ ਜ਼ੇਲੇਂਸਕੀ ਨੇ ਪੁਤਿਨ ਦੇ 26 ਸਾਲਾਂ ਦੇ ਸ਼ਾਸਨ ਦੀ ਸਖ਼ਤ ਆਲੋਚਨਾ ਵੀ ਕੀਤੀ ਹੈ।

ਯੂਕਰੇਨੀ ਰਾਸ਼ਟਰਪਤੀ ਨੇ ਬਦਲਦੇ ਕੌਮਾਂਤਰੀ ਹਾਲਾਤਾਂ ਦਾ ਹਵਾਲਾ ਦਿੰਦਿਆਂ ਲਿਖਿਆ ਕਿ ਅਮਰੀਕਾ ਵਿਚ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਇਸ ਵੇਲੇ ਈਰਾਨ ਨਾਲ ਜੰਗ 'ਤੇ ਵਧੇਰੇ ਧਿਆਨ ਕੇਂਦਰਿਤ ਕਰ ਰਿਹਾ ਹੈ। ਅਜਿਹੇ ਸਮੇਂ ਵਿਚ ਯੂਕਰੇਨ ਸਿਰਫ਼ ਇਸ ਗੱਲ ਦਾ ਇੰਤਜ਼ਾਰ ਨਹੀਂ ਕਰ ਸਕਦਾ ਕਿ ਅਮਰੀਕਾ ਕਦੋਂ ਆਪਣਾ ਧਿਆਨ ਵਾਪਸ ਯੂਕਰੇਨ ਜੰਗ ਵੱਲ ਮੋੜੇਗਾ। ਉਨ੍ਹਾਂ ਕਿਹਾ ਕਿ ਵੱਡੇ ਮੁੱਦਿਆਂ ਦਾ ਹੱਲ ਨੇਤਾਵਾਂ ਦੀ ਸਿੱਧੀ ਗੱਲਬਾਤ ਨਾਲ ਹੀ ਹੁੰਦਾ ਹੈ।

ਜ਼ੇਲੇਂਸਕੀ ਨੇ ਦਾਅਵਾ ਕੀਤਾ ਕਿ ਯੂਕਰੇਨ ਦੀ ਖੁਫੀਆ ਜਾਣਕਾਰੀ ਅਨੁਸਾਰ ਰੂਸ ਇਸ ਜੰਗ ਨੂੰ 2027 ਜਾਂ 2028 ਤੱਕ ਖਿੱਚਣ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੂਸ ਹੁਣ ਬੈਲਿਸਟਿਕ ਮਿਜ਼ਾਈਲਾਂ ਦਾ ਸਹਾਰਾ ਲੈ ਰਿਹਾ ਹੈ ਅਤੇ ਬੇਲਾਰੂਸ ਨੂੰ ਵੀ ਜੰਗ ਵਿਚ ਧੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਜ਼ੇਲੇਂਸਕੀ ਅਨੁਸਾਰ ਰੂਸ ਦੇ ਅੰਦਰ ਡਰੋਨ ਹਮਲੇ, ਤੇਲ ਦੀ ਕਮੀ ਅਤੇ ਵਧਦੀਆਂ ਕੀਮਤਾਂ ਕਾਰਨ ਰੂਸ ਵੀ ਇਸ ਜੰਗ ਦੀ ਭਾਰੀ ਕੀਮਤ ਚੁਕਾ ਰਿਹਾ ਹੈ। ਚਿੱਠੀ ਵਿਚ ਜ਼ੇਲੇਂਸਕੀ ਨੇ ਦਾਅਵਾ ਕੀਤਾ ਕਿ ਸਿਰਫ਼ ਮਈ ਮਹੀਨੇ ਵਿਚ ਹੀ ਰੂਸ ਦੇ 30,000 ਤੋਂ ਵੱਧ ਸੈਨਿਕ ਮਾਰੇ ਗਏ ਜਾਂ ਗੰਭੀਰ ਜ਼ਖ਼ਮੀ ਹੋਏ ਹਨ। ਉਨ੍ਹਾਂ ਮੰਨਿਆ ਕਿ ਯੂਕਰੇਨ ਨੂੰ ਵੀ ਦਰਦਨਾਕ ਨੁਕਸਾਨ ਝੱਲਣਾ ਪੈ ਰਿਹਾ ਹੈ, ਪਰ ਰੂਸ ਦੀ ਸਥਿਤੀ ਜ਼ਿਆਦਾ ਖ਼ਰਾਬ ਹੈ। ਯੂਕਰੇਨ ਨੇ ਜੰਗਬੰਦੀ, ਕੈਦੀਆਂ ਦੀ ਅਦਲਾ-ਬਦਲੀ ਅਤੇ ਰੂਸ ਵੱਲੋਂ ਲਿਜਾਏ ਗਏ ਯੂਕਰੇਨੀ ਬੱਚਿਆਂ ਦੀ ਵਾਪਸੀ ਦੀ ਮੰਗ ਵੀ ਰੱਖੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਏਅਰਪੋਰਟ ਕਰਮਚਾਰੀਆਂ ਵੱਲੋਂ ਯਾਤਰੀਆਂ ਦੇ ਬੈਗ ਟੈਗ ਬਦਲ ਕੇ ਨਸ਼ਿਆਂ ਦੀ ਤਸਕਰੀ !

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਸਭ ਤੋਂ ਵੱਡੇ ਹਵਾਈ ਅੱਡਿਆਂ ਵਿਚੋਂ ਇੱਕ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨਾਲ ਜੁੜੇ ਇੱਕ ਹੈਰਾਨੀਜਨਕ ਮਾਮਲੇ ਨੇ ਅੰਤਰਰਾਸ਼ਟਰੀ ਯਾਤਰੀਆਂ ਦੀ ਚਿੰਤਾ ਵਧਾ ਦਿੱਤੀ ਹੈ। ਰਿਪੋਰਟਾਂ ਮੁਤਾਬਕ ਪਿਛਲੇ ਇੱਕ ਸਾਲ ਦੌਰਾਨ ਘੱਟੋ-ਘੱਟ 17 ਯਾਤਰੀ ਅਜਿਹੀ ਸਾਜ਼ਿਸ਼ ਦਾ ਸ਼ਿਕਾਰ ਬਣੇ, ਜਿੱਥੇ ਏਅਰਪੋਰਟ ਦੇ ਕੁਝ ਭ੍ਰਿਸ਼ਟ ਕਰਮਚਾਰੀਆਂ ਨੇ ਉਨ੍ਹਾਂ ਦੇ ਸਮਾਨ ਦੇ ਟੈਗ ਉਤਾਰ ਕੇ ਨਸ਼ਿਆਂ ਨਾਲ ਭਰੇ ਸੂਟਕੇਸਾਂ ਉੱਤੇ ਲਗਾ ਦਿੱਤੇ।

ਜਾਂਚ ਏਜੰਸੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਇਸ ਮਾਮਲੇ ਵਿਚ 6 ਏਅਰਪੋਰਟ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਨਸ਼ਿਆਂ ਵਾਲੇ ਬੈਗ ਪੈਰਿਸ, ਡੋਮੀਨਿਕਨ

## ਯਾਤਰੀਆਂ ਲਈ ਵੱਡੀ ਚੇਤਾਵਨੀ

ਰਿਪਬਲਿਕ, ਨਿਊਜ਼ੀਲੈਂਡ, ਜਰਮਨੀ, ਬਰਮੂਡਾ, ਮੋਰੱਕੋ, ਫਿਲੀਪੀਨਜ਼ ਅਤੇ ਦੱਖਣ ਕੋਰੀਆ ਵਰਗੇ ਦੇਸ਼ਾਂ ਵੱਲ ਭੇਜੇ ਜਾ ਰਹੇ ਸਨ।

ਯੋਜਨਾ ਕਾਫ਼ੀ ਸਾਧਾਰਨ ਪਰ ਖ਼ਤਰਨਾਕ ਸੀ। ਜਦੋਂ ਯਾਤਰੀ ਆਪਣਾ ਬੈਗ ਚੈੱਕ-ਇਨ ਕਰਕੇ ਸੁਰੱਖਿਆ ਜਾਂਚ ਲਈ ਚਲੇ ਜਾਂਦੇ ਸਨ, ਤਾਂ ਕੁਝ ਕਰਮਚਾਰੀ ਉਨ੍ਹਾਂ ਦੇ ਬੈਗ ਦਾ ਬਾਰਕੋਡ ਟੈਗ ਹਟਾ ਕੇ ਨਸ਼ਿਆਂ ਨਾਲ ਭਰੇ ਹੋਰ ਸੂਟਕੇਸ ਉੱਤੇ ਲਗਾ ਦਿੰਦੇ ਸਨ। ਇਸ ਤਰ੍ਹਾਂ ਜੇਕਰ ਉਹ ਬੈਗ ਕਿਸੇ ਹੋਰ ਦੇਸ਼ 'ਚ ਫੜਿਆ ਜਾਂਦਾ, ਤਾਂ ਰਿਕਾਰਡ ਵਿਚ ਉਸ ਦਾ ਮਾਲਕ ਬੇਕਸੂਰ ਯਾਤਰੀ ਦਿਖਾਈ ਦਿੰਦਾ ਸੀ।

ਮਾਹਿਰਾਂ ਮੁਤਾਬਕ ਕੁਝ ਦੇਸ਼ਾਂ ਵਿਚ ਨਸ਼ਿਆਂ ਦੀ ਤਸਕਰੀ ਲਈ ਬਹੁਤ ਸਖ਼ਤ ਸਜ਼ਾਵਾਂ ਹਨ, ਜਿਨ੍ਹਾਂ ਵਿਚ ਲੰਬੀ ਕੈਦ ਤੋਂ ਲੈ ਕੇ ਮੌਤ ਦੀ ਸਜ਼ਾ ਤੱਕ ਸ਼ਾਮਲ ਹੋ ਸਕਦੀ ਹੈ। ਭਾਵੇਂ ਸਾਰੇ 17 ਯਾਤਰੀ ਆਖ਼ਰਕਾਰ ਬੇਗੁਨਾਹ ਸਾਬਤ ਹੋ ਗਏ, ਪਰ ਵਿਦੇਸ਼ੀ ਦੇਸ਼ਾਂ ਵਿਚ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਉਨ੍ਹਾਂ ਨੂੰ ਕਾਨੂੰਨੀ ਅਤੇ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਯਾਤਰੀਆਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਬੈਗ ਚੈੱਕ-ਇਨ ਕਰਵਾਉਂਦੇ ਸਮੇਂ ਉਸ ਦੀ ਫੋਟੋ ਜਾਂ ਵੀਡੀਓ ਬਣਾਉਣ, ਜਿਸ ਵਿਚ ਬੈਗ ਦਾ ਵਜ਼ਨ ਅਤੇ ਟੈਗ ਸਪੱਸ਼ਟ ਦਿਖਾਈ ਦੇਵੇ। ਬੈਗ ਉੱਤੇ ਲੱਗੇ ਟੈਗ ਦੀ ਵੱਖਰੀ ਤਸਵੀਰ ਵੀ ਆਪਣੇ ਫੋਨ ਵਿਚ ਰੱਖਣੀ ਚਾਹੀਦੀ ਹੈ। ਇਸ ਤੋਂ ਇਲਾਵਾ ਏਅਰਟੈਗ ਜਾਂ ਹੋਰ ਟ੍ਰੈਕਿੰਗ ਡਿਵਾਈਸ ਬੈਗ ਵਿਚ ਰੱਖਣ ਨਾਲ ਸਮਾਨ ਦੀ ਅਸਲ ਲੋਕੇਸ਼ਨ ਦਾ ਰਿਕਾਰਡ ਮਿਲ ਸਕਦਾ ਹੈ।

ਯਾਤਰਾ ਮਾਹਿਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਯਾਤਰਾ ਦੌਰਾਨ ਬੈਗੇਜ ਰਸੀਦ ਸੰਭਾਲ ਕੇ ਰੱਖਣੀ ਚਾਹੀਦੀ ਹੈ ਅਤੇ ਯਾਤਰਾ ਬੀਮੇ ਦੀਆਂ ਸ਼ਰਤਾਂ ਧਿਆਨ ਨਾਲ ਪੜ੍ਹਣੀਆਂ ਚਾਹੀਦੀਆਂ ਹਨ, ਕਿਉਂਕਿ ਆਮ ਟਰੈਵਲ ਇੰਸ਼ੋਰੈਂਸ ਅਕਸਰ ਵਿਦੇਸ਼ੀ ਕਾਨੂੰਨੀ ਖਰਚਿਆਂ ਨੂੰ ਕਵਰ ਨਹੀਂ ਕਰਦੀ।

ਇਹ ਮਾਮਲਾ ਦੁਨੀਆਂ ਭਰ ਦੇ ਯਾਤਰੀਆਂ ਲਈ ਇੱਕ ਵੱਡੀ ਚੇਤਾਵਨੀ ਹੈ ਕਿ ਆਪਣੇ ਸਮਾਨ ਅਤੇ ਉਸ ਨਾਲ ਜੁੜੇ ਦਸਤਾਵੇਜ਼ਾਂ ਦੀ ਪੂਰੀ ਨਿਗਰਾਨੀ ਰੱਖਣਾ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੋ ਗਿਆ ਹੈ।

# ਲਗਾਤਾਰ ਘੱਟ ਰਿਹਾ ਹੈ ਕੈਨੇਡਾ ਦੇ ਟੈਂਪਰੇਰੀ ਰੈਜ਼ੀਡੈਂਸ ਵੀਜ਼ਾ ਲਈ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਟੈਂਪਰੇਰੀ ਰੈਜ਼ੀਡੈਂਸ ਵੀਜ਼ਾ ਲਈ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ ਲਗਾਤਾਰ ਘੱਟ ਰਿਹਾ ਹੈ, ਜਿਸ ਦਾ ਸਭ ਤੋਂ ਵੱਧ ਫਾਇਦਾ ਭਾਰਤ ਤੋਂ ਸੁਪਰ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਲਈ ਅਪਲਾਈ ਕਰਨ ਵਾਲੇ ਲੋਕਾਂ ਨੂੰ ਹੋ ਰਿਹਾ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਪ੍ਰਵਾਸੀਆਂ ਦੇ ਮਾਪਿਆਂ ਨੂੰ ਹੁਣ ਸੁਪਰ ਵੀਜ਼ਾ ਸਿਰਫ਼ 112 ਦਿਨਾਂ ਵਿਚ ਦਿੱਤਾ ਜਾ ਰਿਹਾ ਹੈ, ਜਦਕਿ ਪਹਿਲਾਂ ਇਸ ਲਈ 116 ਦਿਨਾਂ ਦਾ ਸਮਾਂ ਲੱਗਦਾ ਸੀ। ਵਿਜ਼ਟਰ ਵੀਜ਼ਾ ਦੀ ਗੱਲ ਕੀਤੀ ਜਾਵੇ, ਤਾਂ ਭਾਰਤ ਤੋਂ ਦਾਖ਼ਲ ਅਰਜ਼ੀਆਂ ਦਾ ਨਿਪਟਾਰਾ ਹੁਣ ਸਿਰਫ਼ 28 ਦਿਨਾਂ ਵਿਚ ਹੋ ਰਿਹਾ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਮੌਜੂਦਗੀ ਦੌਰਾਨ ਦਾਖ਼ਲ ਕੀਤੀਆਂ ਵਿਜ਼ਟਰ ਵੀਜ਼ਾ ਅਰਜ਼ੀਆਂ ਨੂੰ ਵੀ 28 ਦਿਨਾਂ ਵਿਚ

## ਸੁਪਰ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ ਹੋਵੇਗਾ ਫਾਇਦਾ

ਪ੍ਰੋਸੈਸ ਕੀਤਾ ਜਾ ਰਿਹਾ ਹੈ।

ਵਰਕ ਪਰਮਿਟ ਦੇ ਮਾਮਲੇ ਵਿਚ ਭਾਰਤ ਤੋਂ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ 10 ਹਫ਼ਤਿਆਂ ਤੋਂ ਘੱਟ ਕੇ 9 ਹਫ਼ਤੇ ਰਹਿ ਗਿਆ ਹੈ। ਸਟੱਡੀ ਵੀਜ਼ਾ ਲਈ ਭਾਰਤ ਤੋਂ ਆ ਰਹੀਆਂ ਅਰਜ਼ੀਆਂ ਦਾ ਨਿਪਟਾਰਾ ਹੁਣ 5 ਹਫ਼ਤਿਆਂ ਵਿਚ ਹੋ ਰਿਹਾ ਹੈ। ਇਸ ਦੇ ਉਲਟ ਪਾਕਿਸਤਾਨ ਤੋਂ ਆਉਣ ਵਾਲੀਆਂ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ ਭਾਰਤੀਆਂ ਦੇ ਮੁਕਾਬਲੇ ਕਾਫ਼ੀ ਘੱਟ ਹੈ। ਪਾਕਿਸਤਾਨੀ ਨਾਗਰਿਕਾਂ ਨੂੰ ਸੁਪਰ ਵੀਜ਼ਾ 70 ਦਿਨਾਂ ਵਿਚ, ਵਰਕ ਪਰਮਿਟ 6 ਹਫ਼ਤਿਆਂ ਵਿਚ ਅਤੇ ਸਟੱਡੀ ਵੀਜ਼ਾ ਸਿਰਫ਼ 4 ਹਫ਼ਤਿਆਂ ਵਿਚ ਮਿਲ ਰਿਹਾ ਹੈ।

# ਕੈਨੇਡਾ 'ਚ ਛੋਟੀ ਜਿਹੀ ਲਾਪ੍ਰਵਾਹੀ ਨਾਲ ਖੁੱਸ ਸਕਦੈ ਪੀ.ਆਰ. ਸਟੇਟਸ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਸਥਾਈ ਨਿਵਾਸ (ਪੀ.ਆਰ.) ਪ੍ਰਾਪਤ ਕਰਨਾ ਦੁਨੀਆਂ ਭਰ ਦੇ ਲੋਕਾਂ, ਖਾਸ ਕਰਕੇ ਭਾਰਤੀਆਂ ਲਈ ਇੱਕ ਵੱਡਾ ਸੁਪਨਾ ਹੈ। ਪੀ.ਆਰ. ਵਿਅਕਤੀਆਂ ਨੂੰ ਕੈਨੇਡਾ ਵਿਚ ਰਹਿਣ, ਕੰਮ ਕਰਨ ਅਤੇ ਪੜ੍ਹਾਈ ਕਰਨ ਦਾ ਅਧਿਕਾਰ ਦਿੰਦਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਇੱਕ ਵਾਰ ਜਦੋਂ ਉਹ ਪੀ.ਆਰ. ਪ੍ਰਾਪਤ ਕਰ ਲੈਂਦੇ ਹਨ, ਤਾਂ ਉਨ੍ਹਾਂ ਦਾ ਦਰਜਾ ਸੁਰੱਖਿਅਤ ਹੋ ਜਾਵੇਗਾ। ਦਰਅਸਲ ਪੀ.ਆਰ. ਬਣਾਈ ਰੱਖਣ ਲਈ ਕੈਨੇਡੀਅਨ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਦੀ ਲੋੜ ਹੁੰਦੀ ਹੈ।




ਕੈਨੇਡਾ ਦੀ ਇਮੀਗ੍ਰੇਸ਼ਨ ਏਜੰਸੀ, ਆਈ.ਆਰ.ਸੀ.ਸੀ. (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਦੇ ਅਨੁਸਾਰ ਹਰੇਕ ਪੀ.ਆਰ. ਧਾਰਕ ਨੂੰ ਹਰ ਪੰਜ ਸਾਲਾਂ ਵਿਚ ਘੱਟੋ-ਘੱਟ 730 ਦਿਨ ਮਤਲਬ ਦੋ ਸਾਲ, ਕੈਨੇਡਾ ਵਿੱਚ ਸਰੀਰਕ ਤੌਰ 'ਤੇ ਮੌਜੂਦ ਹੋਣਾ ਚਾਹੀਦਾ ਹੈ। ਇਸ ਲੋੜ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਨਾਲ ਉਨ੍ਹਾਂ ਦੀ ਪੀ.ਆਰ. ਸਥਿਤੀ ਖ਼ਤਰੇ ਵਿਚ ਪੈ ਸਕਦੀ ਹੈ।

ਬਹੁਤ ਸਾਰੇ ਲੋਕ ਪੀ.ਆਰ. ਪ੍ਰਾਪਤ ਕਰਨ ਤੋਂ ਬਾਅਦ ਕੰਮ, ਕਾਰੋਬਾਰ, ਜਾਂ ਪਰਿਵਾਰਕ ਕਾਰਨਾਂ ਕਰਕੇ ਭਾਰਤ ਜਾਂ ਹੋਰ ਦੇਸ਼ਾਂ ਵਿਚ ਲੰਬੇ ਸਮੇਂ ਲਈ ਰਹਿਣਾ ਸ਼ੁਰੂ ਕਰ ਦਿੰਦੇ ਹਨ। ਪੰਜ ਸਾਲਾਂ ਵਿਚ 730 ਦਿਨਾਂ ਦੀ ਸਰੀਰਕ ਮੌਜੂਦਗੀ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਨਾਲ ਉਨ੍ਹਾਂ ਦਾ ਪੀ.ਆਰ. ਸਟੇਟਸ ਪ੍ਰਭਾਵਿਤ ਹੋ ਸਕਦਾ ਹੈ।

ਕੁਝ ਲੋਕ ਮੰਨਦੇ ਹਨ ਕਿ ਵਿਦੇਸ਼ ਵਿਚ ਬਿਤਾਏ ਸਾਰੇ ਸਮੇਂ ਨੂੰ ਰਿਹਾਇਸ਼ੀ ਸ਼ਰਤਾਂ ਵਿਚ ਸ਼ਾਮਲ ਕੀਤਾ ਜਾਵੇਗਾ। ਹਾਲਾਂਕਿ ਇਹ ਸਿਰਫ਼ ਖਾਸ ਹਾਲਾਤ ਵਿਚ ਹੀ ਸੰਭਵ ਹੈ, ਜਿਵੇਂ ਕਿ ਕੈਨੇਡੀਅਨ ਨਾਗਰਿਕ ਜੀਵਨ ਸਾਥੀ ਨਾਲ ਵਿਦੇਸ਼ ਵਿਚ ਰਹਿਣਾ ਜਾਂ ਕਿਸੇ ਕੈਨੇਡੀਅਨ ਕੰਪਨੀ ਲਈ ਵਿਦੇਸ਼ ਵਿਚ ਕੰਮ ਕਰਨਾ।

ਪਾਸਪੋਰਟ ਸਟੈਂਪ, ਫਲਾਈਟ ਰਿਕਾਰਡ, ਕਿਰਾਏ ਦੇ ਸਮਝੌਤੇ, ਰੁਜ਼ਗਾਰ ਦਸਤਾਵੇਜ਼, ਟੈਕਸ ਰਿਕਾਰਡ ਅਤੇ ਬੈਂਕ ਸਟੇਟਮੈਂਟਾਂ ਵਰਗੇ ਸਬੂਤਾਂ ਨੂੰ ਸੁਰੱਖਿਅਤ ਰੱਖਣਾ ਬਹੁਤ ਜ਼ਰੂਰੀ ਹੈ। ਲੋੜ ਪੈਣ 'ਤੇ ਆਈ.ਆਰ.ਸੀ.ਸੀ. ਤੁਹਾਡੇ ਤੋਂ ਇਨ੍ਹਾਂ ਦੀ ਮੰਗ ਕਰ ਸਕਦਾ ਹੈ।

ਬਹੁਤ ਸਾਰੇ ਲੋਕ ਘੱਟੋ-ਘੱਟ ਸੀਮਾ 'ਤੇ ਪਹੁੰਚਣ ਤੋਂ ਬਾਅਦ ਬੇਫਿਕਰ ਹੋ ਜਾਂਦੇ ਹਨ। ਹਾਲਾਂਕਿ ਜੇਕਰ ਕਿਸੇ ਅਣਕਿਆਸੇ ਕਾਰਨ ਕਰਕੇ ਉਨ੍ਹਾਂ ਦੀ ਵਾਪਸੀ ਵਿਚ ਦੇਰੀ ਹੁੰਦੀ ਹੈ, ਤਾਂ ਉਹ ਲੋੜੀਂਦੀ ਸੀਮਾ ਤੋਂ ਹੇਠਾਂ ਆ ਸਕਦੇ ਹਨ।

ਜੇਕਰ ਤੁਹਾਡੇ ਪੀ.ਆਰ. ਕਾਰਡ ਦੀ ਮਿਆਦ ਪੁੱਗ ਗਈ ਹੈ ਅਤੇ ਤੁਸੀਂ ਕੈਨੇਡਾ ਤੋਂ ਬਾਹਰ ਹੋ, ਤਾਂ ਵਾਪਸੀ ਲਈ ਇੱਕ ਸਥਾਈ ਨਿਵਾਸੀ ਯਾਤਰਾ ਦਸਤਾਵੇਜ਼ (ਪੀ.ਆਰ.ਟੀ.ਡੀ.) ਦੀ ਲੋੜ ਹੁੰਦੀ ਹੈ। ਲੋੜੀਂਦਾ ਸਬੂਤ ਪ੍ਰਦਾਨ ਕਰਨ ਵਿਚ ਅਸਫਲ ਰਹਿਣ ਦੇ ਨਤੀਜੇ ਵਜੋਂ ਅਰਜ਼ੀ ਰੱਦ ਕੀਤੀ ਜਾ ਸਕਦੀ ਹੈ।

ਜੇਕਰ ਆਈ.ਆਰ.ਸੀ.ਸੀ. ਤੁਹਾਡੀ ਰਿਹਾਇਸ਼ੀ ਸਥਿਤੀ ਦੀ ਸਮੀਖਿਆ ਕਰ ਰਿਹਾ ਹੈ, ਤਾਂ ਸਮੇਂ ਸਿਰ ਜਵਾਬ ਦੇਣਾ ਜ਼ਰੂਰੀ ਹੈ। ਲਾਪ੍ਰਵਾਹੀ ਪੀ.ਆਰ. ਸਥਿਤੀ ਗੁਆਉਣ ਦੇ ਜ਼ੋਖਮ ਨੂੰ ਵਧਾ ਸਕਦੀ ਹੈ। ਪੀ.ਆਰ. ਕਾਰਡ ਨਵੀਨੀਕਰਨ, ਪੀ.ਆਰ.ਟੀ.ਡੀ., ਜਾਂ ਨਾਗਰਿਕਤਾ ਅਰਜ਼ੀਆਂ ਵਿਚ ਪ੍ਰਦਾਨ ਕੀਤੀ ਗਈ ਯਾਤਰਾ ਜਾਣਕਾਰੀ ਹਮੇਸ਼ਾਂ ਸਹੀ ਅਤੇ ਇਕਸਾਰ ਹੋਣੀ ਚਾਹੀਦੀ ਹੈ। ਗਲਤ ਜਾਣਕਾਰੀ ਨੂੰ ਗਲਤ ਪੇਸ਼ਕਾਰੀ ਮੰਨਿਆ ਜਾ ਸਕਦਾ ਹੈ।

ਪੀ.ਆਰ. ਬਣਾਈ ਰੱਖਣ ਲਈ ਪੰਜ ਸਾਲਾਂ ਵਿਚ 730 ਦਿਨ ਦੀ ਲੋੜ ਹੁੰਦੀ ਹੈ, ਜਦੋਂ ਕਿ ਕੈਨੇਡੀਅਨ ਨਾਗਰਿਕਤਾ ਲਈ ਪਿਛਲੇ ਪੰਜ ਸਾਲਾਂ ਵਿਚ ਘੱਟੋ-ਘੱਟ 1,095 ਦਿਨ ਸਰੀਰਕ ਮੌਜੂਦਗੀ ਦੀ ਲੋੜ ਹੁੰਦੀ ਹੈ। ਪੀ.ਆਰ. ਕਾਰਡ ਦੀ ਮਿਆਦ ਪੁੱਗਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਪੀ.ਆਰ. ਸਥਿਤੀ ਦੀ ਵੀ ਮਿਆਦ ਪੁੱਗੀ ਹੈ। ਪੀ.ਆਰ. ਕਾਰਡ ਸਿਰਫ਼ ਇੱਕ ਪਛਾਣ ਅਤੇ ਯਾਤਰਾ ਦਸਤਾਵੇਜ਼ ਹੈ। ਹਾਲਾਂਕਿ ਕਾਰਡ ਦੀ ਮਿਆਦ ਪੁੱਗਣ ਨਾਲ ਤੁਹਾਡੀ ਕੈਨੇਡਾ ਵਾਪਸੀ ਗੁੰਝਲਦਾਰ ਹੋ ਸਕਦੀ ਹੈ ਅਤੇ ਵਿਦੇਸ਼ ਵਿਚ ਪੀ.ਆਰ.ਟੀ.ਡੀ. ਦੀ ਲੋੜ ਹੋ ਸਕਦੀ ਹੈ।

# ਕੈਨੇਡਾ ਪੁਲਿਸ ਵੱਲੋਂ ਸੈਲਾਨੀ ਬਣਕੇ ਆਏ ਸੈਂਕੜੇ ਅਪਰਾਧੀਆਂ ਦਾ ਪਰਦਾਫਾਸ਼

## 10 ਭਾਰਤੀਆਂ ਸਮੇਤ 164 ਪਛਾਣੇ; ਪੰਜ ਭਾਰਤੀਆਂ ਸਮੇਤ 46 ਕਾਬੂ

ਵੈਨਕੂਵਰ, (ਪੰਜਾਬ ਮੇਲ)-ਕੈਨੇਡਾ ਦੀ ਦੁਰਾਮ ਖੇਤਰੀ ਪੁਲਿਸ ਨੇ ਪ੍ਰੋਜੈਕਟ ਜੈਟਸੈਟਰ ਤਹਿਤ ਲੰਮੇ ਸਮੇਂ ਦੀ ਜਾਂਚ ਤੋਂ ਬਾਅਦ ਕੈਨੇਡਾ 'ਚ ਅਪਰਾਧ ਰਾਹੀਂ ਪੈਸਾ ਬਣਾਉਣ ਆਏ ਆਏ ਸੈਲਾਨੀਆਂ ਦਾ ਪਰਦਾਫਾਸ਼ ਕਰਕੇ ਦੇਸ਼ ਦੇ ਅਵਾਸ ਵਿਭਾਗ ਨੂੰ ਚੌਕਸ ਕੀਤਾ ਹੈ। ਇਸ ਵਰਤਾਰੇ ਨੂੰ ਕ੍ਰਿਮੀਨਲ ਟੂਰਿਜ਼ਮ ਦਾ ਨਾਂਅ ਦਿੰਦੇ ਹੋਏ ਪੁਲਿਸ ਨੇ ਦੇਸ਼ ਦੀਆਂ ਖੁਫੀਆ ਸੇਵਾਵਾਂ ਮੂਹਰੇ ਚੁਣੌਤੀ ਖੜ੍ਹੀ ਕਰ ਦਿੱਤੀ ਹੈ ਕਿ ਉਹ ਵਿਦੇਸ਼ੀਆਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡਰਹਮ ਰਿਜਨਲ ਪੁਲਿਸ ਸਰਵਿਸ ਦੇ ਮੁੱਖੀ ਪੀਟਰ ਮੋਰੈਰੇ ਨੇ ਦੱਸਿਆ ਕਿ ਕੁਝ ਮਹੀਨਿਆਂ ਤੋਂ ਚੋਰੀਆਂ, ਲੁੱਟਾਂ, ਵਾਹਨ ਚੋਰੀ ਅਤੇ ਫੋਨ ਕਰਕੇ ਬਜ਼ੁਰਗਾਂ ਨਾਲ ਠੱਗੀਆਂ ਦੇ ਮਾਮਲਿਆਂ ਦੀ ਜਾਂਚ 'ਚ ਪਤਾ ਲੱਗਾ ਕਿ ਇਨ੍ਹਾਂ 'ਚੋਂ ਬਹੁਤੇ ਅਪਰਾਧ ਵਿਦੇਸ਼ਾਂ ਤੋਂ ਆਏ ਸੰਗਠਤ ਅਪਰਾਧੀ ਟੋਲਿਆਂ ਵਲੋਂ ਕੀਤੇ ਜਾਂਦੇ ਹਨ, ਜੋ ਇਸੇ ਨੀਅਤ ਨਾਲ ਸੈਲਾਨੀ ਬਣਕੇ ਕੈਨੇਡਾ ਆਏ ਹੋਏ ਸਨ।



*ਕੈਨੇਡਾ ਪੁਲਿਸ ਵਲੋਂ ਚੋਰੀ, ਠੱਗੀ ਲੁੱਟਾਂ ਤੇ ਝਪਟਾਂ ਦੇ ਦੋਸ਼ਾਂ ਹੇਠ ਫੜੇ ਗਏ ਭਾਰਤੀ ਮੂਲ ਦੇ ਵਿਅਕਤੀ।*

ਪੁਲਿਸ ਮੁਖੀ ਨੇ ਦੱਸਿਆ ਕਿ ਹੁਣ ਤੱਕ ਪਛਾਣੇ ਗਏ ਇਨ੍ਹਾਂ ਅਪਰਾਧੀਆਂ 'ਚ ਬਹੁਤੇ ਰੋਮਾਨੀਆ ਤੋਂ ਅਤੇ ਕੁਝ ਭਾਰਤ ਤੋਂ ਹਨ। ਪਛਾਣੇ ਗਏ ਅਪਰਾਧੀਆਂ 'ਚੋਂ 46 ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦ ਕਿ 64 ਹੋਰਾਂ ਦੀਆਂ ਫੋਟੋਆਂ ਜਨਤਕ ਕੀਤੀਆਂ ਗਈਆਂ ਹਨ, ਤਾਂ ਕਿ ਲੋਕ ਇਨ੍ਹਾਂ ਨੂੰ ਫੜਵਾਉਣ 'ਚ ਪੁਲਿਸ ਦੀ ਮਦਦ ਕਰ ਸਕਣ।

ਫੜੇ ਜਾਣ ਵਾਲਿਆਂ 'ਚ ਭਾਰਤੀ ਮੂਲ ਦੇ ਅਰਸ਼ਦੀਪ ਸਿੰਘ ਗੁਰਮ, ਅਰਸ਼ਜੋਤ ਸਿੰਘ ਢਿਲੋਂ, ਜਗਦੀਪ ਸਿੰਘ, ਗੁਰਪ੍ਰੀਤ ਕੌਰ, ਸਾਵਨ ਧਰਮੇਸ਼ ਭਾਈ ਹਨ, ਜਦਕਿ ਪੰਜ ਹੋਰਾਂ ਅਮਰਜੀਤ ਸਿੰਘ ਗਿੱਲ, ਅਰਮਾਨ ਸਰਮਾ, ਹਰਸਿਮਰਨ ਸਿੰਘ ਢਿੱਲੋਂ, ਗੁਰਿੰਦਰ ਸਿੰਘ ਅਤੇ ਜਗਦੀਪ ਸਿੰਘ ਦੀ ਭਾਲ ਜਾਰੀ ਹੈ। ਪੁਲਿਸ ਮੁਖੀ ਨੇ ਦੱਸਿਆ ਕਿ ਇਹ ਲੋਕ ਕੁਝ ਦਿਨਾਂ ਬਾਦ ਆਪਣੇ ਅੱਡੇ ਬਦਲਦੇ ਰਹਿੰਦੇ ਸਨ, ਤਾਂ ਕਿ ਨਵੇਂ ਲੋਕਾਂ ਨੂੰ ਝਾਂਸੇ 'ਚ ਲੈ ਕੇ ਠੱਗੀ ਮਾਰਨੀ ਸੁਖਾਲੀ ਹੋਵੇ। ਉਸਨੇ ਦੱਸਿਆ ਕਿ ਇਨ੍ਹਾਂ ਵਲੋਂ ਕੀਤੀਆਂ 200 ਤੋਂ ਵੱਧ ਅਪਰਾਧਿਕ ਘਟਨਾਵਾਂ 'ਚ 26 ਲੱਖ ਡਾਲਰ ਦੀ ਠੱਗੀ, ਚੋਰੀ ਅਤੇ ਲੁੱਟ ਕੀਤੀ ਗਈ, ਜਿਸ ਕਾਰਨ ਇਨ੍ਹਾਂ 'ਤੇ 1146 ਅਪਰਾਧਿਕ ਧਾਰਾਵਾਂ ਲਾਈਆਂ ਗਈਆਂ ਹਨ।

ਪੁਲਿਸ ਅਨੁਸਾਰ ਫੜੇ ਗਏ ਦੋਸ਼ੀ ਡਰਹਮ ਖੇਤਰ 'ਚ ਹੀ ਅਪਰਾਧ ਕਰਦੇ ਸਨ, ਜਦਕਿ ਇਹ ਵਰਤਾਰਾ ਪੂਰੇ ਅਪਰਾਧੀ ਮਾਨਸਿਕਤਾ ਵਾਲੇ ਸੈਲਾਨੀ ਦੇਸ਼ 'ਚ ਚਲਾ ਰਹੇ ਹਨ। ਇਹ ਲੋਕ ਆਮ ਕਰਕੇ ਫੋਨ ਕਾਲ ਰਾਹੀਂ ਜਾਂ ਆਨਲਾਈਨ ਠੱਗੀ ਨੂੰ ਤਰਜੀਹ ਦਿੰਦੇ ਹਨ, ਪਰ ਨਾਲੋਂ-ਨਾਲ ਚੋਰੀ, ਲੁੱਟ ਅਤੇ ਝਪਟ ਵੀ ਕਰਦੇ ਹਨ। ਇਹ ਅਕਸਰ ਵਾਹਨ ਖਰੀਦਦਾਰ ਬਣਕੇ ਵੇਚਣ ਵਾਲੇ ਤੋਂ ਟੈਸਟ ਕਰਨ ਦੇ ਬਹਾਨੇ ਵਾਹਨ ਲੈ ਕੇ ਭੱਜ ਜਾਂਦੇ ਹਨ। ਔਰਤਾਂ ਦੇ ਗਲਾਂ ਤੇ ਹੱਥਾਂ 'ਚੋਂ ਸੋਨੇ ਦੇ ਗਹਿਣੇ ਵੀ ਝਪਟਦੇ ਸਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਖੇਤਰਾਂ ਦੀ ਪੁਲਿਸ ਨੂੰ ਇਨ੍ਹਾਂ ਦੇ ਢੰਗਾਂ ਬਾਰੇ ਚੌਕਸ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਵਲੋਂ ਵੀ ਪਛਾਣੇ ਗਏ ਦੋਸ਼ੀਆਂ ਨੂੰ ਫੜਨ ਲਈ ਕਾਰਵਾਈ ਜਾਰੀ ਰਹੇਗੀ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡਾ. ਵਿਜੈ ਗਰਗ ਦੀ ਕਿਤਾਬ "ਵਿਜ਼ੂਅਲ ਡਿਕਸ਼ਨਰੀ" ਦਸਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਪਿੰਡ ਬਾਦਲ ਵਿਖੇ ਰਿਲੀਜ਼

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- "ਵਿਜ਼ੂਅਲ ਡਿਕਸ਼ਨਰੀ" ਸਿਰਲੇਖ ਵਾਲੀ ਇੱਕ ਨਵੀਂ ਕਿਤਾਬ, ਜੋ ਕਿ ਪ੍ਰਸਿੱਧ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ ਡਾ. ਵਿਜੈ ਗਰਗ ਦੁਆਰਾ ਲਿਖੀ ਕਿਤਾਬ ਨੂੰ ਪ੍ਰਿੰਸਿਪਲ ਹਰਸਿਮਰਤ ਕੌਰ ਦਸਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਪਿੰਡ ਬਾਦਲ ਨੇ ਲੋਕ ਅਰਪਣ ਕੀਤਾ।



ਲੋਕ ਅਰਪਣ ਸਮਾਰੋਹ ਵਿਚ ਸੀਨੀਅਰ ਫੈਕਲਟੀ ਮੈਂਬਰ ਅਤੇ ਸੰਸਥਾ ਦੇ ਸ਼ੁਭਚਿੰਤਕ ਵੀ ਸ਼ਾਮਲ ਹੋਏ। ਇਸ ਮੌਕੇ 'ਤੇ ਬੋਲਦੇ ਹੋਏ, ਪ੍ਰਿੰਸੀਪਲ ਹਰਸਿਮਰਤ ਕੌਰ ਨੇ ਸਿੱਖਿਆ ਦੇ ਖੇਤਰ ਵਿਚ ਡਾ. ਵਿਜੈ ਗਰਗ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਸਾਹਿਤਕ ਕੰਮ ਦੀ ਕਦਰ ਕੀਤੀ। ਉਸਨੇ ਟਿੱਪਣੀ ਕੀਤੀ ਕਿ ਇਹ ਕਿਤਾਬ ਵਿਦਿਆਰਥੀਆਂ ਅਤੇ ਸਮਾਜ ਲਈ ਇੱਕ ਕੀਮਤੀ ਸਰੋਤ ਵਜੋਂ ਕੰਮ ਕਰੇਗੀ, ਆਉਣ ਵਾਲੀਆਂ ਪੀੜ੍ਹੀਆਂ ਨੂੰ ਗਿਆਨ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗੀ। ਲੇਖਕ ਡਾ. ਵਿਜੇ ਗਾਰਗ ਨੇ ਕਿਤਾਬ ਲਿਖਣ ਦੇ ਉਦੇਸ਼ ਨੂੰ ਸਾਂਝਾ ਕਰਦੇ ਹੋਏ ਕਿਹਾ ਕਿ ਵਿਜ਼ੂਅਲ ਡਿਕਸ਼ਨਰੀ ਇੱਕ ਦਿਲਚਸਪ ਅਤੇ ਵਿਹਾਰਕ ਸ਼ਬਦਾਵਲੀ ਗਾਈਡ ਹੈ, ਜੋ ਸਿੱਖਣ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਮਜ਼ੇਦਾਰ ਬਣਾਉਣ ਲਈ ਸ਼ਬਦਾਂ ਨੂੰ ਸਪੱਸ਼ਟ ਚਿੱਤਰਾਂ ਨਾਲ ਜੋੜਦੀ ਹੈ। ਵਿਦਿਆਰਥੀਆਂ, ਭਾਸ਼ਾ ਸਿੱਖਣ ਵਾਲਿਆਂ ਅਤੇ ਉਤਸੁਕ ਪਾਠਕਾਂ ਲਈ ਤਿਆਰ ਕੀਤੀ ਗਈ ਇਹ ਕਿਤਾਬ ਸਿਰਫ਼ ਯਾਦ ਰੱਖਣ ਦੀ ਬਜਾਏ ਦ੍ਰਿਸ਼ਟੀਗਤ ਸਮਝ ਰਾਹੀਂ ਸ਼ਬਦਾਵਲੀ ਬਣਾਉਣ ਵਿਚ ਮਦਦ ਕਰਦੀ ਹੈ।

ਡਾ. ਗਰਗ ਨੇ ਅੱਗੇ ਕਿਹਾ, ਵਿਜ਼ੂਅਲ ਡਿਕਸ਼ਨਰੀ ਨਾ ਸਿਰਫ਼ ਪਾਠਕਾਂ ਨੂੰ ਉਨ੍ਹਾਂ ਦੀ ਸ਼ਬਦਾਵਲੀ ਵਧਾਉਣ ਵਿਚ ਮਦਦ ਕਰਦੀ ਹੈ, ਸਗੋਂ ਸੰਚਾਰ ਵਿਚ ਵਿਸ਼ਵਾਸ ਵੀ ਪੈਦਾ ਕਰਦੀ ਹੈ। ਇਹ ਸ਼ਬਦਾਂ ਨੂੰ ਸਿੱਖਣ ਦੀ ਪ੍ਰਕਿਰਿਆ ਨੂੰ ਇੱਕ ਇੰਟਰਐਕਟਿਵ ਅਤੇ ਮਜ਼ੇਦਾਰ ਅਨੁਭਵ ਵਿਚ ਬਦਲ ਦਿੰਦਾ ਹੈ, ਜਿਸ ਨਾਲ ਭਾਸ਼ਾ ਸਿੱਖਣਾ ਹਰ ਕਿਸੇ ਲਈ ਵਧੇਰੇ ਪਹੁੰਚਯੋਗ ਅਤੇ ਪ੍ਰਭਾਵਸ਼ਾਲੀ ਹੋ ਜਾਂਦਾ ਹੈ।

# ਭਾਰਤ 'ਚ ਘਟਣ ਲੱਗੀ ਜਨਮ ਦਰ! ਮਸਕ ਵੱਲੋਂ ਚਿੰਤਾ ਜ਼ਾਹਿਰ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਇਸ ਸਮੇਂ ਦੁਨੀਆਂ ਦਾ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਹੈ ਪਰ ਹੁਣ ਭਾਰਤ 'ਚ ਜਨਮ ਦਰ ਘਟਣ ਲੱਗ ਪਈ ਹੈ। ਭਾਰਤ 'ਚ ਘਟਦੀ ਜਨਮ ਦਰ 'ਤੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਤੇ ਸਪੇਸਐਕਸ ਦੇ ਸੀ.ਈ.ਓ. ਐਲਨ ਮਸਕ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਭਾਰਤ 'ਚ ਜਨਮ ਦਰ ਹੁਣ ਰਿਪਲੇਸਮੈਂਟ ਲੈਵਲ ਤੋਂ ਵੀ ਹੇਠਾਂ ਆ ਗਈ ਹੈ। ਇਸ ਦਾ ਮਤਲਬ ਹੈ ਕਿ ਭਾਰਤ ਦੀ ਜਨਮ ਦਰ, ਅਬਾਦੀ ਨੂੰ ਸੰਤੁਲਿਤ ਰੱਖਣ ਦੀ ਦਰ ਤੋਂ ਵੀ ਘੱਟ ਗਈ ਹੈ, ਜਿਸ ਦੇ ਨਤੀਜੇ ਵਜੋਂ ਅਗਲੇ ਕੁਝ ਸਾਲਾਂ 'ਚ ਭਾਰਤ ਦੀ ਅਬਾਦੀ 'ਚ ਵੀ ਤੇਜ਼ੀ ਨਾਲ ਕਮੀ ਆ ਸਕਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਸਾਂਝੀ ਕਰਦਿਆਂ ਮਸਕ ਨੇ ਲਿਖਿਆ, "ਭਾਰਤ ਦੀ ਜਨਮ ਦਰ ਰਿਪਲੇਸਮੈਂਟ ਲੈਵਲ ਤੋਂ ਹੇਠਾਂ ਡਿੱਗ ਗਈ ਹੈ। ਭਾਰਤ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਰਗ 'ਚ ਤਾਂ ਇਹ ਜਨਮ ਦਰ ਕਈ ਸਾਲ ਪਹਿਲਾਂ ਹੀ ਰਿਪਲੇਸਮੈਂਟ ਲੈਵਲ ਤੋਂ ਹੇਠਾਂ ਆ ਚੁੱਕੀ ਸੀ।"

ਮਸਕ ਨੇ ਆਪਣੀ ਪੋਸਟ 'ਚ ਇਕ ਰਿਪੋਰਟ ਦਾ ਹਵਾਲਾ ਦਿੱਤਾ, ਜਿਸ 'ਚ ਦੱਸਿਆ ਗਿਆ ਹੈ ਕਿ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਭਾਰਤ ਦੀ ਜਨਮ ਦਰ ਰਿਪਲੇਸਮੈਂਟ ਲੈਵਲ ਤੋਂ ਵੀ ਹੇਠਾਂ ਆ ਗਈ ਹੈ। ਰਿਪੋਰਟ ਮੁਤਾਬਕ, ਸਿਰਫ਼ ਪਿਛਲੇ 10 ਸਾਲਾਂ ਦੌਰਾਨ ਭਾਰਤ ਦੀ ਟੀ.ਐੱਫ.ਆਰ. (ਕੁੱਲ ਜਣਨ ਦਰ) 2.3 ਤੋਂ ਘੱਟ ਕੇ 1.9 ਰਹਿ ਗਈ ਹੈ। ਖ਼ਾਸ ਗੱਲ ਇਹ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੀ ਜਨਮ ਦਰ ਹੁਣ 1.2 'ਤੇ ਆ ਗਈ ਹੈ, ਜੋ ਕਿ ਫਿਨਲੈਂਡ ਦੇਸ਼ ਨਾਲੋਂ ਵੀ ਘੱਟ ਹੈ।

ਰਿਪੋਰਟ ਮੁਤਾਬਕ ਭਾਵੇਂ ਕਿ ਦੇਸ਼ ਦੀ ਜਨਮ ਦਰ ਘਟੀ ਹੈ, ਪਰ ਇਸ ਦੇ ਬਾਵਜੂਦ ਰਾਜਸਥਾਨ, ਬਿਹਾਰ ਤੇ ਉੱਤਰ ਪ੍ਰਦੇਸ਼ ਦੀ ਜਨਮ ਦਰ ਦੇਸ਼ ਦੀ ਜਨਮ ਦਰ ਨਾਲੋਂ ਵੱਧ ਹੈ। ਰਾਜਸਥਾਨ ਦੀ ਜਨਮ ਦਰ 2.2, ਉੱਤਰ ਪ੍ਰਦੇਸ਼ ਦੀ 2.6 ਤੇ ਬਿਹਾਰ ਦੀ ਜਨਮ ਦਰ 2.9 ਤੱਕ ਬਣੀ ਹੋਈ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੀ ਮੌਜੂਦਾ ਆਬਾਦੀ 1.46 ਅਰਬ ਤੋਂ ਵੀ ਵੱਧ ਹੈ। ਸਾਲ 2023 ਵਿਚ ਭਾਰਤ ਚੀਨ ਨੂੰ ਪਛਾੜ ਕੇ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਿਆ ਸੀ। ਹਾਲਾਂਕਿ ਦੇਸ਼ ਦੀ ਜਨਮ ਦਰ 'ਚ ਗਿਰਾਵਟ ਆਈ ਹੈ, ਪਰ ਫ਼ਿਰ ਵੀ ਦੇਸ਼ ਇੰਨੀ ਵੱਡੀ ਅਬਾਦੀ ਨੂੰ ਚੰਗੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ 'ਚ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

# ਏਅਰਪੋਰਟ ਕੰਪਲੈਕਸ 'ਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਨੂੰ ਲੈ ਕੇ ਸਖਤ ਨਿਯਮ ਲਾਗੂ

**ਨਵੀਂ ਦਿੱਲੀ, (ਪੰਜਾਬ ਮੇਲ)**- ਜੇਕਰ ਤੁਸੀਂ ਏਅਰਪੋਰਟ 'ਤੇ ਰੀਲਾਂ ਬਣਾਉਣ, ਸੈਲਫੀ ਲੈਣ ਜਾਂ ਟ੍ਰੈਵਲ ਵਲੌਗ ਸ਼ੂਟ ਕਰਨ ਦੇ ਸ਼ੌਕੀਨ ਹੋ ਤਾਂ ਹੁਣ ਤੁਹਾਨੂੰ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ। ਸੋਸ਼ਲ ਮੀਡੀਆ ਕੰਟੈਂਟ ਬਣਾਉਣ ਦੇ ਵਧਦੇ ਰੁਝਾਨ ਨੂੰ ਦੇਖਦੇ ਹੋਏ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਨੇ ਏਅਰਪੋਰਟ ਕੰਪਲੈਕਸ 'ਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਨੂੰ ਲੈ ਕੇ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ।

ਨਵੀਂ ਗਾਈਡਲਾਈਨ ਅਨੁਸਾਰ, ਏਅਰਪੋਰਟ ਦੇ ਕਈ ਸੰਵੇਦਨਸ਼ੀਲ ਇਲਾਕਿਆਂ ਵਿਚ ਬਿਨਾਂ ਇਜਾਜ਼ਤ ਫੋਟੋ ਜਾਂ ਵੀਡੀਓ ਬਣਾਉਣਾ ਪੂਰੀ ਤਰ੍ਹਾਂ ਮਨ੍ਹਾ ਹੈ। ਇਨ੍ਹਾਂ ਵਿਚ ਸੁਰੱਖਿਆ ਚੈੱਕਪੁਆਇੰਟ, ਬੋਰਡਿੰਗ ਗੇਟ, ਰਨਵੇ ਬੱਸ, ਏਅਰਕ੍ਰਾਫਟ ਹੈਂਡਲਿੰਗ ਜ਼ੋਨ ਅਤੇ ਏਅਰਪੋਰਟ ਐਪਰਨ ਵਰਗੇ ਕਾਰਜਸ਼ੀਲ ਖੇਤਰ ਸ਼ਾਮਲ ਹਨ।

▪ **ਰੀਲਾਂ ਬਣਾਉਣ, ਸੈਲਫੀ ਜਾਂ ਟਰੈਵਲ ਵਲੌਗ ਬਣਾਉਣ ਵਾਲਿਆਂ ਦਾ ਫੋਨ ਹੋਵੇਗਾ ਜ਼ਬਤ**

ਨਿਯਮਾਂ ਦੀ ਉਲੰਘਣਾ ਕਰਨ ਵਾਲੇ ਯਾਤਰੀਆਂ 'ਤੇ ਭਾਰੀ ਜੁਰਮਾਨਾ ਲਗਾਇਆ ਜਾ ਸਕਦਾ ਹੈ। ਗੰਭੀਰ ਮਾਮਲਿਆਂ 'ਚ ਮੋਬਾਈਲ ਫੋਨ ਜ਼ਬਤ ਕੀਤਾ ਜਾ ਸਕਦਾ ਹੈ ਤੇ ਅੱਗੇ ਦੀ ਜਾਂਚ ਵੀ ਕੀਤੀ ਜਾ ਸਕਦੀ ਹੈ। ਇੰਨਾ ਹੀ ਨਹੀਂ, ਜੇਕਰ ਕੋਈ ਯਾਤਰੀ ਗੰਭੀਰ ਉਲੰਘਣਾ ਕਰਦਾ ਫੜਿਆ ਜਾਂਦਾ ਹੈ, ਤਾਂ ਉਸ ਦਾ ਨਾਮ 'ਨੋ-ਫਲਾਈ ਲਿਸਟ' ਵਿਚ ਪਾਇਆ ਜਾ ਸਕਦਾ ਹੈ, ਜਿਸ ਨਾਲ ਉਸ ਦੀਆਂ ਉਡਾਣਾਂ ਭਰਨ 'ਤੇ ਸਥਾਈ ਜਾਂ ਅਸਥਾਈ ਪਾਬੰਦੀ ਲੱਗ ਸਕਦੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਵੀਡੀਓਜ਼ 'ਚ ਅਕਸਰ ਅਣਜਾਣੇ 'ਚ ਸੁਰੱਖਿਆ ਪ੍ਰਬੰਧ, ਸਟਾਫ ਦੀਆਂ ਗਤੀਵਿਧੀਆਂ ਤੇ ਨਿਗਰਾਨੀ ਪ੍ਰਣਾਲੀਆਂ ਰਿਕਾਰਡ ਹੋ ਜਾਂਦੀਆਂ ਹਨ। ਇਨ੍ਹਾਂ ਚੀਜ਼ਾਂ ਦੇ ਜਨਤਕ ਹੋਣ ਨਾਲ ਏਅਰਪੋਰਟ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਸ ਲਈ ਏਅਰਪੋਰਟ ਸੰਚਾਲਨ ਨੂੰ ਸੁਰੱਖਿਅਤ ਰੱਖਣ ਲਈ ਡੀ.ਜੀ.ਸੀ.ਏ. ਨੇ ਇਹ ਸਖ਼ਤ ਕਦਮ ਚੁੱਕਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਵੈਭਵ ਸੂਰਿਆਵੰਸ਼ੀ ਭਾਰਤੀ ਟੀਮ 'ਚ ਸ਼ਾਮਲ: ਸ਼੍ਰੇਅਸ ਅਈਅਰ ਹੋਣਗੇ ਟੀ-20 ਦੇ ਨਵੇਂ ਕਪਤਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਆਗਾਮੀ ਟੀ-20 ਸੀਰੀਜ਼ ਅਤੇ ਏਸ਼ੀਅਨ ਗੇਮਜ਼ ਲਈ ਭਾਰਤੀ ਟੀਮ ਦਾ ਐਲਾਨ ਕਰਦਿਆਂ ਇੱਕ ਨਵਾਂ ਇਤਿਹਾਸ ਰਚ ਦਿੱਤਾ ਹੈ। ਮਹਿਜ਼ 15 ਸਾਲ 71 ਦਿਨਾਂ ਦੇ ਹੈਰਾਨੀਜਨਕ ਬੱਲੇਬਾਜ਼ ਵੈਭਵ ਸੂਰਿਆਵੰਸ਼ੀ ਨੂੰ ਪਹਿਲੀ ਵਾਰ ਸੀਨੀਅਰ ਭਾਰਤੀ ਟੀਮ 'ਚ ਜਗ੍ਹਾ ਮਿਲੀ ਹੈ। ਵੈਭਵ ਭਾਰਤ ਵੱਲੋਂ ਕੌਮਾਂਤਰੀ ਕ੍ਰਿਕਟ ਟੀਮ ਵਿਚ ਚੁਣੇ ਜਾਣ ਵਾਲੇ ਹੁਣ ਤੱਕ ਦੇ ਸਭ ਤੋਂ ਘੱਟ ਉਮਰ ਦੇ ਖਿਡਾਰੀ ਬਣ ਗਏ ਹਨ। ਉਨ੍ਹਾਂ ਨੂੰ ਜੂਨ-ਜੁਲਾਈ ਵਿਚ ਆਇਰਲੈਂਡ ਤੇ ਇੰਗਲੈਂਡ ਖ਼ਿਲਾਫ਼ ਟੀ-20 ਸੀਰੀਜ਼ ਅਤੇ ਸਤੰਬਰ ਵਿਚ ਹੋਣ ਵਾਲੀਆਂ ਏਸ਼ੀਅਨ ਗੇਮਜ਼ ਲਈ ਚੁਣਿਆ ਗਿਆ ਹੈ।

ਇਸ ਦੇ ਨਾਲ ਹੀ ਬੋਰਡ ਨੇ ਕਪਤਾਨੀ ਨੂੰ ਲੈ ਕੇ ਵੀ ਬੇਹੱਦ ਹੈਰਾਨੀਜਨਕ ਫ਼ੈਸਲਾ ਲਿਆ ਹੈ। ਟੀ-20 ਵਿਸ਼ਵ ਕੱਪ ਜੇਤੂ ਸਟਾਰ ਬੱਲੇਬਾਜ਼ ਸੂਰਿਆਕੁਮਾਰ ਯਾਦਵ ਤੋਂ ਕਪਤਾਨੀ ਖੋਹ ਲਈ ਗਈ ਹੈ ਅਤੇ ਖ਼ਰਾਬ ਫਾਰਮ ਕਾਰਨ ਉਨ੍ਹਾਂ ਨੂੰ ਟੀਮ ਵਿਚੋਂ ਵੀ ਬਾਹਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਜਗ੍ਹਾ ਸ਼੍ਰੇਅਸ ਅਈਅਰ ਨੂੰ ਟੀ-20 ਫਾਰਮੈਟ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਗਿਆ ਹੈ, ਜਦਕਿ ਨੌਜਵਾਨ ਬੱਲੇਬਾਜ਼ ਤਿਲਕ ਵਰਮਾ ਟੀਮ ਦੇ ਉਪ-ਕਪਤਾਨ ਹੋਣਗੇ।



ਵੈਭਵ (15 ਸਾਲ, 71 ਦਿਨ) ਨੇ ਮਹਿਲਾ ਕ੍ਰਿਕਟਰ ਸ਼ੇਫਾਲੀ ਵਰਮਾ (15 ਸਾਲ, 220 ਦਿਨ) ਅਤੇ ਸਚਿਨ ਤੇਂਦੁਲਕਰ (16 ਸਾਲ, 194 ਦਿਨ) ਦਾ ਸਭ ਤੋਂ ਘੱਟ ਉਮਰ ਵਿਚ ਚੁਣੇ ਜਾਣ ਦਾ ਰਿਕਾਰਡ ਤੋੜ ਦਿੱਤਾ ਹੈ। ਜੇਕਰ ਵੈਭਵ ਨੂੰ ਇਸ ਦੌਰੇ ਜਾਂ ਏਸ਼ੀਅਨ ਗੇਮਜ਼ ਵਿਚ ਇੱਕ ਵੀ ਮੈਚ ਖੇਡਣ ਦਾ ਮੌਕਾ ਮਿਲਦਾ ਹੈ, ਤਾਂ ਉਹ ਸ਼ੇਫਾਲੀ (15 ਸਾਲ 239 ਦਿਨ) ਅਤੇ ਸਚਿਨ (16 ਸਾਲ 205 ਦਿਨ) ਨੂੰ ਪਿੱਛੇ ਛੱਡ ਕੇ ਭਾਰਤ ਲਈ ਖੇਡਣ ਵਾਲੇ ਸਭ ਤੋਂ ਨੌਜਵਾਨ ਖਿਡਾਰੀ ਬਣ ਜਾਣਗੇ। ਢਾਈ ਸਾਲ ਬਾਅਦ ਟੀ-20 ਟੀਮ ਵਿਚ ਪਰਤ ਰਹੇ ਸ਼੍ਰੇਅਸ ਅਈਅਰ ਨੂੰ ਸਿੱਧਾ ਟੀਮ ਦੀ ਕਪਤਾਨੀ ਸੌਂਪੀ ਗਈ ਹੈ।





# ਡੌਂਕੀ ਲਾ ਕੇ ਯੂ.ਕੇ. ਪਹੁੰਚੇ 12 ਅਫਗਾਨੀ ਸਿੱਖ ਟਰੱਕ ਵਿਚੋਂ ਕਾਬੂ!



**ਲੰਡਨ, (ਪੰਜਾਬ ਮੇਲ)-** ਯੂ.ਕੇ. ਤੋਂ ਸਿੱਖ ਪਰਿਵਾਰ ਦੇ 12 ਜੀਆਂ ਦੀ ਗ੍ਰਿਫ਼ਤਾਰੀ ਨਾਲ ਸਬੰਧਤ ਵੀਡੀਓ ਵਾਇਰਲ ਹੋ ਰਹੀ ਹੈ, ਜਿਨ੍ਹਾਂ ਨੂੰ ਇਕ ਟਰੱਕ ਵਿਚੋਂ ਕਾਬੂ ਕੀਤਾ ਗਿਆ ਅਤੇ ਦੱਸਿਆ ਜਾ ਰਿਹਾ ਹੈ ਕਿ ਇਹ ਗੈਰ ਕਾਨੂੰਨੀ ਤਰੀਕੇ ਨਾਲ ਮੁਲਕ ਵਿਚ ਦਾਖ਼ਲ ਹੋਏ। ਪੁਲਿਸ ਨੇ ਜਦੋਂ ਇਸ ਟਰੱਕ ਨੂੰ ਰੋਕ ਕੇ ਤਲਾਸ਼ੀ ਲਈ, ਤਾਂ ਉਸ ਵਿਚੋਂ 12 ਅਫ਼ਗਾਨੀ ਪ੍ਰਵਾਸੀ ਬਰਾਮਦ ਹੋਏ, ਜਿਨ੍ਹਾਂ ਵਿਚ ਅਫ਼ਗਾਨੀ ਸਿੱਖ ਅਤੇ ਇੱਕ ਬੱਚਾ ਵੀ ਸ਼ਾਮਲ ਸੀ। ਇਹ ਸਾਰੇ ਲੋਕ ਬੇਹੱਦ ਖ਼ਤਰਨਾਕ ਹਾਲਾਤ ਵਿਚ ਛੁਪਾਏ ਗਏ ਸਨ।

ਨੈਸ਼ਨਲ ਕ੍ਰਾਈਮ ਏਜੰਸੀ ਦਾ ਅਫ਼ਸਰ ਟਰੱਕ ਦੇ ਪਿਛਲੇ ਹਿੱਸੇ ਵਿਚ ਮੌਜੂਦ ਸਿੱਖਾਂ ਨੂੰ ਸਵਾਲ ਕਰਦਾ ਹੈ ਕਿ ਕੀ ਉਨ੍ਹਾਂ ਨੂੰ ਅੰਗਰੇਜ਼ੀ ਬੋਲਣੀ ਆਉਂਦੀ ਹੈ? ਮਨੁੱਖੀ ਤਸਕਰੀ ਦੇ ਇਸ ਮਾਮਲੇ ਵਿਚ 34 ਸਾਲ ਦੇ ਰੋਹਿਤ ਚਾਵਲਾ, ਉਸ ਦੇ ਪਿਤਾ ਸੁਰਜੀਤ ਚਾਵਲਾ ਅਤੇ 51 ਸਾਲ ਦੇ ਟੈਰੀ ਬਰੂਅਰ ਸਣੇ 6 ਜਣਿਆਂ ਨੂੰ ਹਿਰਾਸਤ ਵਿਚ ਲਿਆ। ਇਸ ਤਰ੍ਹਾਂ ਬ੍ਰਿਟਿਸ਼ ਪੁਲਿਸ ਨੇ ਇੱਕ ਅਜਿਹੇ ਖ਼ਤਰਨਾਕ ਮਨੁੱਖੀ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜੋ ਅਫ਼ਗਾਨੀ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਯੂਨਾਈਟਿਡ ਕਿੰਗਡਮ ਵਿਚ ਦਾਖ਼ਲ ਕਰਵਾ ਰਿਹਾ ਸੀ। ਜਾਂਚ ਅਨੁਸਾਰ ਇਹ ਨੈੱਟਵਰਕ ਪ੍ਰਵਾਸੀਆਂ ਨੂੰ ਬੇਹੱਦ ਖ਼ਤਰਨਾਕ ਹਾਲਾਤ ਵਿਚ ਟਰੱਕਾਂ ਰਾਹੀਂ ਸਰਹੱਦ ਪਾਰ ਕਰਵਾਉਂਦਾ ਸੀ।

ਮੀਡੀਆ ਰਿਪੋਰਟ ਮੁਤਾਬਕ ਅਫ਼ਗਾਨਿਸਤਾਨ ਨਾਲ ਸਬੰਧਤ ਸਿੱਖਾਂ ਨੂੰ ਯੂ.ਕੇ. ਦੇ ਸੁਰੱਖਿਅਤ ਇਲਾਕੇ ਵਿਚ ਪਹੁੰਚਾਉਣ ਲਈ 65 ਹਜ਼ਾਰ ਪੌਂਡ ਵਸੂਲ ਕੀਤੇ ਗਏ। ਸਿੱਖ ਪਰਿਵਾਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਟ੍ਰੈਵਲ ਏਜੰਟਾਂ ਨੇ ਪਹਿਲਾਂ ਉਨ੍ਹਾਂ ਨੂੰ ਫ਼ਰਾਂਸ ਦੇ ਸਮੁੰਦਰੀ ਕੰਢੇ ਨੇੜੇ ਭੇਜਿਆ ਅਤੇ ਫ਼ਿਰ ਟਰੱਕ ਰਾਹੀਂ ਯੂ.ਕੇ. ਵਿਚ ਦਾਖ਼ਲ ਕਰਵਾਉਣ ਦੀ ਯੋਜਨਾ ਦੱਸੀ। ਗੈਰਕਾਨੂੰਨੀ ਪ੍ਰਵਾਸੀਆਂ ਨੂੰ ਯੂ.ਕੇ. ਵਿਚ ਦਾਖਲ ਕਰਵਾਉਣ ਗਿਰੋਹ ਦੇ ਮੈਂਬਰਾਂ ਵਿਚੋਂ ਇਕ ਕੋਲੋਂ ਪੁਲਿਸ ਨੇ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਵੀ ਬਰਾਮਦ ਕੀਤੇ। ਨੈਸ਼ਨਲ ਕ੍ਰਾਈਮ ਏਜੰਸੀ ਦੇ ਰੀਜਨਲ ਹੈੱਡ ਜੈਕ ਬੀਅਰ ਨੇ ਦੱਸਿਆ ਕਿ ਮਨੁੱਖੀ ਤਸਕਰਾਂ ਦੇ ਗਿਰੋਹ ਵੱਲੋਂ ਰੈਫ਼ਰੀਜਰੇਸ਼ਨ ਵਾਲੇ ਟਰੱਕ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੁਕਾਉਣ ਲਈ ਖਾਸ ਕੈਬਿਨ ਤਿਆਰ ਕਰਵਾਏ ਪਰ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ ਸੀ ਮਿਲਦੀ।

# ਯੂਰਪ ਵੱਲੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖਿਲਾਫ਼ ਸਖਤ ਰੁਖ

**ਬਰੱਸਲਜ਼, (ਪੰਜਾਬ ਮੇਲ)-** ਯੂਰਪੀ ਸੰਘ (ਈ.ਯੂ.) ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਅਸਾਇਲਮ ਪ੍ਰਣਾਲੀ ਵਿਚ ਵਧ ਰਹੇ ਦਬਾਅ ਨੂੰ ਦੇਖਦਿਆਂ ਨਵੇਂ ਅਤੇ ਹੋਰ ਸਖ਼ਤ ਨਿਯਮਾਂ ਨੂੰ ਮਨਜ਼ੂਰੀ ਦਿੱਤੀ ਹੈ। 27 ਮੈਂਬਰ ਦੇਸ਼ਾਂ ਵਾਲੇ ਯੂਰਪੀ ਬਲਾਕ ਦੇ ਇਹ ਨਵੇਂ ਨਿਯਮ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਪਛਾਣ, ਜਾਂਚ ਅਤੇ ਲੋੜ ਪੈਣ 'ਤੇ ਉਨ੍ਹਾਂ ਦੀ ਤੇਜ਼ੀ ਨਾਲ ਵਾਪਸੀ ਜਾਂ ਡਿਪੋਰਟੇਸ਼ਨ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ।

ਨਵੇਂ ਨਿਯਮਾਂ ਅਨੁਸਾਰ, ਅਸਾਇਲਮ ਮੰਗਣ ਵਾਲੇ ਲੋਕਾਂ ਦੀ ਪਛਾਣ, ਸੁਰੱਖਿਆ ਪਿਛੋਕੜ ਅਤੇ ਸਿਹਤ ਜਾਂਚ ਸਰਹੱਦ 'ਤੇ ਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਯੂਰਪੀ ਸੰਘ ਵਿਚ ਦਾਖਲ ਹੋਣ ਅਤੇ ਬਾਹਰ ਜਾਣ ਵਾਲੇ ਗੈਰ-ਯੂਰਪੀ ਨਾਗਰਿਕਾਂ ਦਾ ਡਾਟਾ ਰਿਕਾਰਡ ਕੀਤਾ ਜਾਵੇਗਾ ਅਤੇ ਫਿੰਗਰਪ੍ਰਿੰਟ ਤੇ ਚਿਹਰਾ ਪਛਾਣ ਤਕਨਾਲੋਜੀ ਵਰਗੀ ਬਾਇਓਮੈਟ੍ਰਿਕ ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇਗੀ।

ਕੁਝ ਪ੍ਰਸਤਾਵਾਂ ਵਿਚ ਇਹ ਵੀ ਸ਼ਾਮਲ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਅਸਾਇਲਮ ਅਰਜ਼ੀਆਂ ਰੱਦ ਹੋ ਜਾਣ, ਉਨ੍ਹਾਂ ਨੂੰ ਯੂਰਪ ਤੋਂ ਬਾਹਰ ਸਥਾਪਿਤ "ਰਿਟਰਨ ਸੈਂਟਰਾਂ" ਜਾਂ ਡਿਪੋਰਟੇਸ਼ਨ ਕੇਂਦਰਾਂ ਵਿਚ ਭੇਜਿਆ ਜਾ ਸਕੇ।

ਇਸ ਮਾਮਲੇ 'ਤੇ ਟਿੱਪਣੀ ਕਰਦੇ ਹੋਏ ਡੋਨਾਲਡ ਟਰੰਪ ਨੇ ਪਿਛਲੇ ਸਾਲ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਯੂਰਪੀ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਉਨ੍ਹਾਂ ਦੇ ਸਮਾਜਿਕ ਅਤੇ ਸੁਰੱਖਿਆ ਢਾਂਚੇ 'ਤੇ ਦਬਾਅ ਪਾ ਰਹੀ ਹੈ।

ਦੂਜੇ ਪਾਸੇ, ਇਮੀਗ੍ਰੇਸ਼ਨ ਨਿਯੰਤਰਣ ਦੇ ਸਮਰਥਕ ਕਹਿੰਦੇ ਹਨ ਕਿ ਯੂਰਪ ਦੀਆਂ ਸਰਹੱਦਾਂ ਉੱਤੇ ਦਬਾਅ ਬਹੁਤ ਵੱਧ ਗਿਆ ਹੈ ਅਤੇ ਕਈ ਦੇਸ਼ਾਂ ਨੂੰ ਆਪਣੀ ਅਸਾਇਲਮ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਲਈ ਸਖ਼ਤ ਕਦਮ ਚੁੱਕਣੇ ਪੈ ਰਹੇ ਹਨ।

**■ ਨਵੇਂ ਬਾਰਡਰ ਨਿਯਮਾਂ ਨਾਲ ਹੋਵੇਗੀ ਬਾਇਓਮੈਟ੍ਰਿਕ ਸਕ੍ਰੀਨਿੰਗ ਅਤੇ ਤੇਜ਼ ਡਿਪੋਰਟੇਸ਼ਨ**

ਹਾਲਾਂਕਿ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਕਈ ਖੱਬੇ ਪੱਖੀ ਸਿਆਸੀ ਆਗੂਆਂ ਨੇ ਇਨ੍ਹਾਂ ਨਿਯਮਾਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਦਮ ਸ਼ਰਨ ਮੰਗਣ ਵਾਲਿਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਸਕਦੇ ਹਨ ਅਤੇ ਯੂਰਪ ਦੀ ਮਨੁੱਖੀ ਅਧਿਕਾਰ ਨੀਤੀ ਲਈ ਇੱਕ ਵੱਡਾ ਪਿੱਛੇ ਹਟਣ ਵਾਲਾ ਕਦਮ ਹੈ। ਇਸ ਦੌਰਾਨ ਸਪੇਨ ਨੇ ਕੁਝ ਵੱਖਰਾ ਰਾਹ ਅਪਣਾਇਆ ਹੈ। ਰਿਪੋਰਟਾਂ ਮੁਤਾਬਕ ਸਪੇਨ ਨੇ ਲੱਖਾਂ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ ਦੇਣ ਦੀ ਪ੍ਰਕਿਰਿਆ ਅੱਗੇ ਵਧਾਈ ਹੈ, ਜਿਸ ਨਾਲ ਯੂਰਪੀ ਸੰਘ ਦੇ ਅੰਦਰ ਵੀ ਇਮੀਗ੍ਰੇਸ਼ਨ ਨੀਤੀਆਂ ਬਾਰੇ ਵੱਖ-ਵੱਖ ਰੁਖ ਸਾਹਮਣੇ ਆ ਰਹੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਮਹੀਨਿਆਂ 'ਚ ਇਹ ਨਵੇਂ ਨਿਯਮ ਯੂਰਪ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵੱਡੇ ਬਦਲਾਅ ਲਿਆ ਸਕਦੇ ਹਨ। ਨਾਲ ਹੀ, ਇਹ ਵੀ ਦੇਖਣਾ ਹੋਵੇਗਾ ਕਿ ਕੀ ਇਹ ਨੀਤੀਆਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਘਟਾਉਣ ਵਿਚ ਸਫਲ ਰਹਿੰਦੀਆਂ ਹਨ ਜਾਂ ਮਨੁੱਖੀ ਅਧਿਕਾਰਾਂ ਅਤੇ ਸੁਰੱਖਿਆ ਵਿਚਕਾਰ ਸੰਤੁਲਨ ਬਣਾਈ ਰੱਖਣ ਬਾਰੇ ਨਵੀਆਂ ਚਰਚਾਵਾਂ ਨੂੰ ਜਨਮ ਦਿੰਦੀਆਂ ਹਨ।

# ਪ੍ਰਮਾਣੂ ਹਥਿਆਰਾਂ ਤੋਂ ਕਦੇ ਵੀ ਮੁਕਤ ਨਹੀਂ ਹੋਵੇਗਾ ਉੱਤਰੀ ਕੋਰੀਆ!

**■ ਉੱਤਰ ਕੋਰੀਆ ਦੀ ਅਮਰੀਕਾ ਨੂੰ ਸਿੱਧੀ ਚਿਤਾਵਨੀ**



**ਬੀਜਿੰਗ, (ਪੰਜਾਬ ਮੇਲ)-** ਉੱਤਰ ਕੋਰੀਆ ਦੀ ਆਗੂ ਅਤੇ ਤਾਨਾਸ਼ਾਹ ਕਿਮ ਜੋਂਗ ਉਨ ਦੀ ਭੈਣ ਕਿਮ ਯੋ ਜੋਂਗ ਨੇ ਅਮਰੀਕਾ ਨੂੰ ਸਿੱਧੀ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਪ੍ਰਮਾਣੂ ਹਥਿਆਰਾਂ ਤੋਂ ਕਦੇ ਵੀ ਮੁਕਤ ਨਹੀਂ ਹੋਵੇਗਾ। ਜਾਰੀ ਕੀਤੇ ਬਿਆਨ ਵਿਚ ਕਿਮ ਜੋਂਗ ਉਨ ਦੀ ਭੈਣ ਨੇ ਅਮਰੀਕਾ ਦੇ ਪ੍ਰਮਾਣੂ ਨਿਰਸਤਰੀਕਰਨ ਦੇ ਯਤਨਾਂ ਨੂੰ 'ਬੀਤੇ ਜ਼ਮਾਨੇ ਦਾ ਅਵਿਵਹਾਰਕ ਸਪਨਾ' ਕਰਾਰ ਦਿੱਤਾ। ਕਿਮ ਯੋ ਜੋਂਗ ਨੇ ਸਾਫ਼ ਕਿਹਾ ਕਿ ਅਮਰੀਕੀ ਖ਼ਤਰਿਆਂ ਦੇ ਬਾਵਜੂਦ ਉੱਤਰ ਕੋਰੀਆ ਆਪਣੇ ਪ੍ਰਮਾਣੂ ਹਥਿਆਰਾਂ ਦਾ ਭੰਡਾਰ ਲਗਾਤਾਰ ਵਧਾਉਂਦਾ ਰਹੇਗਾ।

ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਦਾ ਕੋਈ ਵੀ ਦਾਅਵਾ ਉੱਤਰ ਕੋਰੀਆ ਨੂੰ ਪ੍ਰਮਾਣੂ ਸ਼ਕਤੀ ਸੰਪੰਨ ਦੇਸ਼ ਵਜੋਂ ਮਿਲੇ ਰੁਤਬੇ ਨੂੰ ਚੁਣੌਤੀ ਨਹੀਂ ਦੇ ਸਕਦਾ ਅਤੇ ਨਾ ਹੀ ਉਸ ਦਾ ਕੋਈ ਕਾਨੂੰਨੀ ਮਹੱਤਵ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਉੱਤਰ ਕੋਰੀਆ ਦੀ ਯਾਤਰਾ 'ਤੇ ਪਹੁੰਚ ਰਹੇ ਹਨ। ਇਹ ਉਨ੍ਹਾਂ ਦੀ ਪਿਛਲੇ 7 ਸਾਲਾਂ ਵਿਚ ਪਹਿਲੀ ਉੱਤਰ ਕੋਰੀਆ ਯਾਤਰਾ ਹੋਵੇਗੀ, ਜਿਥੇ ਉਹ ਕਿਮ ਜੋਂਗ ਉਨ ਨਾਲ ਮੁਲਾਕਾਤ ਕਰਨਗੇ।

ਕਿਮ ਯੋ ਜੋਂਗ ਨੇ ਪਿਛਲੇ ਮਹੀਨੇ ਬੀਜਿੰਗ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਈ ਸਿਖਰ ਵਾਰਤਾ ਤੋਂ ਬਾਅਦ ਅਮਰੀਕਾ ਦੇ ਦਾਅਵਿਆਂ ਨੂੰ 'ਝੂਠੀ ਜਾਣਕਾਰੀ' ਦੱਸਿਆ। ਵ੍ਹਾਈਟ ਹਾਊਸ ਨੇ ਦਾਅਵਾ ਕੀਤਾ ਸੀ ਕਿ ਦੋਵਾਂ ਆਗੂਆਂ ਨੇ ਉੱਤਰ ਕੋਰੀਆ ਦੇ ਪ੍ਰਮਾਣੂ ਨਿਰਸਤਰੀਕਰਨ ਦੇ ਸਾਂਝੇ ਟੀਚੇ ਦੀ ਪੁਸ਼ਟੀ ਕੀਤੀ ਹੈ। ਕਿਮ ਯੋ ਜੋਂਗ ਨੇ ਕਿਹਾ ਕਿ ਕੁਝ ਅਮਰੀਕੀ ਅਧਿਕਾਰੀ ਹਾਲੇ ਵੀ ਹਕੀਕਤ ਤੋਂ ਦੂਰ ਹਨ ਅਤੇ ਪੁਰਾਣੇ ਸੁਪਨਿਆਂ ਵਿਚੋਂ ਬਾਹਰ ਨਹੀਂ ਨਿਕਲ ਸਕੇ ਹਨ।

2019 ਵਿਚ ਕਿਮ ਜੋਂਗ ਉਨ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਹੋਈ ਗੱਲਬਾਤ ਅਸਫਲ ਹੋ ਜਾਣ ਤੋਂ ਬਾਅਦ ਉੱਤਰ ਕੋਰੀਆ ਨੇ ਆਪਣੇ ਪ੍ਰਮਾਣੂ ਅਤੇ ਮਿਜ਼ਾਈਲ ਪ੍ਰੋਗਰਾਮ ਦਾ ਤੇਜ਼ੀ ਨਾਲ ਵਿਸਥਾਰ ਕੀਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕਿਮ ਜੋਂਗ ਉਨ ਅੰਤਰਰਾਸ਼ਟਰੀ ਭਾਈਚਾਰੇ ਤੋਂ ਉੱਤਰ ਕੋਰੀਆ ਨੂੰ ਪ੍ਰਮਾਣੂ ਸ਼ਕਤੀ ਵਜੋਂ ਰਸਮੀ ਮਾਨਤਾ ਦਿਵਾਉਣਾ ਚਾਹੁੰਦੇ ਹਨ, ਤਾਂ ਜੋ ਦੇਸ਼ 'ਤੇ ਲੱਗੀਆਂ ਆਰਥਿਕ


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


# ਏਅਰ ਕੈਨੇਡਾ ਦਾ ਪਾਇਲਟ ਬਿਨਾ ਲਾਇਸੈਂਸ 27 ਸਾਲ ਜਹਾਜ਼ ਉਡਾਉਣ ਤੋਂ ਬਾਅਦ ਹੋਇਆ ਸੇਵਾਮੁਕਤ

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਅਜਿਹੇ ਪਾਇਲਟ ਨੂੰ ਬੇਨਕਾਬ ਕੀਤਾ ਹੈ, ਜੋ ਬਿਨਾ ਲਾਇਸੈਂਸ ਦੇ ਏਅਰ ਕੈਨੇਡਾ ਵਿਚ 27 ਸਾਲ ਪਾਇਲਟ ਵਜੋਂ ਸੇਵਾਵਾਂ ਨਿਭਾਅ ਕੇ ਸੇਵਾਮੁਕਤ ਹੋ ਗਿਆ। ਪੁਲਿਸ ਨੇ ਉਸ ਖਿਲਾਫ ਕੇਸ ਦਰਜ ਕੀਤਾ ਹੈ।

2025 ਵਿਚ ਏਅਰ ਕੈਨੇਡਾ ਤੋਂ ਸੇਵਾਮੁਕਤ ਹੋਇਆ 59 ਸਾਲਾ ਜੈਫਰੀ ਵਾਲ ਜਾਅਲੀ ਲਾਇਸੈਂਸ 'ਤੇ ਪਾਇਲਟ ਭਰਤੀ ਹੋ ਕੇ ਜਹਾਜ਼ ਉਡਾਉਂਦਾ ਰਿਹਾ। ਇਸ ਦੌਰਾਨ ਉਸ ਨੇ ਛੋਟੇ ਤੇ ਵੱਡੇ ਜਹਾਜ਼ਾਂ 'ਤੇ 900 ਤੋਂ ਵੱਧ ਘਰੇਲੂ ਤੇ ਕੌਮਾਂਤਰੀ ਉਡਾਣਾਂ ਭਰੀਆਂ। ਪੁਲਿਸ ਅਨੁਸਾਰ ਉਸ ਕੋਲ ਕਮਰਸ਼ੀਅਲ ਪਾਇਲਟ ਲਾਇਸੈਂਸ 'ਏ' ਤਾਂ ਸੀ, ਪਰ ਉਸ ਨੇ ਕਦੀ ਵੀ ਏਅਰ ਲਾਈਨ ਪਾਇਲਟ ਲਾਇਸੈਂਸ ਹਾਸਲ ਨਹੀਂ ਕੀਤਾ, ਜੋ ਕਿ ਬੋਇੰਗ 777 ਵਰਗੇ ਵੱਡੇ ਜਹਾਜ਼ ਉਡਾਉਣ ਲਈ ਜ਼ਰੂਰੀ ਹੁੰਦਾ ਹੈ। ਜੈਫਰੀ ਵਾਲ ਵੱਖ-ਵੱਖ ਸਮਿਆਂ 'ਤੇ ਏਅਰ ਕੈਨੇਡਾ ਪਾਇਲਟ ਐਸੋਸੀਏਸ਼ਨ ਦੇ ਅਹਿਮ ਅਹੁਦੇ ਵੀ ਸੰਭਾਲਦਾ ਰਿਹਾ, ਪਰ ਕਿਸੇ ਨੇ ਉਸ ਕੋਲ ਏ.ਟੀ.ਪੀ.ਐੱਲ.ਏ. ਲਾਇਸੈਂਸ ਹੋਣ ਦਾ ਪਤਾ ਲਾਉਣ ਦੀ ਲੋੜ ਨਹੀਂ ਸਮਝੀ।

ਪੁਲਿਸ ਨੂੰ ਉਸ ਦੀ ਚਲਾਕੀ ਦਾ ਪਤਾ ਉਸ ਦੇ ਸੇਵਾਮੁਕਤ ਹੋਣ ਤੋਂ ਬਾਅਦ ਲੱਗਾ, ਤਾਂ ਇਸ ਸਾਲ ਪਹਿਲੀ ਜਨਵਰੀ ਤੋਂ ਪੜਤਾਲ ਹੋਣ ਲੱਗੀ। ਇਸ ਦੌਰਾਨ ਉਸ ਦੇ ਘਰ ਦੀ ਤਲਾਸ਼ੀ ਲਈ ਗਈ, ਤਾਂ ਉੱਥੋਂ ਮਿਲੇ ਦਸਤਾਵੇਜ਼ਾਂ ਨੇ ਸਾਰੇ ਭੇਤ ਖੋਲ੍ਹ ਦਿੱਤੇ। ਏਅਰ ਕੈਨੇਡਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਸੀ ਕਿ ਉਸ ਵੱਲੋਂ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ ਹਰੇਕ 6 ਮਹੀਨੇ ਬਾਅਦ ਸਾਰੇ ਪਾਇਲਟਾਂ ਨੂੰ ਤਕਨੀਕੀ ਤੌਰ 'ਤੇ ਅਪਡੇਟ ਕੀਤਾ ਜਾਂਦਾ ਹੈ ਅਤੇ ਸਾਲ ਬਾਅਦ ਹਰੇਕ ਪਾਇਲਟ ਦੀ ਤਕਨੀਕੀ ਕਾਬਲੀਅਤ ਦਾ ਮੁਲਾਂਕਣ ਕਰਨ ਤੋਂ ਬਾਅਦ ਹੀ ਉਸ ਨੂੰ ਅੱਗੇ ਤੋਂ ਜਹਾਜ਼ ਉਡਾਉਣ ਲਈ ਭੇਜਿਆ ਜਾਂਦਾ ਹੈ।


ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com


ਸਫਾ 1 ਦਾ ਬਾਕੀ

## ਸੈਨੇਟ ਵੱਲੋਂ ICE ਅਤੇ ਬਾਰਡਰ ਪੈਟਰੋਲ ਲਈ 70 ਬਿਲੀਅਨ...

ਅਪ੍ਰੈਲ 2026 ਵਿਚ ਸੈਨੇਟ ਰਿਪਬਲਿਕਨਾਂ ਨੇ ਇੱਕ ਵਿਸ਼ੇਸ਼ ਬਜਟ ਯੋਜਨਾ ਪੇਸ਼ ਕੀਤੀ, ਜਿਸ ਰਾਹੀਂ 935 ਅਤੇ ਬਾਰਡਰ ਪੈਟਰੋਲ ਲਈ ਵੱਖਰੀ ਫੰਡਿੰਗ ਨੂੰ ਅੱਗੇ ਵਧਾਇਆ ਗਿਆ। ਇਹ ਕਦਮ ਉਸ ਸਮੇਂ ਚੁੱਕਿਆ ਗਿਆ, ਜਦੋਂ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਫੰਡਿੰਗ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਵਾਸ਼ਿੰਗਟਨ ਵਿਚ ਤਿੱਖਾ ਰਾਜਨੀਤਿਕ ਟਕਰਾਅ ਚੱਲ ਰਿਹਾ ਸੀ।


ਹੁਣ ਪਾਸ ਹੋਏ ਬਿੱਲ ਅਧੀਨ ਲਗਭਗ 38 ਬਿਲੀਅਨ ਡਾਲਰ 935 ਨੂੰ ਅਤੇ ਕਰੀਬ 26 ਬਿਲੀਅਨ ਡਾਲਰ ਬਾਰਡਰ ਪੈਟਰੋਲ ਅਤੇ ਸਰਹੱਦੀ ਸੁਰੱਖਿਆ ਲਈ ਦਿੱਤੇ ਜਾਣ ਦੀ ਉਮੀਦ ਹੈ। ਇਸ ਰਕਮ ਨਾਲ ਹਜ਼ਾਰਾਂ ਨਵੇਂ ਏਜੰਟ ਭਰਤੀ ਕੀਤੇ ਜਾ ਸਕਦੇ ਹਨ, ਡਿਟੈਨਸ਼ਨ ਬੈੱਡਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਤੇਜ਼ ਕੀਤਾ ਜਾ ਸਕਦਾ ਹੈ। ਰਿਪਬਲਿਕਨ ਆਗੂਆਂ ਦਾ ਕਹਿਣਾ ਹੈ ਕਿ ਇਹ ਫੰਡਿੰਗ ਅਮਰੀਕਾ ਦੀ ਦੱਖਣੀ ਸਰਹੱਦ ਨੂੰ ਸੁਰੱਖਿਅਤ ਬਣਾਉਣ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਜ਼ਰੂਰੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਵਧੇਰੇ ਸਰੋਤਾਂ ਨਾਲ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ।

ਦੂਜੇ ਪਾਸੇ ਡੈਮੋਕ੍ਰੈਟਸ ਅਤੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਬਿੱਲ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫੰਡਿੰਗ 935 ਨੂੰ ਅਸਾਧਾਰਨ ਤੌਰ 'ਤੇ ਵੱਡੇ ਅਧਿਕਾਰ ਅਤੇ ਸਰੋਤ ਦੇਵੇਗੀ, ਜਿਸ ਨਾਲ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਅਤੇ ਡਿਪੋਰਟੇਸ਼ਨਾਂ ਵਿਚ ਵੱਡਾ ਵਾਧਾ ਹੋ ਸਕਦਾ ਹੈ। ਵਿਰੋਧੀਆਂ ਦਾ ਇਹ ਵੀ ਕਹਿਣਾ ਹੈ ਕਿ ਬਿੱਲ ਵਿਚ ਇਮੀਗ੍ਰੇਸ਼ਨ ਪ੍ਰਣਾਲੀ ਦੇ ਸੁਧਾਰਾਂ ਜਾਂ ਕਾਨੂੰਨੀ ਰਸਤੇ ਵਧਾਉਣ ਲਈ ਕੋਈ ਵੱਡੀ ਵਿਵਸਥਾ ਨਹੀਂ ਕੀਤੀ ਗਈ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਫੰਡਿੰਗ ਪੂਰੀ ਤਰ੍ਹਾਂ ਲਾਗੂ ਹੋ ਜਾਂਦੀ ਹੈ, ਤਾਂ ਅਗਲੇ ਕੁਝ ਸਾਲਾਂ ਵਿਚ 935 ਰੇਡਾਂ, ਡਿਟੈਨਸ਼ਨ ਕਾਰਵਾਈਆਂ, ਅਦਾਲਤੀ ਕੇਸਾਂ ਅਤੇ ਡਿਪੋਰਟੇਸ਼ਨ ਆਰਡਰਾਂ ਵਿਚ ਕਾਫ਼ੀ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਇਸਦਾ ਅਸਰ ਖ਼ਾਸ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜਿਨ੍ਹਾਂ ਦੇ

# ਦੁਬਈ ਸੜਕ ਹਾਦਸੇ 'ਚ 7 ਭਾਰਤੀਆਂ ਦੀ ਮੌਤ; 9 ਜ਼ਖ਼ਮੀ

**ਦੁਬਈ, (ਪੰਜਾਬ ਮੇਲ)-** ਦੁਬਈ ਵਿਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿਚ 7 ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ, ਜਦਕਿ 9 ਹੋਰ ਜ਼ਖ਼ਮੀ ਹੋ ਗਏ। ਇਸ ਦੁਖਦਾਈ ਘਟਨਾ ਦੀ ਜਾਣਕਾਰੀ ਦੁਬਈ ਸਥਿਤ ਭਾਰਤੀ ਕੌਂਸਲੇਟ ਜਨਰਲ ਨੇ ਦਿੱਤੀ ਹੈ।



ਕੌਂਸਲੇਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਰੀ ਬਿਆਨ ਵਿਚ ਕਿਹਾ ਕਿ ਦੁਬਈ ਵਿਚ ਵਾਪਰੇ ਇਸ ਹਾਦਸੇ ਵਿਚ ਕਈ ਭਾਰਤੀ ਨਾਗਰਿਕਾਂ ਦੀ ਮੌਤ ਹੋਣ 'ਤੇ ਗਹਿਰਾ ਦੁੱਖ ਹੈ। ਕੌਂਸਲੇਟ ਅਧਿਕਾਰੀਆਂ ਨੇ ਹਸਪਤਾਲ ਪਹੁੰਚ ਕੇ ਜ਼ਖ਼ਮੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਸਥਾਨਕ ਅਧਿਕਾਰੀਆਂ ਨਾਲ ਸੰਪਰਕ ਬਣਾਇਆ ਹੋਇਆ ਹੈ। ਕੌਂਸਲੇਟ ਨੇ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਮੁਸ਼ਕਲ ਘੜੀ ਵਿਚ ਉਨ੍ਹਾਂ ਦੀਆਂ ਅਰਦਾਸਾਂ ਅਤੇ ਹਮਦਰਦੀ ਪਰਿਵਾਰਾਂ ਨਾਲ ਹਨ।

ਦੁਬਈ ਪੁਲਿਸ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਇੱਕ ਮਿਨੀ ਬੱਸ ਸੜਕ ਦੇ ਵਿਚਕਾਰ ਤਕਨੀਕੀ ਖ਼ਰਾਬੀ ਕਾਰਨ ਖੜ੍ਹੇ ਹੋਏ ਟਰੱਕ ਨਾਲ ਪਿੱਛੋਂ ਜਾ ਟਕਰਾਈ। ਮੁੱਢਲੀ ਜਾਂਚ ਮੁਤਾਬਕ ਟਰੱਕ ਅਚਾਨਕ ਖ਼ਰਾਬ ਹੋਣ ਕਾਰਨ ਸੜਕ ਦੇ ਵਿਚਕਾਰ ਰੁਕ ਗਿਆ ਸੀ।

ਟਰੈਫਿਕ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਜੁਮਾ ਸਾਲਿਮ ਬਿਨ ਸੁਵੈਦਾਨ ਨੇ ਦੱਸਿਆ ਕਿ ਮਿਨੀ ਬੱਸ ਚਾਲਕ ਵੱਲੋਂ ਲੋੜੀਂਦੀ ਸਾਵਧਾਨੀ ਨਾ ਵਰਤਣ ਅਤੇ ਸੁਰੱਖਿਅਤ ਦੂਰੀ ਨਾ ਬਣਾਈ ਰੱਖਣ ਕਾਰਨ ਇਹ ਟੱਕਰ ਹੋਈ।

ਹਾਦਸੇ ਵਿਚ 7 ਲੋਕਾਂ ਦੀ ਮੌਤ ਹੋ ਗਈ, ਜਦਕਿ 9 ਹੋਰ ਜ਼ਖ਼ਮੀ ਹੋਏ। ਜ਼ਖ਼ਮੀਆਂ ਵਿਚੋਂ 5 ਦੀ ਹਾਲਤ ਗੰਭੀਰ ਅਤੇ 4 ਦੀ ਹਾਲਤ ਦਰਮਿਆਨੀ ਦੱਸੀ ਗਈ ਹੈ। ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਟਰੈਫਿਕ ਹਾਦਸਾ ਜਾਂਚ ਟੀਮ ਦੇ ਮਾਹਿਰਾਂ ਨੂੰ ਮੌਕੇ 'ਤੇ ਭੇਜਿਆ ਗਿਆ, ਜਿਨ੍ਹਾਂ ਨੇ ਸਬੂਤ ਇਕੱਠੇ ਕਰਕੇ ਹਾਦਸੇ ਦੇ ਸਹੀ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਤੋਂ ਬਾਅਦ ਟਰੈਫਿਕ ਪੁਲਿਸ ਨੇ ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ, ਰਾਹਤ ਅਤੇ ਬਚਾਅ ਵਾਹਨਾਂ ਲਈ ਰਸਤਾ ਖੁੱਲ੍ਹਾ ਰੱਖਣ ਅਤੇ ਨੁਕਸਾਨੇ ਗਏ ਵਾਹਨਾਂ ਨੂੰ ਹਟਾਉਣ ਦੀ ਕਾਰਵਾਈ ਕੀਤੀ।

ਦੁਬਈ ਪੁਲਿਸ ਨੇ ਇਸ ਘਟਨਾ ਤੋਂ ਬਾਅਦ ਡਰਾਈਵਰਾਂ ਨੂੰ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਵਾਹਨ ਵਿਚ ਤਕਨੀਕੀ ਖ਼ਰਾਬੀ, ਈਂਧਨ ਖ਼ਤਮ ਹੋਣ ਜਾਂ ਟਾਇਰ ਪੰਕਚਰ ਹੋਣ ਦੀ ਸਥਿਤੀ ਵਿਚ ਸੜਕ ਦੇ ਵਿਚਕਾਰ ਵਾਹਨ ਖੜ੍ਹਾ ਕਰਨਾ ਬਹੁਤ ਖ਼ਤਰਨਾਕ ਹੋ ਸਕਦਾ ਹੈ। ਪੁਲਿਸ ਨੇ ਸਾਰੇ ਵਾਹਨ ਚਾਲਕਾਂ ਨੂੰ ਯਾਤਰਾ ਤੋਂ ਪਹਿਲਾਂ ਆਪਣੇ ਵਾਹਨਾਂ ਦੀ ਪੂਰੀ ਜਾਂਚ ਕਰਨ ਦੀ ਅਪੀਲ ਕੀਤੀ ਹੈ।

## ਅਮਰੀਕੀ ਰੱਖਿਆ ਵਿਭਾਗ ਦਾ ਨਾਮ 'ਡਿਪਾਰਟਮੈਂਟ ਆਫ ਵਾਰ' ਕਰਨ ਦਾ ਪ੍ਰਸਤਾਵ ਅੱਗੇ ਵਧਿਆ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਕਾਂਗਰਸ ਦੀ ਹਾਊਸ ਆਰਮਡ ਸਰਵਿਸਿਜ਼ ਕਮੇਟੀ ਨੇ ਇੱਕ ਵਿਵਾਦਿਤ ਸੋਧ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਤਹਿਤ ਮੌਜੂਦਾ ਡਿਪਾਰਟਮੈਂਟ ਆਫ ਡਿਫੈਂਸ (ਡੀ.ਓ.ਡੀ) ਦਾ ਨਾਮ ਬਦਲ ਕੇ "ਡਿਪਾਰਟਮੈਂਟ ਆਫ ਵਾਰ" ਰੱਖਣ ਦਾ ਰਾਹ ਖੁੱਲ੍ਹ ਸਕਦਾ ਹੈ।

ਇਹ ਸੋਧ ਟੈਕਸਾਸ ਦੇ ਰਿਪਬਲਿਕਨ ਕਾਂਗਰਸਮੈਨ ਰੌਨੀ ਜੈਕਸਨ ਵੱਲੋਂ ਪੇਸ਼ ਕੀਤੀ ਗਈ ਸੀ ਅਤੇ ਕਮੇਟੀ ਵਿਚ ਪਾਰਟੀ ਲਾਈਨਾਂ ਅਨੁਸਾਰ ਪਾਸ ਹੋ ਗਈ। ਰਿਪਬਲਿਕਨ ਮੈਂਬਰਾਂ ਨੇ ਇਸ ਕਦਮ ਨੂੰ ਅਮਰੀਕੀ ਫੌਜ ਦੇ ਮੂਲ ਉਦੇਸ਼ ਨੂੰ ਸਪੱਸ਼ਟ ਕਰਨ ਵਾਲਾ ਕਦਮ ਦੱਸਿਆ, ਜਦਕਿ ਡੈਮੋਕ੍ਰੈਟ ਮੈਂਬਰਾਂ ਨੇ ਇਸਦੀ ਤਿੱਖੀ ਆਲੋਚਨਾ ਕੀਤੀ।

ਕਮੇਟੀ ਦੇ ਸੀਨੀਅਰ ਡੈਮੋਕ੍ਰੈਟ ਮੈਂਬਰ ਐਡਮ ਸਮਿਥ ਨੇ ਇਸ ਪ੍ਰਸਤਾਵ ਨੂੰ "ਇਸ ਪ੍ਰਸ਼ਾਸਨ ਦੇ ਸਭ ਤੋਂ ਬੇਤੁਕੇ ਕਦਮਾਂ ਵਿਚੋਂ ਇੱਕ" ਕਰਾਰ ਦਿੱਤਾ। ਰਿਪੋਰਟਾਂ ਅਨੁਸਾਰ, ਡੋਨਾਲਡ ਟਰੰਪ ਨੇ ਪਿਛਲੇ ਸਾਲ ਇੱਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ, ਜਿਸ ਵਿਚ ਵਿਭਾਗ ਦਾ ਨਾਮ ਬਦਲਣ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਨੂੰ "ਸੈਕਰੇਟਰੀ ਆਫ ਵਾਰ" ਦਾ ਅਹੁਦਾ ਦੇਣ ਦੀ ਹਦਾਇਤ ਦਿੱਤੀ ਗਈ ਸੀ। ਹਾਲਾਂਕਿ ਇਹ ਤਬਦੀਲੀ ਅਜੇ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਹੋਈ ਅਤੇ ਇਸ ਲਈ ਕਾਂਗਰਸ ਦੀ ਮਨਜ਼ੂਰੀ ਲੋੜੀਂਦੀ ਹੈ। ਇਸ ਤਬਦੀਲੀ ਦੀ ਲਾਗਤ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪੈਂਟਾਗਨ ਦੇ ਅਨੁਸਾਰ ਨਾਮ ਬਦਲਣ ਅਤੇ ਸਾਰੇ ਦਸਤਾਵੇਜ਼, ਲੋਗੋ, ਸਾਈਨਬੋਰਡ ਅਤੇ ਪ੍ਰਣਾਲੀਆਂ ਨੂੰ ਅਪਡੇਟ ਕਰਨ ਲਈ ਲਗਭਗ 52 ਮਿਲੀਅਨ ਡਾਲਰ ਖਰਚ ਹੋ ਸਕਦੇ ਹਨ। ਜਦਕਿ ਕਾਂਗਰੇਸ਼ਨਲ ਬਜਟ ਆਫਿਸ ਦਾ ਅੰਦਾਜ਼ਾ ਹੈ ਕਿ ਕੁੱਲ ਲਾਗਤ 125 ਮਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ।

# ਅਮਰੀਕਾ 'ਚ ਮੈਡੀਕੇਡ ਸਿਹਤ ਬੀਮਾ ਪ੍ਰੋਗਰਾਮ ਨਾਲ ਜੁੜੇ ਲੱਖਾਂ ਘੱਟ ਆਮਦਨ ਵਾਲੇ ਲੋਕਾਂ ਲਈ ਵੱਡਾ ਬਦਲਾਅ

- **ਸਿਹਤ ਕਵਰੇਜ ਜਾਰੀ ਰੱਖਣ ਲਈ ਦੇਣਾ ਪਵੇਗਾ ਸਬੂਤ!**
- **ਲੱਖਾਂ ਬਿਮਾਰ ਅਮਰੀਕੀਆਂ ਦੀ ਸਿਹਤ ਕਵਰੇਜ ਖਤਰੇ 'ਚ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਮੈਡੀਕੇਡ ਸਿਹਤ ਬੀਮਾ ਪ੍ਰੋਗਰਾਮ ਨਾਲ ਜੁੜੇ ਲੱਖਾਂ ਘੱਟ ਆਮਦਨ ਵਾਲੇ ਲੋਕਾਂ ਲਈ ਇੱਕ ਵੱਡਾ ਬਦਲਾਅ ਆਉਣ ਵਾਲਾ ਹੈ। ਫੈਡਰਲ ਸਰਕਾਰ ਦੇ ਨਵੇਂ ਨਿਯਮਾਂ ਤਹਿਤ ਜਨਵਰੀ 2027 ਤੋਂ ਕਈ ਰਾਜਾਂ ਵਿਚ ਮੈਡੀਕੇਡ ਲਾਭਪਾਤਰੀਆਂ ਨੂੰ ਆਪਣੀ ਸਿਹਤ ਕਵਰੇਜ ਜਾਰੀ ਰੱਖਣ ਲਈ ਕੰਮ ਕਰਨ, ਸੇਵਾ ਕਾਰਜ (ਵਲੰਟੀਅਰਿੰਗ) ਕਰਨ ਜਾਂ ਕਿਸੇ ਸਿੱਖਿਆ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸਬੂਤ ਦੇਣਾ ਪਵੇਗਾ।

ਸੈਂਟਰ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ (ਸੀ.ਐੱਮ.ਐੱਸ.) ਵੱਲੋਂ ਜਾਰੀ ਕੀਤੀ ਗਈ ਨਵੀਂ ਵਿਆਖਿਆ ਅਨੁਸਾਰ ਸਿਰਫ਼ ਕਿਸੇ ਬਿਮਾਰੀ ਜਾਂ ਮੈਡੀਕਲ ਹਾਲਤ ਦਾ ਹੋਣਾ, ਹੁਣ ਛੋਟ ਲੈਣ ਲਈ ਕਾਫ਼ੀ ਨਹੀਂ ਹੋਵੇਗਾ। ਵਿਅਕਤੀ ਨੂੰ ਇਹ ਵੀ ਸਾਬਤ ਕਰਨਾ ਪਵੇਗਾ ਕਿ ਉਸਦੀ ਬਿਮਾਰੀ ਉਸਦੀ ਕੰਮ ਕਰਨ ਜਾਂ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ ਦੀ ਸਮਰੱਥਾ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਇਸ ਨਵੇਂ ਨਿਯਮ ਨੇ ਮਰੀਜ਼ਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਸਿਹਤ ਮਾਹਿਰਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੈਂਸਰ, ਦਿਲ ਦੀਆਂ ਬਿਮਾਰੀਆਂ, ਸ਼ੂਗਰ, ਗੁਰਦੇ ਦੀ ਬਿਮਾਰੀ ਜਾਂ ਹੋਰ ਲੰਬੇ ਸਮੇਂ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਕਈ ਲੋਕ ਪੂਰੀ ਤਰ੍ਹਾਂ ਅਸਮਰੱਥ ਨਹੀਂ ਹੁੰਦੇ, ਪਰ ਉਨ੍ਹਾਂ ਲਈ ਲਗਾਤਾਰ ਨੌਕਰੀ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ।

ਮਰੀਜ਼ ਦੇ ਹੱਕਾਂ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਨਵੇਂ ਨਿਯਮ ਕਾਰਨ ਬਹੁਤ ਸਾਰੇ ਲੋਕ ਮੈਡੀਕੇਡ ਛੋਟ ਲਈ ਯੋਗ ਨਹੀਂ ਮੰਨੇ ਜਾਣਗੇ, ਜਿਸ ਨਾਲ ਉਨ੍ਹਾਂ ਦੀ ਸਿਹਤ ਕਵਰੇਜ ਖਤਮ ਹੋ ਸਕਦੀ ਹੈ। ਇਸ ਦਾ ਸਿੱਧਾ ਅਸਰ ਦਵਾਈਆਂ, ਡਾਕਟਰੀ ਇਲਾਜ, ਹਸਪਤਾਲ ਸੇਵਾਵਾਂ ਅਤੇ ਹੋਰ ਜ਼ਰੂਰੀ ਸਿਹਤ ਸਹੂਲਤਾਂ ਉੱਤੇ ਪਵੇਗਾ।

ਵਿਰੋਧੀਆਂ ਦਾ ਦਾਅਵਾ ਹੈ ਕਿ ਜੇ ਲੋਕ ਮੈਡੀਕੇਡ ਗੁਆ ਬੈਠੇ, ਤਾਂ ਉਹ ਇਲਾਜ ਨਾ ਕਰਵਾ ਸਕਣ ਕਾਰਨ ਹੋਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ। ਕਈ ਮਰੀਜ਼ ਆਪਣੀਆਂ ਮਹਿੰਗੀਆਂ ਦਵਾਈਆਂ ਅਤੇ ਨਿਯਮਿਤ ਇਲਾਜ ਲਈ ਮੈਡੀਕੇਡ ਉੱਤੇ ਨਿਰਭਰ ਹਨ।

ਦੂਜੇ ਪਾਸੇ, ਨਿਯਮ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕੰਮ ਦੀਆਂ ਸ਼ਰਤਾਂ ਨਾਲ ਹੋਰ ਲੋਕਾਂ ਨੂੰ ਰੋਜ਼ਗਾਰ ਵੱਲ ਪ੍ਰੇਰਿਤ ਕੀਤਾ ਜਾਵੇਗਾ ਅਤੇ ਸਰਕਾਰੀ ਖਰਚੇ ਵਿਚ ਕਮੀ ਆਵੇਗੀ। ਉਹ ਦਲੀਲ ਦਿੰਦੇ ਹਨ ਕਿ ਜਿਹੜੇ ਲੋਕ ਕੰਮ ਕਰਨ ਦੇ ਯੋਗ ਹਨ, ਉਨ੍ਹਾਂ ਨੂੰ ਕੰਮ ਜਾਂ ਸਿੱਖਿਆ ਨਾਲ ਜੁੜੇ ਰਹਿਣਾ ਚਾਹੀਦਾ ਹੈ।

ਹਾਲਾਂਕਿ ਇਸ ਨੀਤੀ ਦਾ ਅਸਲ ਪ੍ਰਭਾਵ ਹਰ ਰਾਜ ਵਿਚ ਵੱਖਰਾ ਹੋ ਸਕਦਾ ਹੈ ਕਿਉਂਕਿ ਮੈਡੀਕੇਡ ਦੀਆਂ ਕਈ ਸ਼ਰਤਾਂ ਰਾਜ ਸਰਕਾਰਾਂ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਹਨ। ਜਨਵਰੀ 2027 ਤੋਂ ਬਾਅਦ ਹਰ ਰਾਜ ਆਪਣੇ ਤਰੀਕੇ ਨਾਲ ਇਹ ਨਿਰਧਾਰਤ ਕਰੇਗਾ ਕਿ ਕੌਣ ਛੋਟ ਲਈ ਯੋਗ ਹੈ ਅਤੇ ਕੌਣ ਨਹੀਂ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨੀਤੀ ਅਮਰੀਕਾ ਦੀ ਸਿਹਤ ਪ੍ਰਣਾਲੀ ਵਿਚ ਸਭ ਤੋਂ ਵੱਡੇ ਬਦਲਾਵਾਂ ਵਿਚੋਂ ਇੱਕ ਹੋ ਸਕਦੀ ਹੈ ਅਤੇ ਇਸ ਨਾਲ ਲੱਖਾਂ ਮੈਡੀਕੇਡ ਲਾਭਪਾਤਰੀ ਪ੍ਰਭਾਵਿਤ ਹੋ ਸਕਦੇ ਹਨ।

# ਸੈਕਰਾਮੈਂਟੋ 'ਚ 'ਮੇਗਾ ਮਾਸਟਰ' ਇਮੀਗ੍ਰੇਸ਼ਨ ਸੁਣਵਾਈਆਂ ਸ਼ੁਰੂ

- **ਵਕੀਲਾਂ ਅਤੇ ਪ੍ਰਵਾਸੀ ਹੱਕਾਂ ਦੇ ਗਰੁੱਪਾਂ ਨੇ ਜਤਾਈ ਚਿੰਤਾ**

**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਸਮੇਤ ਅਮਰੀਕਾ ਭਰ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਵਿਚ ਇੱਕ ਨਵੀਂ ਪ੍ਰਕਿਰਿਆ "ਮੇਗਾ ਮਾਸਟਰ" (ਮੈਗਾ ਮਾਸਟਰ ਸੁਣਵਾਈਆਂ) ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਮਕਸਦ ਡਿਪੋਰਟੇਸ਼ਨ ਅਤੇ ਇਮੀਗ੍ਰੇਸ਼ਨ ਕੇਸਾਂ ਦਾ ਨਿਪਟਾਰਾ ਤੇਜ਼ ਕਰਨਾ ਹੈ। ਪਰ ਕੈਲੀਫੋਰਨੀਆ ਦੇ ਇਮੀਗ੍ਰੇਸ਼ਨ ਵਕੀਲਾਂ ਅਤੇ ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇਹ ਪ੍ਰਣਾਲੀ ਹਜ਼ਾਰਾਂ ਪ੍ਰਵਾਸੀਆਂ ਲਈ ਨਵੇਂ ਖਤਰੇ ਪੈਦਾ ਕਰ ਸਕਦੀ ਹੈ।

ਸੈਕਰਾਮੈਂਟੋ ਦੇ ਜੌਨ ਮੌਸ ਫੈਡਰਲ ਬਿਲਡਿੰਗ ਵਿਚ ਹੋਈ ਇੱਕ ਤਾਜ਼ਾ ਸੁਣਵਾਈ ਦੌਰਾਨ ਇੱਕ ਘੰਟੇ ਵਿਚ 45 ਅਤੇ ਅਗਲੇ ਘੰਟੇ ਵਿਚ ਹੋਰ 45 ਪ੍ਰਵਾਸੀਆਂ ਨੂੰ ਅਦਾਲਤ ਵਿਚ ਹਾਜ਼ਰ ਹੋਣ ਲਈ ਬੁਲਾਇਆ ਗਿਆ। ਇਸ ਤਰ੍ਹਾਂ ਇੱਕ ਸਵੇਰ ਵਿਚ ਕਰੀਬ 90 ਲੋਕਾਂ ਦੇ ਕੇਸ ਸੁਣੇ ਜਾਣ ਲਈ ਰੱਖੇ ਗਏ, ਜਦਕਿ ਪਹਿਲਾਂ ਇੱਕ ਡਾਕਟ ਵਿਚ ਆਮ ਤੌਰ 'ਤੇ 15 ਤੋਂ 25 ਲੋਕ ਹੁੰਦੇ ਸਨ। ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਦੇ ਪ੍ਰਤੀਨਿਧੀ ਗ੍ਰੇਗ ਚੇਨ ਦਾ ਕਹਿਣਾ ਹੈ ਕਿ ਕੁਝ ਅਦਾਲਤਾਂ ਵਿਚ ਇੱਕੋ ਸਮੇਂ 100 ਤੱਕ ਲੋਕਾਂ ਨੂੰ ਬੁਲਾਇਆ ਜਾ ਰਿਹਾ ਹੈ, ਜਦਕਿ ਇਹ ਅਦਾਲਤਾਂ ਆਮ ਤੌਰ 'ਤੇ 20 ਦੇ ਕਰੀਬ ਕੇਸਾਂ ਲਈ ਬਣੀਆਂ ਸਨ। ਉਨ੍ਹਾਂ ਅਨੁਸਾਰ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਇਕੱਠੇ ਸੁਣਨ ਨਾਲ ਬਹੁਤ ਸਾਰੇ ਪ੍ਰਵਾਸੀ ਆਪਣੇ ਹੱਕਾਂ ਅਤੇ ਕਾਨੂੰਨੀ ਵਿਕਲਪਾਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕਣਗੇ।

ਸੈਕਰਾਮੈਂਟੋ ਦੀ ਪ੍ਰਵਾਸੀ ਸਹਾਇਤਾ ਸੰਸਥਾ **NorCal Resist** ਦੀ ਗਿਜ਼ੇਲ ਗਾਰਸੀਆ ਨੇ ਕਿਹਾ ਕਿ ਕਈ ਲੋਕਾਂ ਦੀਆਂ ਅਦਾਲਤੀ ਤਾਰੀਖਾਂ ਮਹੀਨਿਆਂ ਜਾਂ ਸਾਲਾਂ ਪਹਿਲਾਂ ਕਰ ਦਿੱਤੀਆਂ ਗਈਆਂ ਹਨ। ਕੁਝ ਲੋਕਾਂ ਨੂੰ ਪਹਿਲਾਂ ਦੋ ਜਾਂ ਤਿੰਨ ਸਾਲ ਬਾਅਦ ਦੀ ਤਾਰੀਖ ਮਿਲੀ ਹੋਈ ਸੀ, ਪਰ ਹੁਣ ਉਨ੍ਹਾਂ ਨੂੰ ਸਿਰਫ਼ ਦੋ ਮਹੀਨੇ ਦੇ ਅੰਦਰ ਵਾਪਸ ਅਦਾਲਤ ਵਿਚ ਆਉਣ ਲਈ ਕਿਹਾ ਜਾ ਰਿਹਾ ਹੈ।

ਇਸੇ ਸੁਣਵਾਈ ਵਿਚ ਮੈਕਸੀਕੋ ਤੋਂ ਆਏ ਇੱਕ ਪ੍ਰਵਾਸੀ ਜੋਸ (ਜਿਸ ਦਾ ਪੂਰਾ ਨਾਮ ਸੁਰੱਖਿਆ ਕਾਰਨਾਂ ਕਰਕੇ ਜਾਰੀ ਨਹੀਂ ਕੀਤਾ ਗਿਆ) ਨੇ ਦੱਸਿਆ ਕਿ ਉਹ 2024 ਵਿਚ ਆਪਣੀਆਂ ਧੀਆਂ ਨਾਲ ਅਮਰੀਕਾ ਆਇਆ ਸੀ। ਉਸਦਾ ਕਹਿਣਾ ਹੈ ਕਿ ਮੈਕਸੀਕੋ ਦੇ ਸਿਨਾਲੋਆ ਖੇਤਰ ਵਿਚ ਉਸ ਉੱਤੇ ਹਮਲਾ ਹੋਇਆ ਸੀ ਅਤੇ ਉਹ ਆਪਣੀਆਂ ਧੀਆਂ ਦੀ ਸੁਰੱਖਿਆ ਲਈ ਅਮਰੀਕਾ ਆਇਆ। ਹੁਣ ਉਸ ਨੂੰ ਸਿਰਫ਼ ਦੋ ਮਹੀਨੇ ਦੇ ਅੰਦਰ ਵਕੀਲ ਲੱਭਣ ਅਤੇ ਆਪਣੇ ਅਸਾਇਲਮ ਕੇਸ ਲਈ ਸਬੂਤ ਇਕੱਠੇ ਕਰਨ ਲਈ ਕਿਹਾ ਗਿਆ ਹੈ।

ਵਕੀਲਾਂ ਅਤੇ ਸਮਾਜਿਕ ਸੰਸਥਾਵਾਂ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਇੰਨੀ ਘੱਟ ਮਿਆਦ ਵਿਚ ਸਸਤੇ ਜਾਂ ਮੁਫ਼ਤ ਇਮੀਗ੍ਰੇਸ਼ਨ ਵਕੀਲ ਲੱਭਣਾ ਬਹੁਤ ਮੁਸ਼ਕਲ ਹੋਵੇਗਾ। ਪਹਿਲਾਂ ਹੀ ਬਹੁਤ ਸਾਰੇ ਇਮੀਗ੍ਰੇਸ਼ਨ ਵਕੀਲਾਂ ਕੋਲ ਮਹੀਨਿਆਂ ਦੀ ਉਡੀਕ ਸੂਚੀ ਹੈ।

**NorCal Resist** ਦੇ ਅਨੁਸਾਰ, ਜਿਸ ਦਿਨ ਸੁਣਵਾਈ ਹੋਈ, ਉਸ ਦਿਨ ਪਹਿਲੇ ਸੈਸ਼ਨ ਵਿਚ 15 ਅਤੇ ਦੂਜੇ ਵਿਚ ਲਗਭਗ 20 ਲੋਕ ਹਾਜ਼ਰ ਨਹੀਂ ਹੋਏ। ਚਿੰਤਾ ਇਹ ਹੈ ਕਿ ਕੁਝ ਲੋਕਾਂ ਨੂੰ ਨਵੀਂ ਤਾਰੀਖ ਦੀ ਸੂਚਨਾ ਸਮੇਂ ਸਿਰ ਨਹੀਂ ਮਿਲੀ ਹੋ ਸਕਦੀ ਜਾਂ ਡਰ ਕਾਰਨ ਉਹ ਅਦਾਲਤ ਵਿਚ ਨਹੀਂ ਪਹੁੰਚੇ। ਅਜਿਹੇ ਮਾਮਲਿਆਂ ਵਿਚ ਇਮੀਗ੍ਰੇਸ਼ਨ ਜੱਜ ਗੈਰਹਾਜ਼ਰੀ ਦੇ ਆਧਾਰ 'ਤੇ ਡਿਪੋਰਟੇਸ਼ਨ ਆਰਡਰ ਜਾਰੀ ਕਰ ਸਕਦੇ ਹਨ।

ਦੂਜੇ ਪਾਸੇ, ਐਗਜ਼ੈਕਟਿਵ ਆਫਿਸ ਫਾਰ ਇਮੀਗ੍ਰੇਸ਼ਨ ਰੀਵਿਊ, ਜੋ ਅਮਰੀਕਾ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਦੀ ਨਿਗਰਾਨੀ ਕਰਦੀ ਹੈ, ਨੇ ਕਿਹਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਢੁੱਕਵੀਂ ਨੋਟਿਸ ਦਿੱਤੀ ਗਈ ਹੋਵੇ ਅਤੇ ਉਹ ਅਦਾਲਤ ਵਿਚ ਹਾਜ਼ਰ ਨਾ ਹੋਵੇ, ਤਾਂ ਕਾਨੂੰਨ ਅਨੁਸਾਰ ਡਿਪੋਰਟੇਸ਼ਨ ਆਰਡਰ ਜਾਰੀ ਕੀਤਾ ਜਾ ਸਕਦਾ ਹੈ। ਏਜੰਸੀ ਦਾ ਕਹਿਣਾ ਹੈ ਕਿ ਕੇਸਾਂ ਦੇ ਵੱਡੇ ਬੈਕਲਾਗ ਨੂੰ ਘਟਾਉਣ ਅਤੇ ਮਾਮਲਿਆਂ ਦਾ ਸਮੇਂ ਸਿਰ ਨਿਪਟਾਰਾ ਕਰਨ ਲਈ ਸ਼ਡਿਊਲਿੰਗ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ "ਮੇਗਾ ਮਾਸਟਰ" ਸੁਣਵਾਈਆਂ ਨਾਲ ਅਦਾਲਤੀ ਬੈਕਲਾਗ ਘੱਟ ਸਕਦਾ ਹੈ, ਪਰ ਇਸ ਨਾਲ ਪ੍ਰਵਾਸੀਆਂ ਲਈ ਆਪਣੇ ਕੇਸ ਤਿਆਰ ਕਰਨ, ਵਕੀਲ ਲੱਭਣ ਅਤੇ ਅਸਾਇਲਮ ਜਾਂ ਹੋਰ ਰਾਹਤਾਂ ਲਈ ਅਰਜ਼ੀਆਂ ਦਾਇਰ ਕਰਨ ਦਾ ਸਮਾਂ ਵੀ ਕਾਫ਼ੀ ਘੱਟ ਹੋ ਜਾਵੇਗਾ। ਇਸ ਕਾਰਨ ਕਈ ਲੋਕਾਂ ਨੂੰ ਬਿਨਾਂ ਪੂਰੀ ਤਿਆਰੀ ਦੇ ਅਦਾਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਦੇ ਸਿੱਧੇ ਪ੍ਰਭਾਵ ਉਨ੍ਹਾਂ ਦੇ ਇਮੀਗ੍ਰੇਸ਼ਨ ਭਵਿੱਖ 'ਤੇ ਪੈ ਸਕਦੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com



# ਕੈਲੀਫੋਰਨੀਆ ਪ੍ਰਾਈਮਰੀ ਚੋਣਾਂ 2026:

# ਕੀ ਨਿਊਸਮ ਯੁੱਗ ਤੋਂ ਬਾਅਦ ਬਦਲਾਅ ਦੀ ਆਹਟ ਹੈ ਜਾਂ ਡੈਮੋਕਰੇਟਾਂ ਦਾ ਦਬਦਬਾ ਰਹੇਗਾ ਬਰਕਰਾਰ?

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਕੈਲੀਫੋਰਨੀਆ ਦੀਆਂ 2026 ਦੀਆਂ ਪ੍ਰਾਈਮਰੀ ਚੋਣਾਂ ਨੇ ਪੂਰੇ ਅਮਰੀਕਾ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਹ ਸਿਰਫ਼ ਇੱਕ ਆਮ ਪ੍ਰਾਈਮਰੀ ਚੋਣ ਨਹੀਂ ਸੀ, ਸਗੋਂ ਇਹ ਅਮਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਰਾਜਾਂ ਵਿਚੋਂ ਇੱਕ ਦੇ ਭਵਿੱਖ ਦੀ ਦਿਸ਼ਾ ਤੈਅ ਕਰਨ ਵਾਲੀ ਚੋਣ ਸੀ। ਕੈਲੀਫੋਰਨੀਆ ਸਿਰਫ਼ ਆਬਾਦੀ ਦੇ ਹਿਸਾਬ ਨਾਲ ਵੱਡਾ ਰਾਜ ਨਹੀਂ, ਸਗੋਂ ਅਰਥਵਿਵਸਥਾ, ਤਕਨਾਲੋਜੀ, ਖੇਤੀਬਾੜੀ, ਹਾਲੀਵੁੱਡ, ਵਪਾਰ, ਇਮੀਗ੍ਰੇਸ਼ਨ ਅਤੇ ਰਾਸ਼ਟਰੀ ਰਾਜਨੀਤੀ ਦੇ ਪੱਖੋਂ ਵੀ ਅਮਰੀਕਾ ਦਾ ਕੇਂਦਰੀ ਰਾਜ ਮੰਨਿਆ ਜਾਂਦਾ ਹੈ। ਇਸੇ ਕਰਕੇ 2 ਜੂਨ 2026 ਨੂੰ ਪਈਆਂ ਵੋਟਾਂ ਦੇ ਨਤੀਜਿਆਂ ਨੂੰ ਸਿਰਫ਼ ਸੈਕਰਾਮੈਂਟੋ ਦੀ ਰਾਜਨੀਤੀ ਨਹੀਂ, ਸਗੋਂ ਵਾਸ਼ਿੰਗਟਨ ਦੀ ਰਾਜਨੀਤੀ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

ਇਸ ਵਾਰ ਦੀ ਚੋਣ ਦਾ ਸਭ ਤੋਂ ਵੱਡਾ ਕੇਂਦਰ ਗਵਰਨਰ ਦੀ ਦੌੜ ਰਹੀ। ਮੌਜੂਦਾ ਗਵਰਨਰ ਗੈਵਿਨ ਨਿਊਸਮ ਆਪਣੀ ਮਿਆਦ ਪੂਰੀ ਕਰ ਰਹੇ ਹਨ ਅਤੇ ਟਰਮ ਲਿਮਿਟ ਕਾਰਨ ਦੁਬਾਰਾ ਚੋਣ ਨਹੀਂ ਲੜ ਸਕਦੇ। ਇਸ ਲਈ ਕੈਲੀਫੋਰਨੀਆ ਵਿਚ ਨਿਊਸਮ ਯੁੱਗ ਤੋਂ ਬਾਅਦ ਕਿਹੜੀ ਰਾਜਨੀਤਿਕ ਦਿਸ਼ਾ ਬਣੇਗੀ, ਇਹ ਸਵਾਲ ਹਰ ਵੋਟਰ, ਹਰ ਪਾਰਟੀ ਅਤੇ ਹਰ ਵਿਸ਼ਲੇਸ਼ਕ ਲਈ ਮਹੱਤਵਪੂਰਨ ਬਣ ਗਿਆ ਹੈ। ਡੈਮੋਕਰੇਟਿਕ ਪਾਰਟੀ ਚਾਹੁੰਦੀ ਹੈ ਕਿ ਨਿਊਸਮ ਤੋਂ ਬਾਅਦ ਵੀ ਰਾਜ ਦਾ ਕੰਟਰੋਲ ਉਸਦੇ ਹੱਥਾਂ ਵਿਚ ਰਹੇ, ਜਦਕਿ ਰਿਪਬਲਿਕਨ ਪਾਰਟੀ ਇਸ ਵਾਰ ਕੈਲੀਫੋਰਨੀਆ ਵਿਚ ਆਪਣੀ ਪੁਰਾਣੀ ਗੁਆਚੀ ਹੋਈ ਜ਼ਮੀਨ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਵੋਟਾਂ ਦੀ ਗਿਣਤੀ ਅਜੇ ਪੂਰੀ ਨਹੀਂ ਹੋਈ। ਕੈਲੀਫੋਰਨੀਆ ਵਿਚ ਵੱਡੀ ਗਿਣਤੀ ਵਿਚ ਵੋਟਰ ਡਾਕ ਰਾਹੀਂ ਬੈਲਟ ਭੇਜਦੇ ਹਨ, ਅਤੇ ਜੇ ਬੈਲਟ ਚੋਣ ਦਿਨ ਤੱਕ ਪੋਸਟਮਾਰਕ ਹੋਈ ਹੋਵੇ, ਤਾਂ ਉਹ ਕੁਝ ਦਿਨ ਬਾਅਦ ਮਿਲਣ 'ਤੇ ਵੀ ਗਿਣੀ ਜਾਂਦੀ ਹੈ। ਇਸ ਲਈ ਸ਼ੁਰੂਆਤੀ ਨਤੀਜੇ ਅੰਤਿਮ ਤਸਵੀਰ ਨਹੀਂ ਹੁੰਦੇ। ਮੌਜੂਦਾ ਗਿਣਤੀ ਮੁਤਾਬਕ ਰਿਪਬਲਿਕਨ ਉਮੀਦਵਾਰ ਸਟੀਵ ਹਿਲਟਨ ਲਗਭਗ 27.8 ਫੀਸਦੀ ਵੋਟਾਂ ਨਾਲ ਅੱਗੇ ਹਨ, ਜਦਕਿ ਡੈਮੋਕਰੇਟ ਉਮੀਦਵਾਰ ਜ਼ੈਵੀਅਰ ਬਸੇਰਾ ਕਰੀਬ 25.4 ਫੀਸਦੀ ਨਾਲ ਦੂਜੇ ਸਥਾਨ 'ਤੇ ਹਨ। ਡੈਮੋਕਰੇਟ ਅਰਬਪਤੀ ਟੌਮ ਸਟੀਅਰ ਲਗਭਗ 19.6 ਫੀਸਦੀ ਦੇ ਨੇੜੇ ਤੀਜੇ ਸਥਾਨ 'ਤੇ ਹਨ। ਇਸ ਵੇਲੇ ਹਿਲਟਨ ਅਤੇ ਬਸੇਰਾ ਦੋਵੇਂ ਨਵੰਬਰ ਦੀ ਜਨਰਲ ਚੋਣ ਵੱਲ ਵਧਦੇ ਦਿਖ ਰਹੇ ਹਨ, ਪਰ ਕਿਉਂਕਿ ਬੈਲਟ ਗਿਣਤੀ ਅਜੇ ਜਾਰੀ ਹੈ, ਇਸ ਲਈ ਅਧਿਕਾਰਕ ਤਸਵੀਰ ਆਉਣ ਵਿਚ ਹੋਰ ਸਮਾਂ ਲੱਗੇਗਾ।

ਕੈਲੀਫੋਰਨੀਆ ਦਾ "ਟਾਪ-ਟੂ ਪ੍ਰਾਈਮਰੀ ਸਿਸਟਮ" ਇਸ ਚੋਣ ਨੂੰ ਹੋਰ ਦਿਲਚਸਪ ਬਣਾਉਂਦਾ ਹੈ। ਇਸ ਸਿਸਟਮ ਹੇਠ ਸਾਰੇ ਉਮੀਦਵਾਰ ਇੱਕੋ ਬੈਲਟ 'ਤੇ ਹੁੰਦੇ ਹਨ। ਪਾਰਟੀ ਦੇ ਅਧਾਰ 'ਤੇ ਵੱਖਰੀ ਪ੍ਰਾਈਮਰੀ ਨਹੀਂ ਹੁੰਦੀ। ਸਭ ਤੋਂ ਵੱਧ ਵੋਟਾਂ ਲੈਣ ਵਾਲੇ ਦੋ ਉਮੀਦਵਾਰ ਨਵੰਬਰ ਦੀ ਆਮ ਚੋਣ ਵਿਚ ਪਹੁੰਚਦੇ ਹਨ, ਭਾਵੇਂ ਉਹ ਇੱਕੋ ਪਾਰਟੀ ਨਾਲ ਸੰਬੰਧਤ ਹੋਣ ਜਾਂ ਵੱਖ-ਵੱਖ ਪਾਰਟੀਆਂ ਨਾਲ। ਇਸੇ ਕਰਕੇ ਇਸ ਵਾਰ ਡੈਮੋਕਰੇਟਿਕ ਪਾਰਟੀ ਨੂੰ ਇਹ ਡਰ ਵੀ ਸੀ ਕਿ ਜੇ ਡੈਮੋਕਰੇਟਿਕ ਵੋਟ ਬਹੁਤ ਜ਼ਿਆਦਾ ਵੰਡ ਗਈ, ਤਾਂ ਕਿਤੇ ਦੋ ਰਿਪਬਲਿਕਨ ਉਮੀਦਵਾਰ ਹੀ ਟਾਪ-ਟੂ ਵਿਚ ਨਾ ਪਹੁੰਚ ਜਾਣ। ਹੁਣ ਤੱਕ ਦੇ ਨਤੀਜੇ ਵੇਖ ਕੇ ਇਹ ਡਰ ਲਗਭਗ ਖਤਮ ਦਿਖਾਈ ਦਿੰਦਾ ਹੈ, ਕਿਉਂਕਿ ਜ਼ੈਵੀਅਰ ਬਸੇਰਾ ਮਜ਼ਬੂਤੀ ਨਾਲ ਦੂਜੇ ਸਥਾਨ 'ਤੇ ਹਨ।

ਇਸ ਵਾਰ ਗਵਰਨਰ ਦੀ ਦੌੜ ਵਿਚ 61 ਉਮੀਦਵਾਰ ਮੈਦਾਨ ਵਿਚ ਸਨ। ਇਹ ਗਿਣਤੀ ਆਪਣੇ ਆਪ ਵਿਚ ਦੱਸਦੀ ਹੈ ਕਿ ਨਿਊਸਮ ਤੋਂ ਬਾਅਦ ਗਵਰਨਰ ਦੀ ਕੁਰਸੀ ਲਈ ਕਿੰਨੀ ਵੱਡੀ ਰਾਜਨੀਤਿਕ ਦੌੜ ਲੱਗੀ ਹੋਈ ਸੀ। ਇਸ ਦੌੜ ਵਿਚ ਡੈਮੋਕਰੇਟਾਂ ਵੱਲੋਂ ਜ਼ੈਵੀਅਰ ਬਸੇਰਾ, ਟੌਮ ਸਟੀਅਰ, ਕੇਟੀ ਪੋਰਟਰ, ਐਂਟੋਨੀਓ ਵਿਲਾਰਾਈਗੋਸਾ ਅਤੇ ਹੋਰ ਕਈ ਉਮੀਦਵਾਰ ਸਨ। ਰਿਪਬਲਿਕਨ ਪਾਸੇ ਸਟੀਵ ਹਿਲਟਨ ਸਭ ਤੋਂ ਮਜ਼ਬੂਤ ਚਿਹਰਾ ਬਣ ਕੇ ਉਭਰੇ। ਇਸ ਤੋਂ ਇਲਾਵਾ ਹੋਰ ਰਿਪਬਲਿਕਨ ਅਤੇ ਆਜ਼ਾਦ ਉਮੀਦਵਾਰ ਵੀ ਮੈਦਾਨ ਵਿਚ ਸਨ, ਪਰ ਚੋਣ ਰਾਤ ਤੋਂ ਬਾਅਦ ਮੁੱਖ ਮੁਕਾਬਲਾ ਹਿਲਟਨ, ਬਸੇਰਾ ਅਤੇ ਸਟੀਅਰ ਵਿਚਕਾਰ ਹੀ ਸਿਮਟਦਾ ਦਿਖਾਈ ਦਿੱਤਾ।

ਸਟੀਵ ਹਿਲਟਨ ਦਾ ਉਭਾਰ ਇਸ ਚੋਣ ਦੀ ਸਭ ਤੋਂ ਵੱਡੀ ਕਹਾਣੀ ਹੈ। ਉਹ ਇੱਕ ਰਿਪਬਲਿਕਨ ਉਮੀਦਵਾਰ ਵਜੋਂ ਕੈਲੀਫੋਰਨੀਆ ਦੀ ਰਾਜਨੀਤੀ ਵਿਚ "ਬਦਲਾਅ" ਦਾ ਨਾਅਰਾ ਲੈ ਕੇ ਆਏ ਹਨ। ਹਿਲਟਨ ਨੇ ਆਪਣੀ ਮੁਹਿੰਮ ਵਿਚ ਘਰਾਂ ਦੀ ਮਹਿੰਗਾਈ, ਬੇਘਰਪਨ, ਉੱਚੇ ਟੈਕਸ, ਅਪਰਾਧ, ਸਿੱਖਿਆ ਪ੍ਰਣਾਲੀ, ਕਾਰੋਬਾਰਾਂ 'ਤੇ ਬੋਝ ਅਤੇ ਜੀਵਨ ਦੀ ਵਧਦੀ ਲਾਗਤ ਨੂੰ ਮੁੱਖ ਮੁੱਦੇ ਬਣਾਇਆ। ਉਹ ਕਹਿੰਦੇ ਹਨ ਕਿ ਕੈਲੀਫੋਰਨੀਆ ਵਿਚ ਆਮ ਪਰਿਵਾਰ ਲਈ ਰਹਿਣਾ ਮੁਸ਼ਕਲ ਹੋ ਗਿਆ ਹੈ। ਘਰ ਖਰੀਦਣਾ ਮੱਧਵਰਗੀ ਪਰਿਵਾਰਾਂ ਲਈ ਸੁਪਨਾ ਬਣਦਾ ਜਾ ਰਿਹਾ ਹੈ। ਗੈਸ, ਬਿਜਲੀ, ਇੰਸ਼ੋਰੈਂਸ, ਕਿਰਾਏ ਅਤੇ ਖਾਣ-ਪੀਣ ਦੀਆਂ ਕੀਮਤਾਂ ਨੇ ਲੋਕਾਂ ਦੇ ਘਰੇਲੂ ਬਜਟ 'ਤੇ ਵੱਡਾ ਦਬਾਅ ਪਾਇਆ ਹੈ। ਹਿਲਟਨ ਇਸ ਗੁੱਸੇ ਅਤੇ ਨਿਰਾਸ਼ਾ ਨੂੰ ਵੋਟਾਂ ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਹਿਲਟਨ ਨੂੰ ਡੋਨਾਲਡ ਟਰੰਪ ਦੇ ਸਮਰਥਨ ਨਾਲ ਰਿਪਬਲਿਕਨ ਬੇਸ ਵਿਚ ਮਜ਼ਬੂਤੀ ਮਿਲੀ ਹੈ। ਟਰੰਪ ਸਮਰਥਕ ਵੋਟਰਾਂ ਲਈ ਹਿਲਟਨ ਇੱਕ ਐਸਾ ਚਿਹਰਾ ਬਣੇ ਹਨ, ਜੋ ਕੈਲੀਫੋਰਨੀਆ ਦੀ ਡੈਮੋਕਰੇਟਿਕ ਲੀਡਰਸ਼ਿਪ ਨੂੰ ਸਿੱਧੀ ਚੁਣੌਤੀ ਦੇ ਰਿਹਾ ਹੈ। ਰਿਪਬਲਿਕਨ ਵੋਟਰਾਂ ਵਿਚ ਇਹ ਭਾਵਨਾ ਵੀ ਦਿਖੀ ਕਿ ਕੈਲੀਫੋਰਨੀਆ ਨੂੰ ਇੱਕ ਨਵੇਂ ਰਸਤੇ ਦੀ ਲੋੜ ਹੈ। ਹਿਲਟਨ ਨੇ ਆਪਣੇ ਆਪ ਨੂੰ ਪੁਰਾਣੀ ਸਿਆਸਤ ਤੋਂ ਬਾਹਰਲਾ, ਬਦਲਾਅ ਲਿਆਉਣ ਵਾਲਾ ਅਤੇ ਲੋਕਾਂ ਦੀ ਆਰਥਿਕ ਤਕਲੀਫ਼ ਨੂੰ ਸਮਝਣ ਵਾਲਾ ਉਮੀਦਵਾਰ ਵਜੋਂ ਪੇਸ਼ ਕੀਤਾ।

ਦੂਜੇ ਪਾਸੇ ਜ਼ੈਵੀਅਰ ਬਸੇਰਾ ਤਜ਼ਰਬੇ, ਸਥਿਰਤਾ ਅਤੇ ਪ੍ਰਸ਼ਾਸਨਿਕ ਯੋਗਤਾ ਦੇ ਆਧਾਰ 'ਤੇ ਮੈਦਾਨ ਵਿਚ ਹਨ। ਉਹ ਅਮਰੀਕੀ ਕਾਂਗਰਸ ਵਿਚ ਲੰਮਾ ਸਮਾਂ ਰਹਿ ਚੁੱਕੇ ਹਨ। ਉਹ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰਹੇ ਅਤੇ ਬਾਅਦ ਵਿਚ ਰਾਸ਼ਟਰਪਤੀ ਜੋਅ ਬਾਇਡਨ ਦੀ ਸਰਕਾਰ ਵਿਚ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰੀ ਬਣੇ। ਬਸੇਰਾ ਕੋਲ ਰਾਜ ਅਤੇ ਫੈਡਰਲ ਦੋਵੇਂ ਪੱਧਰਾਂ ਦਾ ਤਜ਼ਰਬਾ ਹੈ। ਉਹ ਆਪਣੇ ਆਪ ਨੂੰ ਇੱਕ ਐਸੇ ਉਮੀਦਵਾਰ ਵਜੋਂ ਪੇਸ਼ ਕਰ ਰਹੇ ਹਨ, ਜੋ ਕੈਲੀਫੋਰਨੀਆ ਦੀਆਂ ਜਟਿਲ ਸਮੱਸਿਆਵਾਂ ਨੂੰ ਸਮਝਦਾ ਹੈ ਅਤੇ ਪ੍ਰਸ਼ਾਸਨ ਚਲਾ ਸਕਦਾ ਹੈ।

ਬਸੇਰਾ ਲਈ ਇੱਕ ਹੋਰ ਇਤਿਹਾਸਕ ਪੱਖ ਵੀ ਹੈ। ਜੇ ਉਹ ਨਵੰਬਰ ਵਿਚ ਜਿੱਤਦੇ ਹਨ, ਤਾਂ ਉਹ ਕੈਲੀਫੋਰਨੀਆ ਦੇ ਪਹਿਲੇ ਲਾਤੀਨੋ ਗਵਰਨਰ ਬਣ ਸਕਦੇ ਹਨ। ਕੈਲੀਫੋਰਨੀਆ ਵਿਚ ਲਾਤੀਨੋ ਵੋਟਰਾਂ ਦੀ ਵੱਡੀ ਗਿਣਤੀ ਹੈ। ਇਸਦੇ ਨਾਲ ਏਸ਼ੀਅਨ, ਭਾਰਤੀ, ਪੰਜਾਬੀ, ਸਿੱਖ, ਅਫਰੀਕਨ-ਅਮਰੀਕਨ ਅਤੇ ਨੌਜਵਾਨ ਵੋਟਰਾਂ ਦਾ ਰੁਝਾਨ ਵੀ ਨਤੀਜੇ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਬਸੇਰਾ ਦੀ ਉਮੀਦ ਇਹ ਹੈ ਕਿ ਨਵੰਬਰ ਤੱਕ ਡੈਮੋਕਰੇਟਿਕ ਵੋਟ ਇੱਕ ਥਾਂ ਇਕੱਠੀ ਹੋ ਜਾਵੇਗੀ ਅਤੇ ਉਹ ਹਿਲਟਨ ਨੂੰ ਹਰਾ ਸਕਣਗੇ।

ਟੌਮ ਸਟੀਅਰ ਦੀ ਮੁਹਿੰਮ ਵੀ ਚਰਚਾ ਵਿਚ ਰਹੀ। ਸਟੀਅਰ ਨੇ ਆਪਣੀ ਨਿੱਜੀ ਦੌਲਤ ਵਿਚੋਂ ਬਹੁਤ ਵੱਡਾ ਖਰਚ ਕੀਤਾ। ਉਹ ਇੱਕ ਅਮੀਰ ਵਾਤਾਵਰਨ-ਸਮਰਥਕ ਅਤੇ ਡੈਮੋਕਰੇਟਿਕ ਦਾਨੀ ਵਜੋਂ ਜਾਣੇ ਜਾਂਦੇ ਹਨ। ਪਰ ਹੁਣ ਤੱਕ ਦੇ ਨਤੀਜਿਆਂ 'ਚ ਉਹ ਤੀਜੇ ਸਥਾਨ 'ਤੇ ਹਨ। ਇਸ ਨਾਲ ਇੱਕ ਵੱਡਾ ਸੰਦੇਸ਼ ਮਿਲਦਾ ਹੈ ਕਿ ਚੋਣ ਵਿਚ ਪੈਸਾ ਬਹੁਤ ਜ਼ਰੂਰੀ ਹੈ, ਪਰ ਪੈਸਾ ਹੀ ਸਭ ਕੁਝ ਨਹੀਂ। ਵੋਟਰ ਉਮੀਦਵਾਰ ਦੀ ਪਛਾਣ, ਮੁੱਦਿਆਂ ਦੀ ਸਪੱਸ਼ਟਤਾ, ਪਾਰਟੀ ਦੀ ਇਕਜੁੱਟਤਾ ਅਤੇ ਸਮੇਂ ਦੇ ਮਾਹੌਲ ਨੂੰ ਵੀ ਵੇਖਦੇ ਹਨ।

ਕੇਟੀ ਪੋਰਟਰ ਅਤੇ ਐਂਟੋਨੀਓ ਵਿਲਾਰਾਇਗੋਸਾ ਵਰਗੇ ਡੈਮੋਕਰੇਟ ਉਮੀਦਵਾਰਾਂ ਦੀ ਮੌਜੂਦਗੀ ਨੇ ਡੈਮੋਕਰੇਟਿਕ ਵੋਟ ਨੂੰ ਹੋਰ ਵੰਡਿਆ। ਪੋਰਟਰ ਪ੍ਰੋਗਰੈਸਿਵ ਵੋਟਰਾਂ ਵਿਚ ਜਾਣੀ-ਪਛਾਣੀ ਸੀ। ਵਿਲਾਰਾਇਗੋਸਾ ਲਾਸ ਏਂਜਲਸ ਦੇ ਪੁਰਾਣੇ ਮੇਅਰ ਰਹੇ ਅਤੇ ਲਾਤੀਨੋ ਭਾਈਚਾਰੇ ਵਿਚ ਮਸ਼ਹੂਰ ਚਿਹਰਾ ਰਹੇ ਹਨ। ਪਰ ਵੋਟਾਂ ਦੀ ਵੰਡ ਕਾਰਨ ਬਸੇਰਾ ਨੂੰ ਉਹ ਸਿੱਧਾ ਲਾਭ ਨਹੀਂ ਮਿਲਿਆ, ਜੋ ਇੱਕ ਇਕੱਲੇ ਡੈਮੋਕਰੇਟ ਉਮੀਦਵਾਰ ਨੂੰ ਮਿਲ ਸਕਦਾ ਸੀ। ਇਸੇ ਲਈ ਵਿਸ਼ਲੇਸ਼ਕ ਕਹਿ ਰਹੇ ਹਨ ਕਿ ਪ੍ਰਾਈਮਰੀ ਦੇ ਅੰਕੜੇ ਨਵੰਬਰ ਦੀ ਪੂਰੀ ਤਸਵੀਰ ਨਹੀਂ ਦੱਸਦੇ।

ਜੇ ਪਾਰਟੀ ਅਧਾਰ 'ਤੇ ਸੋਚਿਆ ਜਾਵੇ ਤਾਂ ਡੈਮੋਕਰੇਟਿਕ ਉਮੀਦਵਾਰਾਂ ਦੀ ਕੁੱਲ ਵੋਟ ਰਿਪਬਲਿਕਨ ਵੋਟ ਨਾਲੋਂ ਵੱਧ ਦਿਖਦੀ ਹੈ। ਇਸਦਾ ਮਤਲਬ ਇਹ ਹੈ ਕਿ ਨਵੰਬਰ ਵਿਚ ਜਦੋਂ ਮੁਕਾਬਲਾ ਸਿਰਫ਼ ਦੋ ਉਮੀਦਵਾਰਾਂ ਵਿਚਕਾਰ ਹੋਵੇਗਾ, ਤਾਂ ਸਟੀਅਰ, ਪੋਰਟਰ, ਵਿਲਾਰਾਈਗੋਸਾ ਅਤੇ ਹੋਰ ਡੈਮੋਕਰੇਟਿਕ ਉਮੀਦਵਾਰਾਂ ਦੀਆਂ ਵੋਟਾਂ ਦਾ ਵੱਡਾ ਹਿੱਸਾ ਬਸੇਰਾ ਵੱਲ ਜਾ ਸਕਦਾ ਹੈ। ਪਰ ਇਹ ਆਪਣੇ ਆਪ ਨਹੀਂ ਹੋਵੇਗਾ। ਬਸੇਰਾ ਨੂੰ ਉਨ੍ਹਾਂ ਵੋਟਰਾਂ ਨੂੰ ਜੋੜਨਾ ਪਵੇਗਾ, ਜੋ ਪ੍ਰਾਈਮਰੀ ਵਿਚ ਕਿਸੇ ਹੋਰ ਡੈਮੋਕਰੇਟ ਦੇ ਨਾਲ ਸਨ। ਖਾਸ ਕਰਕੇ ਪ੍ਰੋਗਰੈਸਿਵ ਵੋਟਰਾਂ, ਮੱਧਮਾਰਗੀ ਡੈਮੋਕਰੇਟਾਂ, ਲਾਤੀਨੋ ਵੋਟਰਾਂ ਅਤੇ ਨੌਜਵਾਨਾਂ ਨੂੰ ਇੱਕ ਗਠਜੋੜ ਵਿਚ ਲਿਆਉਣਾ ਉਨ੍ਹਾਂ ਲਈ ਜ਼ਰੂਰੀ ਹੋਵੇਗਾ।

ਹਿਲਟਨ ਲਈ ਵੀ ਚੁਣੌਤੀ ਘੱਟ ਨਹੀਂ। ਪ੍ਰਾਈਮਰੀ ਵਿਚ ਅੱਗੇ ਰਹਿਣਾ ਵੱਡੀ ਗੱਲ ਹੈ, ਪਰ ਕੈਲੀਫੋਰਨੀਆ ਦੀ ਜਨਰਲ ਚੋਣ ਵਿਚ ਰਿਪਬਲਿਕਨ ਲਈ ਜਿੱਤਣਾ ਬਹੁਤ ਮੁਸ਼ਕਲ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਰਾਜ ਪੱਧਰ 'ਤੇ ਡੈਮੋਕਰੇਟਿਕ ਪਾਰਟੀ ਦਾ ਦਬਦਬਾ ਹੈ। ਵੋਟਰ ਰਜਿਸਟ੍ਰੇਸ਼ਨ ਵਿਚ ਡੈਮੋਕਰੇਟ ਰਿਪਬਲਿਕਨਾਂ ਨਾਲੋਂ ਕਾਫ਼ੀ ਅੱਗੇ ਹਨ। ਲਾਸ ਏਂਜਲਸ ਕਾਊਂਟੀ, ਬੇ ਏਰੀਆ, ਸੈਕਰਾਮੈਂਟੋ, ਸੈਨ ਡਿਆਗੋ ਦੇ ਕੁਝ ਹਿੱਸੇ ਅਤੇ ਕਈ ਸ਼ਹਿਰੀ ਖੇਤਰ ਡੈਮੋਕਰੇਟਿਕ ਪਾਰਟੀ ਲਈ ਬਹੁਤ ਮਜ਼ਬੂਤ ਹਨ। ਹਿਲਟਨ ਨੂੰ ਜਿੱਤਣ ਲਈ ਸਿਰਫ਼ ਰਿਪਬਲਿਕਨ ਬੇਸ ਕਾਫ਼ੀ ਨਹੀਂ ਹੋਵੇਗਾ। ਉਨ੍ਹਾਂ ਨੂੰ ਆਜ਼ਾਦ ਵੋਟਰਾਂ, ਮੱਧਵਰਗੀ ਪਰਿਵਾਰਾਂ, ਸਰਕਾਰ ਤੋਂ ਨਿਰਾਸ਼ ਕੁਝ ਡੈਮੋਕਰੇਟਾਂ ਅਤੇ ਉਪਨਗਰੀ ਇਲਾਕਿਆਂ ਦੇ ਵੋਟਰਾਂ ਨੂੰ ਆਪਣੇ ਨਾਲ ਜੋੜਨਾ ਪਵੇਗਾ।

ਇਸ ਚੋਣ ਵਿਚ ਮੁੱਦੇ ਬਹੁਤ ਸਪੱਸ਼ਟ ਹਨ। ਪਹਿਲਾ ਵੱਡਾ ਮੁੱਦਾ ਘਰਾਂ ਦੀ ਮਹਿੰਗਾਈ ਹੈ। ਕੈਲੀਫੋਰਨੀਆ ਵਿਚ ਘਰ ਖਰੀਦਣਾ ਆਮ ਪਰਿਵਾਰ ਲਈ ਬਹੁਤ ਔਖਾ ਹੋ ਗਿਆ ਹੈ। ਕਿਰਾਏ ਬਹੁਤ ਉੱਚੇ ਹਨ। ਨੌਜਵਾਨ ਪੀੜ੍ਹੀ ਨੂੰ ਡਰ ਹੈ ਕਿ ਉਹ ਆਪਣੇ ਮਾਪਿਆਂ ਵਾਂਗ ਘਰ ਮਾਲਕ ਨਹੀਂ ਬਣ ਸਕੇਗੀ। ਦੂਜਾ ਮੁੱਦਾ ਬੇਘਰਪਨ ਹੈ। ਲਾਸ ਏਂਜਲਸ, ਸਾਨ ਫਰਾਂਸਿਸਕੋ, ਸੈਕਰਾਮੈਂਟੋ ਅਤੇ ਹੋਰ ਸ਼ਹਿਰਾਂ ਵਿਚ ਬੇਘਰਪਨ ਰਾਜਨੀਤਿਕ ਤੌਰ 'ਤੇ ਬਹੁਤ ਸੰਵੇਦਨਸ਼ੀਲ ਮੁੱਦਾ ਹੈ। ਤੀਜਾ ਮੁੱਦਾ ਜਨਤਕ ਸੁਰੱਖਿਆ ਅਤੇ ਅਪਰਾਧ ਦਾ ਹੈ। ਚੌਥਾ ਮੁੱਦਾ ਟੈਕਸਾਂ ਅਤੇ ਕਾਰੋਬਾਰੀ ਮਾਹੌਲ ਦਾ ਹੈ। ਪੰਜਵਾਂ ਮੁੱਦਾ ਇਮੀਗ੍ਰੇਸ਼ਨ, ਸਿੱਖਿਆ ਅਤੇ ਸਿਹਤ ਸੇਵਾਵਾਂ ਨਾਲ ਜੁੜਿਆ ਹੋਇਆ ਹੈ।

ਡੈਮੋਕਰੇਟਿਕ ਪਾਰਟੀ ਲਈ ਚੁਣੌਤੀ ਇਹ ਹੈ ਕਿ ਉਹ ਆਪਣੇ ਲੰਬੇ ਸਮੇਂ ਦੇ ਰਾਜ ਦਾ ਬਚਾਅ ਕਿਵੇਂ ਕਰੇ। ਡੈਮੋਕਰੇਟ ਕਹਿੰਦੇ ਹਨ ਕਿ ਕੈਲੀਫੋਰਨੀਆ ਦੇ ਮੁੱਲ ਸਮਾਨਤਾ, ਇਮੀਗ੍ਰੈਂਟ ਅਧਿਕਾਰਾਂ, ਸਿਹਤ ਸੇਵਾ, ਵਾਤਾਵਰਨ ਸੁਰੱਖਿਆ, ਮਜ਼ਦੂਰ ਹੱਕਾਂ ਅਤੇ ਸਮਾਜਿਕ ਨਿਆਂ 'ਤੇ ਆਧਾਰਿਤ ਹਨ। ਪਰ ਵਿਰੋਧੀ ਕਹਿੰਦੇ ਹਨ ਕਿ ਇਹੀ ਡੈਮੋਕਰੇਟਿਕ ਸਰਕਾਰ ਘਰਾਂ ਦੀ ਕੀਮਤ, ਬੇਘਰਪਨ ਅਤੇ ਜੀਵਨ ਲਾਗਤ ਨੂੰ ਕਾਬੂ ਕਰਨ ਵਿਚ ਅਸਫਲ ਰਹੀ ਹੈ। ਨਵੰਬਰ ਦੀ ਚੋਣ ਵਿਚ ਇਹ ਦੋ ਕਹਾਣੀਆਂ ਟਕਰਾਉਣਗੀਆਂ। ਇੱਕ ਪਾਸੇ "ਕੈਲੀਫੋਰਨੀਆ ਦੇ ਮੁੱਲ ਬਚਾਓ" ਦਾ ਸੰਦੇਸ਼ ਹੋਵੇਗਾ, ਦੂਜੇ ਪਾਸੇ "ਕੈਲੀਫੋਰਨੀਆ ਨੂੰ ਠੀਕ ਕਰੋ" ਦਾ ਨਾਅਰਾ ਹੋਵੇਗਾ।

ਸਿਰਫ਼ ਗਵਰਨਰ ਦੀ ਦੌੜ ਹੀ ਨਹੀਂ, ਰਾਜ ਪੱਧਰ ਦੀਆਂ ਹੋਰ ਚੋਣਾਂ ਵੀ ਮਹੱਤਵਪੂਰਨ ਹਨ। ਲੈਫਟੀਨੈਂਟ ਗਵਰਨਰ, ਅਟਾਰਨੀ ਜਨਰਲ, ਸੈਕਟਰੀ ਆਫ ਸਟੇਟ, ਟ੍ਰੇਜ਼ਰਰ, ਕੰਟਰੋਲਰ, ਇੰਸ਼ੋਰੈਂਸ ਕਮਿਸ਼ਨਰ, ਬੋਰਡ ਆਫ ਇਕੁਅਲਾਈਜ਼ੇਸ਼ਨ, ਸਟੇਟ ਸੈਨੇਟ ਅਤੇ ਅਸੈਂਬਲੀ ਦੀਆਂ ਰੇਸਾਂ ਵਿਚ ਵੀ ਵੋਟਰਾਂ ਨੇ ਆਪਣੀ ਰਾਏ ਦਿੱਤੀ ਹੈ। ਹੁਣ ਤੱਕ ਦੇ ਰੁਝਾਨ ਦੱਸਦੇ ਹਨ ਕਿ ਕੈਲੀਫੋਰਨੀਆ ਵਿਚ ਡੈਮੋਕਰੇਟਿਕ ਪਾਰਟੀ ਦਾ ਰਾਜ ਪੱਧਰ 'ਤੇ ਸੰਗਠਨ ਅਜੇ ਵੀ ਮਜ਼ਬੂਤ ਹੈ। ਕਈ ਮੌਜੂਦਾ ਜਾਂ ਸਥਾਪਿਤ ਡੈਮੋਕਰੇਟ ਉਮੀਦਵਾਰ ਆਪਣੇ-ਆਪਣੇ ਮੁਕਾਬਲਿਆਂ ਵਿਚ ਅੱਗੇ ਰਹੇ ਹਨ। ਇਸ ਨਾਲ ਇਹ ਸੰਦੇਸ਼ ਮਿਲਦਾ ਹੈ ਕਿ ਹਿਲਟਨ ਦੇ ਉਭਾਰ ਦੇ ਬਾਵਜੂਦ ਕੈਲੀਫੋਰਨੀਆ ਦੀ ਕੁੱਲ ਰਾਜਨੀਤਿਕ ਬਣਤਰ ਅਜੇ ਵੀ ਡੈਮੋਕਰੇਟਿਕ ਹੈ।

ਕਾਂਗਰਸ ਦੀਆਂ ਰੇਸਾਂ ਇਸ ਵਾਰ ਬਹੁਤ ਮਹੱਤਵਪੂਰਨ ਹਨ। ਕੈਲੀਫੋਰਨੀਆ ਦੇ ਕਈ ਕਾਂਗਰਸੀ ਜ਼ਿਲ੍ਹਿਆਂ ਵਿਚ ਨਵੰਬਰ ਦੀਆਂ ਰੇਸਾਂ ਅਮਰੀਕੀ ਹਾਊਸ ਆਫ ਰਿਪਰਜ਼ੈਂਟੇਟਿਵਜ਼ ਦੇ ਕੰਟਰੋਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਕੁਝ ਜ਼ਿਲ੍ਹਿਆਂ ਵਿਚ ਡੈਮੋਕਰੇਟ ਅਤੇ ਰਿਪਬਲਿਕਨ ਸਿੱਧੇ ਮੁਕਾਬਲੇ ਵਿਚ ਜਾ ਰਹੇ ਹਨ। ਸੈਕਰਾਮੈਂਟੋ ਇਲਾਕੇ ਵਿਚ ਡੌਰਿਸ ਮਤਸੂਈ ਵਰਗੇ ਲੰਬੇ ਸਮੇਂ ਤੋਂ ਕਾਂਗਰਸ ਵਿਚ ਰਹੇ ਚਿਹਰਿਆਂ ਨੂੰ ਨਵੀਂ ਪੀੜ੍ਹੀ ਦੇ ਡੈਮੋਕਰੇਟਿਕ ਚੈਲੈਂਜਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਮੀ ਬੇਰਾ, ਮਾਈਕ ਥੌਂਪਸਨ ਅਤੇ ਹੋਰ ਕਈ ਤਜ਼ਰਬੇਕਾਰ ਨੇਤਾਵਾਂ ਦੀਆਂ ਰੇਸਾਂ 'ਤੇ ਵੀ ਨਜ਼ਰ ਰਹੇਗੀ। ਇਸ ਨਾਲ ਇੱਕ ਹੋਰ ਗੱਲ ਸਪੱਸ਼ਟ ਹੁੰਦੀ ਹੈ ਕਿ ਡੈਮੋਕਰੇਟਿਕ ਪਾਰਟੀ ਦੇ ਅੰਦਰ ਵੀ ਪੀੜ੍ਹੀ ਬਦਲਾਅ ਅਤੇ ਵਿਚਾਰਧਾਰਕ ਬਦਲਾਅ ਦੀ ਲਹਿਰ ਚੱਲ ਰਹੀ ਹੈ।

ਲਾਸ ਏਂਜਲਸ ਮੇਅਰ ਦੀ ਚੋਣ ਨੇ ਵੀ ਵੱਡਾ ਧਿਆਨ ਖਿੱਚਿਆ। ਮੌਜੂਦਾ ਮੇਅਰ ਕੈਰਨ ਬਾਸ ਰਨਆਫ਼ ਵੱਲ ਵਧ ਰਹੀ ਹਨ। ਪਰ ਉਨ੍ਹਾਂ ਦੇ ਖਿਲਾਫ਼ ਚੁਣੌਤੀ ਪਹਿਲਾਂ ਨਾਲੋਂ ਵੱਧ ਮਜ਼ਬੂਤ ਦਿਖਾਈ ਦਿੱਤੀ। ਸਪੈਂਸਰ ਪ੍ਰੈਟ ਅਤੇ ਹੋਰ ਉਮੀਦਵਾਰਾਂ ਨੇ ਬੇਘਰਪਨ, ਜੰਗਲੀ ਅੱਗਾਂ ਦੇ ਜਵਾਬ, ਸੁਰੱਖਿਆ ਅਤੇ ਸ਼ਹਿਰੀ ਪ੍ਰਬੰਧਨ ਨੂੰ ਵੱਡਾ ਮੁੱਦਾ ਬਣਾਇਆ। ਇਹ ਦੱਸਦਾ ਹੈ ਕਿ ਕੈਲੀਫੋਰਨੀਆ ਦੇ ਵੱਡੇ ਸ਼ਹਿਰਾਂ ਵਿਚ ਵੀ ਲੋਕ ਮੌਜੂਦਾ ਪ੍ਰਬੰਧ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਨ। ਇਹੀ ਮਾਹੌਲ ਗਵਰਨਰ ਦੀ ਦੌੜ 'ਤੇ ਵੀ ਅਸਰ ਪਾ ਸਕਦਾ ਹੈ।

ਸਿੱਖ ਅਤੇ ਭਾਰਤੀ-ਅਮਰੀਕੀ ਭਾਈਚਾਰੇ ਲਈ ਇਹ ਚੋਣ ਖਾਸ ਮਹੱਤਵ ਰੱਖਦੀ ਹੈ। ਸੈਕਰਾਮੈਂਟੋ, ਐਲਕ ਗਰੋਵ, ਯੂਬਾ ਸਿਟੀ, ਫਰਿਜ਼ਨੋ, ਸੈਨਹੋਜ਼ੇ, ਫਰੀਮਾਂਟ, ਬੇ ਏਰੀਆ ਅਤੇ ਦੱਖਣੀ ਕੈਲੀਫੋਰਨੀਆ ਦੇ ਕਈ ਇਲਾਕਿਆਂ ਵਿਚ ਭਾਰਤੀ ਅਤੇ ਪੰਜਾਬੀ ਮੂਲ ਦੇ ਵੋਟਰਾਂ ਦੀ ਗਿਣਤੀ ਵਧ ਰਹੀ ਹੈ। ਪਹਿਲਾਂ ਇਹ ਭਾਈਚਾਰਾ ਜ਼ਿਆਦਾਤਰ ਵੋਟਰ ਜਾਂ ਦਾਨੀ ਵਜੋਂ ਦੇਖਿਆ ਜਾਂਦਾ ਸੀ, ਪਰ ਹੁਣ ਭਾਈਚਾਰੇ ਵਿਚੋਂ ਕਈ ਲੋਕ ਸਕੂਲ ਬੋਰਡ, ਸਿਟੀ ਕੌਂਸਲ, ਕਾਊਂਟੀ ਬੋਰਡ, ਅਸੈਂਬਲੀ, ਕਾਂਗਰਸ ਅਤੇ ਹੋਰ ਪਬਲਿਕ ਅਹੁਦਿਆਂ ਵੱਲ ਵਧ ਰਹੇ ਹਨ। ਇਹ ਕੈਲੀਫੋਰਨੀਆ ਦੀ ਬਦਲਦੀ ਡੈਮੋਗ੍ਰਾਫੀ ਦਾ ਹਿੱਸਾ ਹੈ। ਸਿੱਖ ਅਤੇ ਭਾਰਤੀ ਭਾਈਚਾਰੇ ਦੇ ਮੁੱਦੇ ਵੀ ਵੱਖਰੇ ਹਨ: ਛੋਟੇ ਕਾਰੋਬਾਰਾਂ ਦੀ ਸੁਰੱਖਿਆ, ਇਮੀਗ੍ਰੇਸ਼ਨ, ਪਬਲਿਕ ਸੇਫਟੀ, ਸਕੂਲਾਂ ਵਿਚ ਬੱਚਿਆਂ ਦੀ ਸੁਰੱਖਿਆ, ਧਾਰਮਿਕ ਆਜ਼ਾਦੀ, ਘਰਾਂ ਦੀ ਕੀਮਤ ਅਤੇ ਨਸਲੀ ਭੇਦਭਾਵ ਦੇ ਖਿਲਾਫ਼ ਨੀਤੀਆਂ। ਇਸ ਲਈ ਨਵੰਬਰ ਦੀ ਚੋਣ ਵਿਚ ਭਾਰਤੀ-ਅਮਰੀਕੀ ਵੋਟਰ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।


ਹੁਣ ਸਭ ਤੋਂ ਵੱਡਾ ਸਵਾਲ ਹੈ ਕਿ ਨਵੰਬਰ ਵਿਚ ਕੀ ਹੋਵੇਗਾ। ਜੇ ਮੁਕਾਬਲਾ ਸਟੀਵ ਹਿਲਟਨ ਅਤੇ ਜ਼ੇਵੀਅਰ ਬਸੇਰਾ ਵਿਚਕਾਰ ਹੀ ਰਹਿੰਦਾ ਹੈ, ਤਾਂ ਇਹ ਚੋਣ ਦੋ ਵੱਖ-ਵੱਖ ਰਾਜਨੀਤਿਕ ਮਾਡਲਾਂ ਦੀ ਟੱਕਰ ਹੋਵੇਗੀ। ਹਿਲਟਨ ਕਹਿਣਗੇ ਕਿ ਕੈਲੀਫੋਰਨੀਆ ਨੂੰ ਡੈਮੋਕਰੇਟਿਕ ਇਕ-ਪਾਰਟੀ ਰਾਜ ਤੋਂ ਬਾਹਰ ਕੱਢਣ ਦੀ ਲੋੜ ਹੈ। ਬਸੇਰਾ ਕਹਿਣਗੇ ਕਿ ਕੈਲੀਫੋਰਨੀਆ ਨੂੰ ਤਜ਼ਰਬੇਕਾਰ, ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਲੀਡਰਸ਼ਿਪ ਦੀ ਲੋੜ ਹੈ। ਹਿਲਟਨ ਮੁੱਦਾ ਬਣਾਉਣਗੇ ਕਿ ਲੋਕ ਕੈਲੀਫੋਰਨੀਆ ਛੱਡ ਰਹੇ ਹਨ, ਘਰ ਮਹਿੰਗੇ ਹਨ ਅਤੇ ਸਰਕਾਰ ਨਾਕਾਮ ਰਹੀ ਹੈ। ਬਸੇਰਾ ਕਹਿਣਗੇ ਕਿ ਕੈਲੀਫੋਰਨੀਆ ਅਜੇ ਵੀ ਅਮਰੀਕਾ ਦੀ ਆਰਥਿਕ ਤਾਕਤ ਹੈ, ਇਮੀਗ੍ਰੈਂਟਸ ਦਾ ਘਰ ਹੈ ਅਤੇ ਭਵਿੱਖ ਦੀ ਤਕਨਾਲੋਜੀ ਦਾ ਕੇਂਦਰ ਹੈ।

ਅੱਜ ਦੀ ਸਥਿਤੀ ਦੇ ਆਧਾਰ 'ਤੇ ਬਸੇਰਾ ਨੂੰ ਨਵੰਬਰ ਵਿਚ ਹਲਕਾ ਫਾਇਦਾ ਮੰਨਿਆ ਜਾ ਸਕਦਾ ਹੈ, ਕਿਉਂਕਿ ਕੈਲੀਫੋਰਨੀਆ ਦੀ ਵੋਟਰ ਰਜਿਸਟ੍ਰੇਸ਼ਨ, ਸ਼ਹਿਰੀ ਖੇਤਰਾਂ ਦੀ ਤਾਕਤ ਅਤੇ ਡੈਮੋਕਰੇਟਿਕ ਗਠਜੋੜ ਉਨ੍ਹਾਂ ਦੇ ਹੱਕ ਵਿਚ ਹੈ। ਪਰ ਹਿਲਟਨ ਨੂੰ ਹਲਕੇ ਵਿਚ ਲੈਣਾ ਗਲਤੀ ਹੋਵੇਗੀ। ਉਨ੍ਹਾਂ ਨੇ ਪ੍ਰਾਈਮਰੀ ਵਿਚ ਸਾਬਤ ਕਰ ਦਿੱਤਾ ਹੈ ਕਿ ਉਹ ਰਿਪਬਲਿਕਨ ਵੋਟਰਾਂ ਨੂੰ ਇਕੱਠਾ ਕਰ ਸਕਦੇ ਹਨ ਅਤੇ ਬਦਲਾਅ ਦਾ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਦੇ ਸਕਦੇ ਹਨ। ਜੇ ਨਵੰਬਰ ਵਿਚ ਡੈਮੋਕਰੇਟਿਕ ਵੋਟਰਾਂ ਦੀ ਟਰਨਆਊਟ ਘੱਟ ਰਹਿੰਦੀ ਹੈ ਅਤੇ ਰਿਪਬਲਿਕਨ ਤੇ ਆਜ਼ਾਦ ਵੋਟਰ ਵੱਡੀ ਗਿਣਤੀ ਵਿਚ ਬਾਹਰ ਆਉਂਦੇ ਹਨ, ਤਾਂ ਮੁਕਾਬਲਾ ਬਹੁਤ ਕਰੀਬ ਹੋ ਸਕਦਾ ਹੈ।

ਇਸ ਚੋਣ ਦਾ ਇੱਕ ਹੋਰ ਵੱਡਾ ਪੱਖ ਰਾਸ਼ਟਰੀ ਰਾਜਨੀਤੀ ਹੈ। 2026 ਦੀਆਂ ਮਿਡਟਰਮ ਚੋਣਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ, ਅਰਥਵਿਵਸਥਾ, ਇਮੀਗ੍ਰੇਸ਼ਨ, ਸਰਹੱਦ ਸੁਰੱਖਿਆ, ਮਹਿੰਗਾਈ ਅਤੇ ਅਮਰੀਕਾ ਦੀ ਵਿਦੇਸ਼ ਨੀਤੀ ਵੀ ਵੋਟਰਾਂ ਦੇ ਮਨ 'ਤੇ ਪ੍ਰਭਾਵ ਪਾਉਣਗੇ। ਕੈਲੀਫੋਰਨੀਆ ਡੈਮੋਕਰੇਟਿਕ ਰਾਜ ਹੈ, ਪਰ ਜੇ ਦੇਸ਼ ਭਰ ਵਿਚ ਸਰਕਾਰ ਵਿਰੋਧੀ ਮਾਹੌਲ ਬਣਦਾ ਹੈ ਤਾਂ ਰਿਪਬਲਿਕਨਾਂ ਨੂੰ ਕੁਝ ਲਾਭ ਮਿਲ ਸਕਦਾ ਹੈ। ਦੂਜੇ ਪਾਸੇ ਜੇ ਡੈਮੋਕਰੇਟਿਕ ਵੋਟਰ ਟਰੰਪ ਪ੍ਰਸ਼ਾਸਨ ਦੇ ਖਿਲਾਫ਼ ਵੱਡੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਹਨ ਤਾਂ ਬਸੇਰਾ ਲਈ ਰਸਤਾ ਹੋਰ ਆਸਾਨ ਹੋ ਸਕਦਾ ਹੈ।

ਇਸ ਲਈ 2026 ਦੀ ਕੈਲੀਫੋਰਨੀਆ ਪ੍ਰਾਈਮਰੀ ਨੇ ਤਿੰਨ ਵੱਡੇ ਸੰਦੇਸ਼ ਦਿੱਤੇ ਹਨ। ਪਹਿਲਾ, ਕੈਲੀਫੋਰਨੀਆ ਅਜੇ ਵੀ ਡੈਮੋਕਰੇਟਿਕ ਰਾਜ ਹੈ ਅਤੇ ਡੈਮੋਕਰੇਟਿਕ ਪਾਰਟੀ ਦੀ ਜੜ੍ਹ ਮਜ਼ਬੂਤ ਹੈ। ਦੂਜਾ, ਰਿਪਬਲਿਕਨ ਪਾਰਟੀ ਕੈਲੀਫੋਰਨੀਆ ਵਿਚ ਪੂਰੀ ਤਰ੍ਹਾਂ ਖਤਮ ਨਹੀਂ ਹੋਈ; ਜੇ ਸਹੀ ਉਮੀਦਵਾਰ ਅਤੇ ਸਹੀ ਮੁੱਦੇ ਹੋਣ ਤਾਂ ਉਹ ਵੋਟਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਤੀਜਾ, ਨਵੰਬਰ ਦੀ ਚੋਣ ਸਿਰਫ਼ ਪਾਰਟੀ ਦੇ ਨਿਸ਼ਾਨਾਂ ਦੀ ਨਹੀਂ, ਸਗੋਂ ਜੀਵਨ ਲਾਗਤ, ਘਰਾਂ ਦੀ ਪਹੁੰਚ, ਬੇਘਰਪਨ, ਸੁਰੱਖਿਆ ਅਤੇ ਭਵਿੱਖ ਦੀ ਦਿਸ਼ਾ ਦੀ ਚੋਣ ਹੋਵੇਗੀ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਿਊਸਮ ਯੁੱਗ ਤੋਂ ਬਾਅਦ ਕੈਲੀਫੋਰਨੀਆ ਇੱਕ ਚੌਰਾਹੇ 'ਤੇ ਖੜ੍ਹਾ ਹੈ। ਇੱਕ ਰਸਤਾ ਉਹ ਹੈ, ਜੋ ਪਿਛਲੇ ਕਈ ਸਾਲਾਂ ਤੋਂ ਡੈਮੋਕਰੇਟਿਕ ਪਾਰਟੀ ਨੇ ਬਣਾਇਆ ਹੈ। ਦੂਜਾ ਰਸਤਾ ਉਹ ਹੈ, ਜਿਸਨੂੰ ਸਟੀਵ ਹਿਲਟਨ ਵਰਗੇ ਰਿਪਬਲਿਕਨ "ਬਦਲਾਅ" ਦਾ ਨਾਮ ਦੇ ਰਹੇ ਹਨ। ਵੋਟਰਾਂ ਨੂੰ ਨਵੰਬਰ ਵਿਚ ਫੈਸਲਾ ਕਰਨਾ ਹੋਵੇਗਾ ਕਿ ਉਹ ਮੌਜੂਦਾ ਨੀਤੀਆਂ ਨੂੰ ਨਵੇਂ ਚਿਹਰੇ ਨਾਲ ਜਾਰੀ ਰੱਖਣਾ ਚਾਹੁੰਦੇ ਹਨ ਜਾਂ ਇੱਕ ਵੱਖਰੀ ਦਿਸ਼ਾ ਵੱਲ ਜਾਣਾ ਚਾਹੁੰਦੇ ਹਨ। ਮੌਜੂਦਾ ਅੰਕੜਿਆਂ ਦੇ ਆਧਾਰ 'ਤੇ ਡੈਮੋਕਰੇਟਿਕ ਪਾਰਟੀ ਦਾ ਪੱਲਾ ਅਜੇ ਵੀ ਭਾਰੀ ਦਿਖਦਾ ਹੈ, ਪਰ ਇਸ ਪ੍ਰਾਈਮਰੀ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਕੈਲੀਫੋਰਨੀਆ ਦੀ ਰਾਜਨੀਤੀ ਹੁਣ ਪੂਰੀ ਤਰ੍ਹਾਂ ਇਕਤਰਫ਼ੀ ਨਹੀਂ ਰਹੀ। ਨਵੰਬਰ ਦੀ ਚੋਣ ਵਿਚ ਮੁਕਾਬਲਾ ਦਿਲਚਸਪ, ਤਿੱਖਾ ਅਤੇ ਰਾਸ਼ਟਰੀ ਪੱਧਰ 'ਤੇ ਬਹੁਤ ਮਹੱਤਵਪੂਰਨ ਹੋਵੇਗਾ।



# ਅਮਰੀਕਾ ’ਚ ਇਮੀਗ੍ਰੇਸ਼ਨ ਦਾ ਨਵਾਂ ਦੌਰ

# ਟਰੰਪ ਦੀਆਂ ਨੀਤੀਆਂ, ਅਦਾਲਤੀ ਫ਼ੈਸਲੇ ਅਤੇ ਪ੍ਰਵਾਸੀਆਂ ਦੇ ਭਵਿੱਖ ’ਤੇ ਵੱਡਾ ਅਸਰ

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



*ਇਮੀਗ੍ਰੇਸ਼ਨ ਖੇਤਰ ਵਿਚ ਸਭ ਤੋਂ ਵੱਡਾ ਮੁੱਦਾ ਅਸਾਇਲਮ ਅਤੇ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਲੈ ਕੇ ਸਾਹਮਣੇ ਆਇਆ। ਟਰੰਪ ਪ੍ਰਸ਼ਾਸਨ ਨੇ ਕਈ ਦੇਸ਼ਾਂ ਦੇ ਲੋਕਾਂ ਦੀਆਂ ਅਸਾਇਲਮ, ਗ੍ਰੀਨ ਕਾਰਡ, ਨਾਗਰਿਕਤਾ ਅਤੇ ਵਰਕ ਪਰਮਿਟ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਰੋਕਣ ਜਾਂ ਹੌਲੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਇੱਕ ਫੈਡਰਲ ਅਦਾਲਤ ਨੇ ਇਹ ਕਹਿੰਦੇ ਹੋਏ ਪ੍ਰਸ਼ਾਸਨ ਨੂੰ ਝਟਕਾ ਦਿੱਤਾ ਕਿ ਇਮੀਗ੍ਰੇਸ਼ਨ ਕਾਨੂੰਨਾਂ ਤੋਂ ਉੱਪਰ ਕੋਈ ਏਜੰਸੀ ਨਹੀਂ ਹੋ ਸਕਦੀ ਅਤੇ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਬੇਵਜ੍ਹਾ ਰੋਕਿਆ ਨਹੀਂ ਜਾ ਸਕਦਾ।*

ਅਮਰੀਕਾ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਇਮੀਗ੍ਰੇਸ਼ਨ ਅਤੇ ਸਮਾਜਿਕ ਭਲਾਈ ਨਾਲ ਸੰਬੰਧਿਤ ਨੀਤੀਆਂ ’ਚ ਤੇਜ਼ੀ ਨਾਲ ਬਦਲਾਅ ਆ ਰਹੇ ਹਨ। ਖ਼ਾਸ ਕਰਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਲਾਗੂ ਕੀਤੀਆਂ ਜਾ ਰਹੀਆਂ ਨਵੀਆਂ ਨੀਤੀਆਂ ਨੇ ਲੱਖਾਂ ਪ੍ਰਵਾਸੀਆਂ, ਵਿਦਿਆਰਥੀਆਂ, ਵਰਕ ਪਰਮਿਟ ਧਾਰਕਾਂ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਇੱਕ ਪਾਸੇ ਸਰਕਾਰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਕੜੇ ਕਦਮ ਚੁੱਕ ਰਹੀ ਹੈ, ਜਦਕਿ ਦੂਜੇ ਪਾਸੇ ਫੈਡਰਲ ਅਦਾਲਤਾਂ ਕਈ ਮਾਮਲਿਆਂ ਵਿਚ ਪ੍ਰਸ਼ਾਸਨ ਦੇ ਫ਼ੈਸਲਿਆਂ ਨੂੰ ਚੁਣੌਤੀ ਵੀ ਦੇ ਰਹੀਆਂ ਹਨ।

ਇਮੀਗ੍ਰੇਸ਼ਨ ਖੇਤਰ ਵਿਚ ਸਭ ਤੋਂ ਵੱਡਾ ਮੁੱਦਾ ਅਸਾਇਲਮ ਅਤੇ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਲੈ ਕੇ ਸਾਹਮਣੇ ਆਇਆ। ਟਰੰਪ ਪ੍ਰਸ਼ਾਸਨ ਨੇ ਕਈ ਦੇਸ਼ਾਂ ਦੇ ਲੋਕਾਂ ਦੀਆਂ ਅਸਾਇਲਮ, ਗ੍ਰੀਨ ਕਾਰਡ, ਨਾਗਰਿਕਤਾ ਅਤੇ ਵਰਕ ਪਰਮਿਟ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਰੋਕਣ ਜਾਂ ਹੌਲੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਇੱਕ ਫੈਡਰਲ ਅਦਾਲਤ ਨੇ ਇਹ ਕਹਿੰਦੇ ਹੋਏ ਪ੍ਰਸ਼ਾਸਨ ਨੂੰ ਝਟਕਾ ਦਿੱਤਾ ਕਿ ਇਮੀਗ੍ਰੇਸ਼ਨ ਕਾਨੂੰਨਾਂ ਤੋਂ ਉੱਪਰ ਕੋਈ ਏਜੰਸੀ ਨਹੀਂ ਹੋ ਸਕਦੀ ਅਤੇ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਬੇਵਜ੍ਹਾ ਰੋਕਿਆ ਨਹੀਂ ਜਾ ਸਕਦਾ। ਇਸ ਫ਼ੈਸਲੇ ਨਾਲ ਹਜ਼ਾਰਾਂ ਪ੍ਰਵਾਸੀਆਂ ਨੂੰ ਰਾਹਤ ਮਿਲੀ ਹੈ, ਜਿਨ੍ਹਾਂ ਦੀਆਂ ਫ਼ਾਈਲਾਂ ਕਈ ਮਹੀਨਿਆਂ ਤੋਂ ਲਟਕੀਆਂ ਹੋਈਆਂ ਸਨ।

ਇਸੇ ਦੌਰਾਨ ਯੂ.ਐੱਸ.ਸੀ.ਆਈ.ਐੱਸ. ਵੱਲੋਂ ਐਡਜਸਮੈਂਟ ਆਫ ਸਟੇਟਸ ਸਬੰਧੀ ਨਵੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਪਹਿਲਾਂ ਜਿੱਥੇ ਅਮਰੀਕਾ ਅੰਦਰ ਰਹਿ ਕੇ ਗ੍ਰੀਨ ਕਾਰਡ ਲਈ ਐਡਜਸਮੈਂਟ ਆਫ ਸਟੇਟਸ ਇੱਕ ਆਮ ਪ੍ਰਕਿਰਿਆ ਮੰਨੀ ਜਾਂਦੀ ਸੀ, ਉੱਥੇ ਹੁਣ ਇਸਨੂੰ ਇੱਕ ਵਿਸ਼ੇਸ਼ ਸਹੂਲਤ ਵਜੋਂ ਦੇਖਿਆ ਜਾ ਰਿਹਾ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਅਧਿਕਾਰੀਆਂ ਨੂੰ ਕੇਸ ਰੱਦ ਕਰਨ ਜਾਂ ਹੋਰ ਵਾਧੂ ਸਬੂਤ ਮੰਗਣ ਦਾ ਵੱਧ ਅਧਿਕਾਰ ਮਿਲ ਸਕਦਾ ਹੈ।

ਰੋਜ਼ਗਾਰ ਨਾਲ ਸੰਬੰਧਿਤ ਖੇਤਰ ਵਿਚ ਵੀ ਵੱਡੀਆਂ ਤਬਦੀਲੀਆਂ ਦੀ ਚਰਚਾ ਹੈ। ਇੱਕ ਪ੍ਰਸਤਾਵ ਅਧੀਨ ਲੱਖਾਂ ਵਰਕ ਪਰਮਿਟ ਧਾਰਕਾਂ ਲਈ ਨਵੇਂ ਨਿਯਮ ਲਾਗੂ ਕੀਤੇ ਜਾ ਸਕਦੇ ਹਨ। ਇਸ ਵਿਚ ਖ਼ਾਸ ਕਰਕੇ ਉਹ ਲੋਕ ਪ੍ਰਭਾਵਿਤ ਹੋ ਸਕਦੇ ਹਨ, ਜੋ ਪੈਰੋਲ, ਡੈਫਰਡ ਐਕਸ਼ਨ ਜਾਂ ਹੋਰ ਅਸਥਾਈ ਸੁਰੱਖਿਆ ਪ੍ਰੋਗਰਾਮਾਂ ਰਾਹੀਂ ਅਮਰੀਕਾ ਵਿਚ ਕੰਮ ਕਰ ਰਹੇ ਹਨ। ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਜੇ ਇਹ ਨਿਯਮ ਲਾਗੂ ਹੋ ਜਾਂਦੇ ਹਨ, ਤਾਂ ਲਗਭਗ 10 ਲੱਖ ਲੋਕਾਂ ਦੇ ਰੋਜ਼ਗਾਰ ਉੱਤੇ ਅਸਰ ਪੈ ਸਕਦਾ ਹੈ।

ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਵੀ ਦਿਲਚਸਪ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਇਸ ਸਾਲ ਐੱਚ-1ਬੀ ਅਰਜ਼ੀਆਂ ਵਿਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵਧੀ ਹੋਈ ਜਾਂਚ, ਵਧ ਰਹੀਆਂ ਫੀਸਾਂ ਅਤੇ ਨੀਤੀਗਤ ਅਨਿਸ਼ਚਿਤਤਾ ਕਾਰਨ ਬਹੁਤ ਸਾਰੀਆਂ ਕੰਪਨੀਆਂ ਨੇ ਅਰਜ਼ੀਆਂ ਘਟਾ ਦਿੱਤੀਆਂ ਹਨ। ਇਸਦੇ ਨਾਲ ਹੀ ਭਾਰਤ ਨਾਲ ਸੰਬੰਧਿਤ ਈਬੀ-2 ਗ੍ਰੀਨ ਕਾਰਡ ਸ਼੍ਰੇਣੀ ਦੀ ਸੀਮਾ ਵੀ ਖ਼ਤਮ ਹੋ ਚੁੱਕੀ ਹੈ, ਜਿਸ ਕਾਰਨ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਨਵੇਂ ਵਿੱਤੀ ਸਾਲ ਤੱਕ ਉਡੀਕ ਕਰਨੀ ਪਵੇਗੀ।

ਇੱਕ ਹੋਰ ਮਹੱਤਵਪੂਰਨ ਮਾਮਲਾ **ICE** ਦੀ ਵਧਦੀ ਕਾਰਵਾਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ ’ਤੇ ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਅਮਰੀਕੀ ਨਾਗਰਿਕਾਂ ਲਈ ਵੱਧ ਰੋਜ਼ਗਾਰ ਮੌਕੇ ਪੈਦਾ ਹੋਣਗੇ, ਪਰ ਕਈ ਅਰਥਸ਼ਾਸਤਰੀ ਅਤੇ ਖੋਜ ਸੰਸਥਾਵਾਂ ਇਸ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖੇਤੀਬਾੜੀ, ਨਿਰਮਾਣ, ਹੋਟਲ ਅਤੇ ਸੇਵਾ ਖੇਤਰ ਪਹਿਲਾਂ ਹੀ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ ਅਤੇ ਵੱਡੇ ਪੱਧਰ ’ਤੇ ਡਿਪੋਰਟੇਸ਼ਨ ਨਾਲ ਇਹ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ।

ਅਮਰੀਕਾ ਦੀਆਂ ਸਮਾਜਿਕ ਭਲਾਈ ਯੋਜਨਾਵਾਂ ਵਿਚ ਵੀ ਵੱਡੇ ਬਦਲਾਅ ਹੋ ਰਹੇ ਹਨ। ਮੈਡੀਕੇਡ ਹੇਠ ਕਵਰੇਜ ਲੈਣ ਵਾਲੇ ਲੱਖਾਂ ਲੋਕਾਂ ਨੂੰ ਹੁਣ ਹਰ 6 ਮਹੀਨੇ ਬਾਅਦ ਆਪਣੀ ਯੋਗਤਾ ਸਾਬਤ ਕਰਨੀ ਪਵੇਗੀ। ਪਹਿਲਾਂ ਇਹ ਪ੍ਰਕਿਰਿਆ ਸਾਲ ਵਿਚ ਇੱਕ ਵਾਰ ਹੁੰਦੀ ਸੀ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਇਸ ਨਾਲ ਲੱਖਾਂ ਲੋਕ ਕੇਵਲ ਕਾਗਜ਼ੀ ਕਾਰਵਾਈ ਪੂਰੀ ਨਾ ਕਰ ਸਕਣ ਕਾਰਨ ਆਪਣੀ ਸਿਹਤ ਕਵਰੇਜ ਗੁਆ ਸਕਦੇ ਹਨ।

ਇਸੇ ਤਰ੍ਹਾਂ **SNAP** ਜਾਂ ਫੂਡ ਸਟੈਂਪ ਪ੍ਰੋਗਰਾਮ ਨੂੰ ਲੈ ਕੇ ਵੀ ਕਾਨੂੰਨੀ ਲੜਾਈ ਚੱਲ ਰਹੀ ਹੈ। ਟਰੰਪ ਪ੍ਰਸ਼ਾਸਨ ਨੇ ਰਾਜਾਂ ਲਈ ਕੁਝ ਨਵੀਆਂ ਸ਼ਰਤਾਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਇੱਕ ਫੈਡਰਲ ਜੱਜ ਨੇ ਇਸ ਉੱਤੇ ਅਸਥਾਈ ਰੋਕ ਲਗਾ ਦਿੱਤੀ। ਇਸ ਨਾਲ ਕਰੋੜਾਂ ਅਮਰੀਕੀ ਪਰਿਵਾਰਾਂ ਲਈ ਫੂਡ ਸਹਾਇਤਾ ਪ੍ਰੋਗਰਾਮ ਪਹਿਲਾਂ ਵਾਂਗ ਜਾਰੀ ਰਹੇਗਾ।

ਅਮਰੀਕਾ ਵਿਚ ਬੱਚਿਆਂ ਅਤੇ ਪਰਿਵਾਰਾਂ ਉੱਤੇ ਇਮੀਗ੍ਰੇਸ਼ਨ ਕਾਰਵਾਈਆਂ ਦੇ ਪ੍ਰਭਾਵ ਬਾਰੇ ਵੀ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਵੱਖ-ਵੱਖ ਰਿਪੋਰਟਾਂ ਅਨੁਸਾਰ ਲੱਖਾਂ ਅਮਰੀਕੀ ਨਾਗਰਿਕ ਬੱਚੇ ਆਪਣੇ ਮਾਪਿਆਂ ਦੀ ਗ੍ਰਿਫ਼ਤਾਰੀ ਜਾਂ ਡਿਪੋਰਟੇਸ਼ਨ ਕਾਰਨ ਪ੍ਰਭਾਵਿਤ ਹੋ ਰਹੇ ਹਨ। ਕਈ ਪਰਿਵਾਰ ਟੁੱਟ ਰਹੇ ਹਨ ਅਤੇ ਹਜ਼ਾਰਾਂ ਬੱਚਿਆਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੇ ਪਾਸੇ, ਅਮਰੀਕੀ ਸਮਾਜ ਵਿਚ ਵੀ ਵੱਡੇ ਬਦਲਾਅ ਦੀ ਝਲਕ ਮਿਲ ਰਹੀ ਹੈ। ਇੱਕ ਤਾਜ਼ਾ ਸਰਵੇਖਣ ਮੁਤਾਬਕ ਹੁਣ ਕੇਵਲ ਇੱਕ ਚੌਥਾਈ ਅਮਰੀਕੀ ਹੀ ਇਹ ਮੰਨਦੇ ਹਨ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਹੈ। ਨੌਜਵਾਨ ਪੀੜ੍ਹੀ ਵਿਚ ਲੋਕਤੰਤਰ, ਅਰਥਵਿਵਸਥਾ ਅਤੇ ‘ਅਮਰੀਕਨ ਡਰੀਮ’ ਪ੍ਰਤੀ ਨਿਰਾਸ਼ਾ ਵਧਦੀ ਜਾ ਰਹੀ ਹੈ। ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਅਮਰੀਕਾ ਦਾ ਸੁਨਹਿਰਾ ਦੌਰ ਪਿੱਛੇ ਰਹਿ ਗਿਆ ਹੈ ਅਤੇ ਭਵਿੱਖ ਵਿਚ ਦੇਸ਼ ਨੂੰ ਗੰਭੀਰ ਰਾਜਨੀਤਿਕ ਅਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਮਰੀਕਾ ਇਸ ਸਮੇਂ ਇਮੀਗ੍ਰੇਸ਼ਨ, ਰੋਜ਼ਗਾਰ, ਸਿਹਤ ਸੇਵਾਵਾਂ ਅਤੇ ਸਮਾਜਿਕ ਭਲਾਈ ਦੇ ਖੇਤਰਾਂ ਵਿਚ ਇੱਕ ਵੱਡੇ ਬਦਲਾਅ ਦੇ ਦੌਰ ਵਿਚੋਂ ਲੰਘ ਰਿਹਾ ਹੈ। ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਨੀਤੀਆਂ ਇੱਕ ਪਾਸੇ ਕਾਨੂੰਨੀ ਸਖ਼ਤੀ ਵੱਲ ਇਸ਼ਾਰਾ ਕਰਦੀਆਂ ਹਨ, ਜਦਕਿ ਦੂਜੇ ਪਾਸੇ ਅਦਾਲਤਾਂ ਅਤੇ ਸਿਵਲ ਅਧਿਕਾਰ ਸੰਸਥਾਵਾਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਜਾਰੀ ਰਹੇ। ਆਉਣ ਵਾਲੇ ਮਹੀਨਿਆਂ ਵਿਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਹ ਨੀਤੀਆਂ ਅਮਰੀਕਾ ਦੀ ਅਰਥਵਿਵਸਥਾ, ਸਮਾਜ ਅਤੇ ਲੱਖਾਂ ਪ੍ਰਵਾਸੀਆਂ ਦੇ ਭਵਿੱਖ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰਦੀਆਂ ਹਨ।

ਅਮਰੀਕਾ ਵਿਚ ਇਮੀਗ੍ਰੇਸ਼ਨ ਦਾ ਮੁੱਦਾ ਹੁਣ ਸਿਰਫ਼ ਸਰਹੱਦਾਂ ਜਾਂ ਵੀਜ਼ਿਆਂ ਤੱਕ ਸੀਮਤ ਨਹੀਂ ਰਿਹਾ। ਇਹ ਹੁਣ ਅਮਰੀਕੀ ਰਾਜਨੀਤੀ, ਅਰਥਵਿਵਸਥਾ, ਕੌਮੀ ਸੁਰੱਖਿਆ, ਮਜ਼ਦੂਰ ਬਾਜ਼ਾਰ ਅਤੇ ਸਮਾਜਿਕ ਸੇਵਾਵਾਂ ਨਾਲ ਸਿੱਧਾ ਜੁੜ ਚੁੱਕਾ ਹੈ। 2026 ਦੀਆਂ ਮੱਧ-ਮਿਆਦੀ ਚੋਣਾਂ ਅਤੇ 2028 ਦੀ ਰਾਸ਼ਟਰਪਤੀ ਚੋਣ ਨੂੰ ਧਿਆਨ ਵਿਚ ਰੱਖਦਿਆਂ ਰਿਪਬਲਿਕਨ ਅਤੇ ਡੈਮੋਕ੍ਰੈਟਿਕ ਪਾਰਟੀਆਂ ਇਮੀਗ੍ਰੇਸ਼ਨ ਨੂੰ ਇੱਕ ਵੱਡੇ ਚੋਣੀ ਮੁੱਦੇ ਵਜੋਂ ਪੇਸ਼ ਕਰ ਰਹੀਆਂ ਹਨ।

ਟਰੰਪ ਪ੍ਰਸ਼ਾਸਨ ਵੱਲੋਂ ਪੇਸ਼ ਕੀਤਾ ਗਿਆ “ਬਿੱਗ ਬਿਊਟੀਫੁੱਲ ਬਿੱਲ” ਵੀ ਇਨ੍ਹਾਂ ਚਰਚਾਵਾਂ ਦੇ ਕੇਂਦਰ ਵਿਚ ਹੈ। ਇਸ ਬਿੱਲ ਰਾਹੀਂ ਸਰਹੱਦੀ ਸੁਰੱਖਿਆ ਲਈ ਅਰਬਾਂ ਡਾਲਰ ਦੀ ਵਾਧੂ ਫੰਡਿੰਗ, **ICE** ਅਤੇ ਬਾਰਡਰ ਪੈਟਰੋਲ ਲਈ ਨਵੇਂ ਅਧਿਕਾਰੀਆਂ ਦੀ ਭਰਤੀ, ਡਿਟੇਨਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਤੇਜ਼ ਕਰਨ ਦੀ ਯੋਜਨਾ ਬਣਾਈ ਗਈ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਇਹ ਕਦਮ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਲਾਜ਼ਮੀ ਹਨ, ਜਦਕਿ ਵਿਰੋਧੀ ਧਿਰ ਇਸਨੂੰ ਮਨੁੱਖੀ ਅਧਿਕਾਰਾਂ ਅਤੇ ਪ੍ਰਵਾਸੀ ਭਾਈਚਾਰਿਆਂ ਉੱਤੇ ਵੱਧਦਾ ਦਬਾਅ ਕਰਾਰ ਦੇ ਰਹੀ ਹੈ।

ਇਸ ਸਮੇਂ ਅਮਰੀਕਾ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਵੀ ਰਿਕਾਰਡ ਬੈਕਲਾਗ ਦਾ ਸਾਹਮਣਾ ਕਰ ਰਹੀਆਂ ਹਨ। ਲੱਖਾਂ ਕੇਸ ਅਜੇ ਵੀ ਸੁਣਵਾਈ ਦੀ ਉਡੀਕ ਵਿਚ ਹਨ। ਕਈ ਅਸਾਇਲਮ ਅਰਜ਼ੀਕਾਰਾਂ ਨੂੰ ਅਦਾਲਤੀ ਤਾਰੀਖਾਂ ਲਈ ਕਈ ਸਾਲ ਉਡੀਕ ਕਰਨੀ ਪੈ ਰਹੀ ਹੈ। ਇਸ ਬੈਕਲਾਗ ਨੂੰ ਘਟਾਉਣ ਲਈ ਸਰਕਾਰ ਨੇ “ਮੇਗਾ ਮਾਸਟਰ ਕੈਲੰਡਰ” ਵਰਗੇ ਪ੍ਰਬੰਧ ਸ਼ੁਰੂ ਕੀਤੇ ਹਨ, ਜਿੱਥੇ ਇੱਕ ਹੀ ਦਿਨ ਵਿਚ ਸੈਂਕੜੇ ਕੇਸਾਂ ਦੀ ਸ਼ੁਰੂਆਤੀ ਸੁਣਵਾਈ ਕੀਤੀ ਜਾਂਦੀ ਹੈ। ਪਰ ਇਮੀਗ੍ਰੇਸ਼ਨ ਵਕੀਲਾਂ ਦਾ ਮੰਨਣਾ ਹੈ ਕਿ ਇਸ ਨਾਲ ਕੇਸਾਂ ਦੀ ਗੁਣਵੱਤਾ ਅਤੇ ਨਿਆਂ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

ਵਿਦੇਸ਼ੀ ਵਿਦਿਆਰਥੀਆਂ ਲਈ ਵੀ ਸਥਿਤੀ ਆਸਾਨ ਨਹੀਂ ਰਹੀ। ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀ ਭਵਿੱਖ ਦੀਆਂ ਵੀਜ਼ਾ ਨੀਤੀਆਂ ਅਤੇ ਨੌਕਰੀ ਦੇ ਮੌਕਿਆਂ ਬਾਰੇ ਅਨਿਸ਼ਚਿਤਤਾ ਮਹਿਸੂਸ ਕਰ ਰਹੇ ਹਨ। ਖ਼ਾਸ ਕਰਕੇ ਭਾਰਤ, ਚੀਨ ਅਤੇ ਹੋਰ ਏਸ਼ੀਆਈ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀ **STEM** ਖੇਤਰਾਂ ਵਿਚ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਮੌਕਿਆਂ ਨੂੰ ਲੈ ਕੇ ਚਿੰਤਤ ਹਨ।

ਅਰਥਵਿਵਸਥਾ ਦੇ ਮੋਰਚੇ ’ਤੇ ਵੀ ਵੱਖ-ਵੱਖ ਸੰਕੇਤ ਮਿਲ ਰਹੇ ਹਨ। ਕੁਝ ਉਦਯੋਗਪਤੀਆਂ ਅਤੇ ਵਪਾਰਕ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਵੱਡੇ ਪੱਧਰ ’ਤੇ ਡਿਪੋਰਟੇਸ਼ਨ ਜਾਰੀ ਰਹਿੰਦੀ ਹੈ, ਤਾਂ ਖੇਤੀਬਾੜੀ, ਟਰੱਕਿੰਗ, ਨਿਰਮਾਣ, ਹੋਟਲ ਅਤੇ ਰੈਸਟੋਰੈਂਟ ਉਦਯੋਗ ਵਿਚ ਮਜ਼ਦੂਰਾਂ ਦੀ ਭਾਰੀ ਘਾਟ ਪੈ ਸਕਦੀ ਹੈ। ਕਈ ਰਾਜਾਂ ਵਿਚ ਪਹਿਲਾਂ ਹੀ ਨੌਕਰੀਆਂ ਭਰਨ ਲਈ ਯੋਗ ਕਰਮਚਾਰੀ ਨਹੀਂ ਮਿਲ ਰਹੇ। ਇਸ ਕਾਰਨ ਕੁਝ ਵਪਾਰਕ ਗਰੁੱਪ ਸਰਕਾਰ ਨੂੰ ਕਾਨੂੰਨੀ ਇਮੀਗ੍ਰੇਸ਼ਨ ਦੇ ਰਸਤੇ ਵਧਾਉਣ ਦੀ ਅਪੀਲ ਕਰ ਰਹੇ ਹਨ।

ਦੂਜੇ ਪਾਸੇ, ਅਮਰੀਕੀ ਸਰਹੱਦ ’ਤੇ ਗੈਰ-ਕਾਨੂੰਨੀ ਦਾਖ਼ਲਿਆਂ ਵਿਚ ਪਹਿਲਾਂ ਦੇ ਮੁਕਾਬਲੇ ਕਮੀ ਦਰਜ ਕੀਤੀ ਗਈ ਹੈ। ਸਰਕਾਰ ਇਸਨੂੰ ਆਪਣੀਆਂ ਸਖ਼ਤ ਨੀਤੀਆਂ ਦੀ ਸਫਲਤਾ ਦੱਸ ਰਹੀ ਹੈ। ਪਰ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਕਈ ਸ਼ਰਨਾਰਥੀਆਂ ਅਤੇ ਅਸਾਇਲਮ ਮੰਗਣ ਵਾਲਿਆਂ ਲਈ ਕਾਨੂੰਨੀ ਸੁਰੱਖਿਆ ਤੱਕ ਪਹੁੰਚਣਾ ਹੋਰ ਮੁਸ਼ਕਲ ਬਣ ਗਿਆ ਹੈ।

ਅਮਰੀਕਾ ਵਿਚ ਰਹਿ ਰਹੇ ਭਾਰਤੀ ਅਤੇ ਪੰਜਾਬੀ ਭਾਈਚਾਰੇ ਲਈ ਵੀ ਇਹ ਸਮਾਂ ਬਹੁਤ ਮਹੱਤਵਪੂਰਨ ਹੈ। ਐੱਚ-1ਬੀ, ਈਬੀ-2, ਈਬੀ-3, ਪਰਿਵਾਰਕ ਇਮੀਗ੍ਰੇਸ਼ਨ, ਅਸਾਇਲਮ, ਵਰਕ ਪਰਮਿਟ ਅਤੇ ਗ੍ਰੀਨ ਕਾਰਡ ਨਾਲ ਜੁੜੀਆਂ ਨੀਤੀਆਂ ਵਿਚ ਹੋ ਰਹੇ ਬਦਲਾਅ ਹਜ਼ਾਰਾਂ ਪਰਿਵਾਰਾਂ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਮੀਗ੍ਰੇਸ਼ਨ ਮਾਹਿਰਾਂ ਦੀ ਸਲਾਹ ਹੈ ਕਿ ਲੋਕ ਅਫ਼ਵਾਹਾਂ ਦੀ ਬਜਾਏ ਭਰੋਸੇਯੋਗ ਕਾਨੂੰਨੀ ਜਾਣਕਾਰੀ ’ਤੇ ਨਿਰਭਰ ਕਰਨ ਅਤੇ ਆਪਣੇ ਕੇਸਾਂ ਬਾਰੇ ਸਮੇਂ-ਸਮੇਂ ’ਤੇ ਮਾਹਿਰ ਵਕੀਲਾਂ ਨਾਲ ਸਲਾਹ ਕਰਦੇ ਰਹਿਣ। ਆਉਣ ਵਾਲੇ ਮਹੀਨਿਆਂ ਵਿਚ ਕਾਂਗਰਸ, ਵਾਈਟ ਹਾਊਸ ਅਤੇ ਫੈਡਰਲ ਅਦਾਲਤਾਂ ਵਿਚ ਹੋਣ ਵਾਲੇ ਫ਼ੈਸਲੇ ਨਾ ਸਿਰਫ਼ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਦੀ ਦਿਸ਼ਾ ਤੈਅ ਕਰਨਗੇ, ਸਗੋਂ ਲੱਖਾਂ ਪ੍ਰਵਾਸੀਆਂ ਦੇ ਭਵਿੱਖ ਨੂੰ ਵੀ ਨਿਰਧਾਰਤ ਕਰਨਗੇ। ਇਸ ਲਈ ਹਰ ਨਵੀਂ ਨੀਤੀ, ਅਦਾਲਤੀ ਫ਼ੈਸਲੇ ਅਤੇ ਕਾਨੂੰਨੀ ਤਬਦੀਲੀ ਉੱਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੋ ਗਿਆ ਹੈ।



# ਕੀ ਭਾਰਤ ਨੂੰ ਇੱਕ ਹੋਰ 'ਆਜ਼ਾਦੀ ਅੰਦੋਲਨ' ਦੀ ਲੋੜ ਹੈ?



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਅਜੋਕੇ ਦੌਰ ਵਿਚ ਭਾਰਤ ਦਾ ਆਮ ਨਾਗਰਿਕ ਇੱਕ ਅਜਿਹੇ ਦੌਰ ਵਿਚੋਂ ਲੰਘ ਰਿਹਾ ਹੈ, ਜਿੱਥੇ ਉਸ ਦੀ ਆਰਥਿਕ ਆਜ਼ਾਦੀ ਅਤੇ ਰੋਜ਼ਾਨਾ ਦੀ ਹੋਂਦ ਸਭ ਤੋਂ ਵੱਡੇ ਸੰਕਟ ਵਿਚ ਹੈ।

ਦੇਸ਼ ਵਿਚ ਪਿਛਲੇ ਕੁਝ ਦਿਨਾਂ ਤੋਂ ਮਹਿੰਗਾਈ ਆਮ ਲੋਕਾਂ ਲਈ ਇੱਕ ਨਾ-ਸਹਿਣਯੋਗ ਕਹਿਰ ਬਣ ਕੇ ਟੁੱਟ ਰਹੀ ਹੈ। ਜੇਕਰ ਮਹਿਜ਼ ਪਿਛਲੇ 30 ਦਿਨਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਲਗਭਗ 7.50 ਰੁਪਏ ਪ੍ਰਤੀ ਲੀਟਰ ਦਾ ਭਾਰੀ ਅਤੇ ਬੇਰਹਿਮ ਵਾਧਾ ਕੀਤਾ ਜਾ ਚੁੱਕਾ ਹੈ। ਇਹ ਵਾਧਾ ਸਿਰਫ਼ ਤੇਲ ਦੀਆਂ ਕੀਮਤਾਂ ਤੱਕ ਸੀਮਤ ਨਹੀਂ ਹੈ, ਬਲਕਿ ਇਸ ਦਾ ਸਿੱਧਾ ਅਤੇ ਘਾਤਕ ਅਸਰ ਦੇਸ਼ ਦੇ ਕਰੋੜਾਂ ਪਰਿਵਾਰਾਂ ਦੀ ਰਸੋਈ ਅਤੇ ਬਜਟ 'ਤੇ ਪਿਆ ਹੈ।

ਇਸ ਅਚਾਨਕ ਹੋਏ ਵਾਧੇ ਨੇ ਇੱਕ ਸਾਧਾਰਨ ਮੱਧਵਰਗੀ ਜਾਂ ਹੇਠਲੇ ਮੱਧਵਰਗੀ ਪਰਿਵਾਰ ਦਾ ਮਹੀਨਾਵਾਰ ਬਜਟ 2000 ਰੁਪਏ ਤੋਂ ਲੈ ਕੇ 3000 ਰੁਪਏ ਤੱਕ ਵਧਾ ਦਿੱਤਾ ਹੈ। ਜਦੋਂ ਦੇਸ਼ ਵਿਚ ਤੇਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਕਾਰ, ਸਕੂਟਰ, ਟਰੈਕਟਰ ਅਤੇ ਪਬਲਿਕ ਟਰਾਂਸਪੋਰਟ ਦੇ ਖਰਚੇ ਵਧਣੇ ਲਾਜ਼ਮੀ ਹਨ। ਇਸ ਟਰਾਂਸਪੋਰਟੇਸ਼ਨ ਖਰਚੇ (ਭਾੜੇ) ਦੇ ਵਾਧੇ ਦਾ ਸਿੱਧਾ ਅਸਰ ਬਾਜ਼ਾਰ ਵਿਚ ਮਿਲਣ ਵਾਲੀਆਂ ਸਬਜ਼ੀਆਂ, ਫਲਾਂ, ਦੁੱਧ ਅਤੇ ਰੋਜ਼ਾਨਾ ਦੇ ਕਰਿਆਨੇ ਦੇ ਭਾਅ 'ਤੇ ਪੈਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਆਮ ਆਦਮੀ ਦੀ ਕਮਾਈ ਦਾ ਇੱਕ ਬਹੁਤ ਵੱਡਾ ਹਿੱਸਾ ਸਿਰਫ਼ ਜ਼ਿੰਦਾ ਰਹਿਣ ਲਈ ਲੋੜੀਂਦੀਆਂ ਵਸਤੂਆਂ ਖਰੀਦਣ ਵਿਚ ਹੀ ਖ਼ਤਮ ਹੋ ਜਾਂਦਾ ਹੈ। ਇਹ ਵਧ ਰਹੀ ਮਹਿੰਗਾਈ ਦੇਸ਼ ਦੇ ਆਮ ਨਾਗਰਿਕਾਂ ਦੀ ਜੇਬ 'ਤੇ ਇੱਕ ਅਜਿਹਾ ਚੁੱਪ-ਚਾਪ ਡਾਕਾ ਹੈ, ਜਿਸ ਦੀ ਗੂੰਜ ਭਾਵੇਂ ਸੜਕਾਂ 'ਤੇ ਸੁਣਾਈ ਨਾ ਦੇਵੇ, ਪਰ ਇਸ ਦਾ ਦਰਦ ਹਰ ਘਰ ਵਿਚ ਮਹਿਸੂਸ ਕੀਤਾ ਜਾ ਰਿਹਾ ਹੈ। ਲੋਕ ਇਸ ਨੂੰ ਆਪਣੀ ਕਿਸਮਤ ਮੰਨ ਕੇ, ਇੱਕ 'ਸਾੜ੍ਹਸਤੀ' ਵਾਂਗ ਚੁੱਪਚਾਪ ਸਹਿਣ ਕਰਨ ਲਈ ਮਜਬੂਰ ਹੋ ਗਏ ਹਨ।

ਜੇਕਰ ਅਸੀਂ ਭਾਰਤ ਦੇ ਰਾਜਨੀਤਿਕ ਅਤੀਤ ਵੱਲ ਝਾਤ ਮਾਰੀਏ, ਤਾਂ ਜਨਤਾ ਦੇ ਹੱਕਾਂ ਲਈ ਲੜਨ ਅਤੇ ਸਰਕਾਰਾਂ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਦਾ ਇੱਕ ਸ਼ਾਨਦਾਰ ਇਤਿਹਾਸ ਮਿਲਦਾ ਹੈ। ਇੱਕ ਦੌਰ ਉਹ ਸੀ, ਜਦੋਂ ਦੇਸ਼ ਵਿਚ ਡਬਲਰੋਟੀ ਜਾਂ ਕਿਸੇ ਆਮ ਵਸਤੂ ਦੀ ਕੀਮਤ ਵਿਚ ਮਹਿਜ਼ ਇੱਕ ਪੈਸੇ ਦਾ ਵਾਧਾ ਹੋਣ 'ਤੇ ਵੀ ਦੇਸ਼ ਦੀਆਂ ਕਮਿਊਨਿਸਟ ਅਤੇ ਖੱਬੀਆਂ ਪਾਰਟੀਆਂ ਸੜਕਾਂ 'ਤੇ ਉਤਰ ਆਉਂਦੀਆਂ ਸਨ। ਪੂਰੇ ਦੇਸ਼ ਵਿਚ ਤੁਰੰਤ ਦੇਸ਼ ਵਿਆਪੀ ਅੰਦੋਲਨ ਛੇੜ ਦਿੱਤੇ ਜਾਂਦੇ ਸਨ, ਜਿਸ ਨਾਲ ਹਾਕਮ ਧਿਰ ਨੂੰ ਆਪਣੇ ਫੈਸਲੇ ਬਦਲਣੇ ਪੈਂਦੇ ਸਨ। ਸਿਆਸਤ ਵਿਚ ਜਨਤਾ ਪ੍ਰਤੀ ਇੱਕ ਜਵਾਬਦੇਹੀ ਅਤੇ ਡਰ ਹੁੰਦਾ ਸੀ।

ਪਰ ਅੱਜ ਦੇ ਵਰਤਮਾਨ ਦੌਰ ਵਿਚ ਸਥਿਤੀ ਬਿਲਕੁਲ ਉਲਟ ਚੁੱਕੀ ਹੈ। ਅੱਜ ਜਦੋਂ ਮਹਿੰਗਾਈ ਅਸਮਾਨ ਛੂਹ ਰਹੀ ਹੈ ਅਤੇ ਤੇਲ ਦੀਆਂ ਕੀਮਤਾਂ ਰੋਜ਼ਾਨਾ ਨਵੇਂ ਰਿਕਾਰਡ ਬਣਾ ਰਹੀਆਂ ਹਨ, ਤਾਂ ਦੇਸ਼ ਦੀਆਂ ਖੱਬੀਆਂ ਧਿਰਾਂ ਅਤੇ ਰਵਾਇਤੀ ਅੰਦੋਲਨਕਾਰੀ ਪਾਰਟੀਆਂ ਗੂੜ੍ਹੀ ਨੀਂਦ ਸੌਂ ਰਹੀਆਂ ਹਨ। ਦੂਜੇ ਪਾਸੇ, ਦੇਸ਼ ਦੀ ਮੁੱਖ ਵਿਰੋਧੀ ਧਿਰ ਦੇ ਆਗੂਆਂ ਨੇ ਜਨਤਾ ਦੀ ਲੜਾਈ ਸੜਕਾਂ 'ਤੇ ਲੜਨ ਦੀ ਬਜਾਏ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੱਕ ਸੀਮਤ ਕਰ ਦਿੱਤੀ ਹੈ। ਵਿਰੋਧੀ ਧਿਰ ਦੇ ਨੇਤਾ ਸੋਸ਼ਲ ਮੀਡੀਆ 'ਤੇ ਬਿਆਨਬਾਜ਼ੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਰਹੇ ਹਨ।

ਜਨਤਾ ਦੇ ਹੱਕਾਂ ਲਈ ਇੱਕ ਮਜ਼ਬੂਤ ਵਿਰੋਧ ਪ੍ਰਦਰਸ਼ਨ ਖੜ੍ਹਾ ਕਰਨ ਦੀ ਬਜਾਏ, ਸਿਆਸੀ ਆਗੂ ਅਜੀਬੋ-ਗਰੀਬ ਦਲੀਲਾਂ ਦੇ ਰਹੇ ਹਨ। ਅੱਜ ਇਹ ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਕਿਸ਼ਤਾਂ ਵਿਚ ਇਸ ਲਈ ਵਧਾਈਆਂ ਜਾ ਰਹੀਆਂ ਹਨ, ਤਾਂ ਜੋ ਜਨਤਾ ਨੂੰ ਇਕਦਮ ਵੱਡਾ ਝਟਕਾ ਨਾ ਲੱਗੇ ਅਤੇ ਉਨ੍ਹਾਂ ਦੀ ਜੇਬ ਆਸਾਨੀ ਨਾਲ ਅਤੇ ਚੁੱਪਚਾਪ ਕੱਟੀ ਜਾ ਸਕੇ। ਇਹ ਸਥਿਤੀ ਵਿਰੋਧੀ ਧਿਰ ਦੀ ਨਾਕਾਮੀ ਨੂੰ ਦਰਸਾਉਂਦੀ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਅੱਜ ਦੀ ਵਿਰੋਧੀ ਧਿਰ ਇਸ ਮਹਿੰਗਾਈ, ਵਧ ਰਹੀ ਬੇਰੁਜ਼ਗਾਰੀ, ਬੇਲਗਾਮ ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਕਾਰਪੋਰੇਟ ਜਗਤ ਵੱਲੋਂ ਕੀਤੀ ਜਾ ਰਹੀ ਅੰਨ੍ਹੀ ਲੁੱਟ ਵਿਰੁੱਧ ਇੱਕ ਦੇਸ਼ ਵਿਆਪੀ ਅਤੇ ਪ੍ਰਭਾਵਸ਼ਾਲੀ ਜਨ-ਅੰਦੋਲਨ ਖੜ੍ਹਾ ਕਰਨ ਵਿਚ ਇੰਨਾ ਅਸਫ਼ਲ ਅਤੇ ਬੇਵੱਸ ਕਿਉਂ ਸਾਬਤ ਹੋ ਰਿਹਾ ਹੈ?

ਜੇਕਰ ਅਸੀਂ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਦੇਸ਼ ਦੀਆਂ ਤਿੰਨ ਪ੍ਰਮੁੱਖ ਸਰਕਾਰੀ ਤੇਲ ਕੰਪਨੀਆਂ ਨੇ ਵਿੱਤੀ ਵਰ੍ਹੇ 2025-26 ਦੀ ਚੌਥੀ ਤਿਮਾਹੀ ਵਿਚ 28% ਤੋਂ ਲੈ ਕੇ 81% ਤੱਕ ਦਾ ਰਿਕਾਰਡ ਮੁਨਾਫ਼ਾ ਕਮਾਇਆ ਹੈ। ਜੇਕਰ ਪੂਰੇ ਸਾਲ ਦੇ ਵਿੱਤੀ ਨਤੀਜਿਆਂ ਨੂੰ ਦੇਖਿਆ ਜਾਵੇ, ਤਾਂ ਇਨ੍ਹਾਂ ਤਿੰਨੇ ਕੰਪਨੀਆਂ ਦਾ ਸ਼ੁੱਧ ਮੁਨਾਫ਼ਾ 94% ਤੋਂ 224% ਤੱਕ ਰਿਹਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਪਿਛਲੇ ਸਾਲਾਂ ਵਿਚ ਇੰਨਾ ਅੰਨ੍ਹਾ ਮੁਨਾਫ਼ਾ ਕਮਾਉਣ ਦੇ ਬਾਵਜੂਦ, ਜਦੋਂ ਵੀ ਕੰਪਨੀਆਂ ਨੂੰ ਅੰਤਰਰਾਸ਼ਟਰੀ ਹਾਲਾਤਾਂ ਕਾਰਨ ਥੋੜ੍ਹੇ ਸਮੇਂ ਲਈ ਮਾਮੂਲੀ ਘਾਟਾ ਪੈਂਦਾ ਹੈ, ਤਾਂ ਉਸ ਦਾ ਸਾਰਾ ਭਾਰ ਤੁਰੰਤ ਆਮ ਜਨਤਾ ਦੇ ਸਿਰ ਕਿਉਂ ਮੜ੍ਹ ਦਿੱਤਾ ਜਾਂਦਾ ਹੈ? ਕੰਪਨੀਆਂ ਆਪਣੇ ਮੁਨਾਫ਼ੇ ਵਿਚੋਂ ਉਸ ਘਾਟੇ ਨੂੰ ਕਿਉਂ ਨਹੀਂ ਭਰਦੀਆਂ? ਦੇਸ਼ ਦਾ ਪੈਟਰੋਲੀਅਮ ਅਤੇ ਪ੍ਰਾਕਿਰਤਕ ਗੈਸ ਮੰਤਰਾਲਾ ਅੱਜ ਜਨਤਾ ਦੇ ਸਾਹਮਣੇ ਕਬੂਲ ਕਰ ਰਿਹਾ ਹੈ ਕਿ ਤੇਲ ਕੀਮਤਾਂ 'ਚ ਵਾਧੇ ਬਾਅਦ ਸਰਕਾਰੀ ਕੰਪਨੀਆਂ ਦਾ ਘਾਟਾ ਹੁਣ 600 ਕਰੋੜ ਰੁਪਏ ਰਹਿ ਗਿਆ ਹੈ।

ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਜੀਓ-ਬੀਪੀ ਜਾਂ ਨਾਇਰਾ ਐਨਰਜੀ ਵਰਗੀਆਂ ਨਿੱਜੀ ਕੰਪਨੀਆਂ, ਜਿਨ੍ਹਾਂ ਦਾ ਦੇਸ਼ ਦੇ ਤੇਲ ਕਾਰੋਬਾਰ ਵਿਚ ਸਿਰਫ਼ 10% ਹਿੱਸਾ ਹੈ, ਨੂੰ ਫਾਇਦਾ ਪਹੁੰਚਾਉਣ ਲਈ ਸਰਕਾਰੀ ਨੀਤੀਆਂ ਅਤੇ ਕੀਮਤਾਂ ਦੇ ਢਾਂਚੇ ਨੂੰ ਮਰੋੜਿਆ ਜਾ ਰਿਹਾ ਹੈ। ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰੀ ਕੰਪਨੀਆਂ ਵੀ ਕੀਮਤਾਂ ਵਧਾ ਰਹੀਆਂ ਹਨ। ਮੌਜੂਦਾ ਸੰਕੇਤ ਦੱਸਦੇ ਹਨ ਕਿ ਆਉਣ ਵਾਲੇ ਦਿਨਾਂ ਵਿਚ ਪੈਟਰੋਲ, ਡੀਜ਼ਲ, ਸੀ.ਐੱਨ.ਜੀ. ਅਤੇ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ ਵਿਚ ਹੋਰ ਭਾਰੀ ਵਾਧਾ ਦੇਖਣ ਨੂੰ ਮਿਲੇਗਾ, ਜਿਸ ਨਾਲ ਆਮ ਆਦਮੀ ਦਾ ਜਿਊਣਾ ਹੋਰ ਦੁਭਰ ਹੋ ਜਾਵੇਗਾ।

ਸਿਆਸੀ ਪਾਰਟੀਆਂ ਅਤੇ ਤੇਲ ਕੰਪਨੀਆਂ ਦਾ ਆਪਸੀ ਗੱਠਜੋੜ ਦੇਸ਼ ਦੇ ਪੰਜ ਰਾਜਾਂ ਦੀਆਂ ਚੋਣਾਂ ਦੌਰਾਨ ਪੂਰੀ ਤਰ੍ਹਾਂ ਨੰਗਾ ਹੋ ਗਿਆ ਸੀ। ਜਦੋਂ ਤੱਕ ਚੋਣਾਂ ਦਾ ਦੌਰ ਚੱਲਦਾ ਰਿਹਾ, ਉਦੋਂ ਤੱਕ ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਭਾਰਤ ਵਿਚ ਪੈਟਰੋਲ-ਡੀਜ਼ਲ ਦੇ ਭਾਅ 'ਤੇ ਪੂਰੀ ਤਰ੍ਹਾਂ ਚੁੱਪੀ ਵੱਟੀ ਗਈ ਅਤੇ ਇੱਕ ਪੈਸਾ ਵੀ ਨਹੀਂ ਵਧਾਇਆ ਗਿਆ। ਪਰ ਜਿਵੇਂ ਹੀ ਚੋਣਾਂ ਦਾ ਆਖਰੀ ਦੌਰ ਖ਼ਤਮ ਹੋਇਆ ਅਤੇ ਵੋਟਾਂ ਪੈ ਗਈਆਂ, ਤੁਰੰਤ ਤੇਲ ਦੀਆਂ ਕੀਮਤਾਂ ਵਿਚ ਰਿਕਾਰਡ ਵਾਧਾ ਕਰਕੇ ਜਨਤਾ ਦੇ ਸਿਰ 'ਤੇ ਭਾਰੀ ਪੰਡ ਲੱਦ ਦਿੱਤੀ ਗਈ।

ਇੱਥੇ ਇਹ ਦੇਖਣ ਵਾਲੀ ਮਹੱਤਵਪੂਰਨ ਗੱਲ ਹੈ ਕਿ ਤੇਲ ਕੰਪਨੀਆਂ ਅੰਤਰਰਾਸ਼ਟਰੀ ਬਾਜ਼ਾਰ ਦੀਆਂ ਕੀਮਤਾਂ ਦਾ ਬਹਾਨਾ ਸਿਰਫ਼ ਆਪਣਾ ਫਾਇਦਾ ਦੇਖ ਕੇ ਬਣਾਉਂਦੀਆਂ ਹਨ। ਜਦੋਂ ਵੀ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਧਦੀਆਂ ਹਨ, ਤਾਂ ਕੰਪਨੀਆਂ ਤੁਰੰਤ ਭਾਅ ਵਧਾਉਣ ਲਈ ਤਰਲੋਮੱਛੀ ਹੁੰਦੀਆਂ ਹਨ ਅਤੇ ਜਨਤਾ ਦੀ ਜੇਬ ਕੱਟ ਕੇ ਆਪਣਾ ਖਜ਼ਾਨਾ ਭਰ ਲੈਂਦੀਆਂ ਹਨ। ਪਰ ਇਸ ਦੇ ਉਲਟ, ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਬਹੁਤ ਜ਼ਿਆਦਾ ਘੱਟ ਜਾਂਦੀਆਂ ਹਨ, ਤਾਂ ਉਸ ਦਾ ਕੋਈ ਵੀ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚਾਇਆ ਜਾਂਦਾ।

ਉਦਾਹਰਨ ਵਜੋਂ, ਤਾਂ ਦਸੰਬਰ 2023 ਤੱਕ ਦੇ ਲਗਾਤਾਰ 19 ਮਹੀਨਿਆਂ ਵਿਚ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚਾ ਤੇਲ ਘਟ ਕੇ ਲਗਭਗ 77 ਡਾਲਰ ਪ੍ਰਤੀ ਬੈਰਲ 'ਤੇ ਆ ਗਿਆ ਸੀ। ਇਸ ਦੌਰਾਨ ਤੇਲ ਕੰਪਨੀਆਂ ਨੇ ਲਗਭਗ 1.32 ਲੱਖ ਕਰੋੜ ਰੁਪਏ ਦਾ ਰਿਕਾਰਡ ਮੁਨਾਫ਼ਾ ਕਮਾਇਆ, ਪਰ ਜਨਤਾ ਨੂੰ ਪੈਟਰੋਲ-ਡੀਜ਼ਲ ਸਸਤਾ ਕਰਕੇ ਕੋਈ ਰਾਹਤ ਨਹੀਂ ਦਿੱਤੀ ਗਈ। ਇਸ ਦੇ ਉਲਟ, ਜਦੋਂ ਅਗਸਤ-ਸਤੰਬਰ 2021 ਵਿਚ ਕੱਚਾ ਤੇਲ 85 ਡਾਲਰ ਪ੍ਰਤੀ ਬੈਰਲ ਸੀ, ਤਾਂ ਤੇਲ ਕੰਪਨੀਆਂ ਨੇ ਮਹਿਜ਼ 33 ਦਿਨਾਂ ਦੇ ਅੰਦਰ 25 ਵਾਰ ਕੀਮਤਾਂ ਵਧਾਈਆਂ। ਉਸ ਵੇਲੇ ਭੋਪਾਲ ਵਰਗੇ ਸ਼ਹਿਰਾਂ ਵਿਚ ਪੈਟਰੋਲ ਦੀ ਕੀਮਤ 114.54 ਰੁਪਏ ਅਤੇ ਡੀਜ਼ਲ ਦੀ ਕੀਮਤ 105.97 ਰੁਪਏ ਪ੍ਰਤੀ ਲੀਟਰ ਤੱਕ ਪਹੁੰਚਾ ਦਿੱਤੀ ਗਈ ਸੀ।

ਸੁਭਾਵਿਕ ਅਤੇ ਨੈਤਿਕ ਤੌਰ 'ਤੇ ਤਾਂ ਇਹ ਚਾਹੀਦਾ ਸੀ ਕਿ ਜੇਕਰ ਰੂਸ-ਯੂਕਰੇਨ ਜੰਗ ਜਾਂ ਕਿਸੇ ਹੋਰ ਕਾਰਨ ਕੰਪਨੀਆਂ ਦੇ ਮੁਨਾਫ਼ੇ ਵਿਚ ਥੋੜ੍ਹੀ ਕਮੀ ਆ ਰਹੀ ਸੀ, ਤਾਂ ਉਹ ਖੁਦ ਉਸ ਦਾ ਭਾਰ ਚੁੱਕਦੀਆਂ ਅਤੇ ਸਰਕਾਰ ਆਪਣੇ ਟੈਕਸਾਂ ਵਿਚ ਕਟੌਤੀ ਕਰਦੀ। ਪਰ ਸਰਕਾਰ ਦੀ ਸਰਪ੍ਰਸਤੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਕਾਰਨ ਹਮੇਸ਼ਾ ਜਨਤਾ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ, ਜੋ ਕਿ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ।

ਅੱਜ ਦੇਸ਼ ਦੀ ਰਾਜਨੀਤੀ ਵਿਚ ਇੱਕ ਬਹੁਤ ਹੀ ਖ਼ਤਰਨਾਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਚਾਹੇ ਭਾਜਪਾ ਹੋਵੇ, ਕਾਂਗਰਸ ਹੋਵੇ, ਟੀ.ਐੱਮ.ਸੀ. ਹੋਵੇ ਜਾਂ ਆਮ ਆਦਮੀ ਪਾਰਟੀ - ਸਾਰੀਆਂ ਸਿਆਸੀ ਧਿਰਾਂ ਜਨਤਾ ਦੇ ਨਾਂ 'ਤੇ ਸਿਰਫ਼ ਆਪਣੀ ਸਿਆਸੀ ਰੋਟੀ ਸੇਕ ਰਹੀਆਂ ਹਨ। ਚੋਣਾਂ ਜਿੱਤਣ ਅਤੇ ਸੱਤਾ ਹਾਸਲ ਕਰਨ ਲਈ 'ਸਾਮ, ਦਾਮ, ਦੰਡ, ਭੇਦ' ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਇੱਕ ਪਾਸੇ ਵਿਰੋਧੀ ਸੁਰਾਂ ਨੂੰ ਦਬਾਉਣ ਲਈ ਈ.ਡੀ., ਇਨਕਮ ਟੈਕਸ ਅਤੇ ਹੋਰ ਸਰਕਾਰੀ ਜਾਂਚ ਏਜੰਸੀਆਂ ਦੀ ਮਦਦ ਲਈ ਜਾ ਰਹੀ ਹੈ ਅਤੇ ਦੂਜੇ ਪਾਸੇ ਵੋਟਰਾਂ ਨੂੰ ਭਰਮਾਉਣ ਲਈ 'ਮੁਫ਼ਤ ਦੀਆਂ ਰੇਵੜੀਆਂ' ਯਾਨੀ ਲੋਕ-ਲੁਭਾਊ ਯੋਜਨਾਵਾਂ ਦਾ ਸਹਾਰਾ ਲਿਆ ਜਾ ਰਿਹਾ ਹੈ।

ਦੇਸ਼ ਦੀ ਅੱਧੀ ਆਬਾਦੀ ਯਾਨੀ ਔਰਤਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਵੱਖ-ਵੱਖ ਰਾਜਾਂ ਵਿਚ 1500 ਰੁਪਏ ਤੋਂ ਲੈ ਕੇ 2500 ਰੁਪਏ ਮਹੀਨਾਵਾਰ ਆਰਥਿਕ ਸਹਾਇਤਾ ਦੇਣ ਦੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਚੋਣਾਂ ਤੋਂ ਐਨ ਪਹਿਲਾਂ ਔਰਤਾਂ ਦੇ ਖ਼ਾਤਿਆਂ ਵਿਚ ਨਕਦੀ ਪਾ ਕੇ ਉਨ੍ਹਾਂ ਨੂੰ ਖੁਸ਼ ਕਰਨਾ ਅਤੇ ਵੋਟਾਂ ਬਟੋਰਨਾ ਅੱਜ ਦੀ ਰਾਜਨੀਤੀ ਦਾ ਮੁੱਖ ਹਥਿਆਰ ਬਣ ਚੁੱਕਾ ਹੈ। ਪਰ ਕੋਈ ਵੀ ਸਰਕਾਰ ਇਸ ਬੁਨਿਆਦੀ ਸਵਾਲ ਦਾ ਜਵਾਬ ਨਹੀਂ ਦਿੰਦੀ ਕਿ ਦੇਸ਼ ਦੇ ਨਾਗਰਿਕਾਂ ਨੂੰ ਮੁਫ਼ਤਖ਼ੋਰੀ ਦੀ ਦਲਦਲ ਵਿਚ ਧੱਕਣ ਦੀ ਬਜਾਏ, ਉਨ੍ਹਾਂ ਨੂੰ ਸਵੈ-ਨਿਰਭਰ ਕਿਉਂ ਨਹੀਂ ਬਣਾਇਆ ਜਾਂਦਾ? ਜਨਤਾ ਨੂੰ ਮਿਆਰੀ ਅਤੇ ਮੁਫ਼ਤ ਸਿੱਖਿਆ, ਆਧੁਨਿਕ ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦੇ ਬਰਾਬਰ ਅਵਸਰ ਦੇਣਾ ਅੱਜ ਕਿਸੇ ਵੀ ਸਿਆਸੀ ਪਾਰਟੀ ਦੀ ਨੀਤੀ ਜਾਂ ਤਰਜੀਹ ਦਾ ਹਿੱਸਾ ਨਹੀਂ ਹੈ।

ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕਲਿਆਣਕਾਰੀ ਯੋਜਨਾਵਾਂ ਦੇ ਨਾਂ 'ਤੇ ਸ਼ੁਰੂ ਕੀਤੀਆਂ ਗਈਆਂ ਇਹ ਅੰਨ੍ਹੇਵਾਹ ਮੁਫ਼ਤ ਦੀਆਂ ਸਕੀਮਾਂ ਦੇਸ਼ ਅਤੇ ਸੂਬਿਆਂ ਦੀ ਆਰਥਿਕਤਾ ਨੂੰ ਖੋਖਲਾ ਕਰ ਰਹੀਆਂ ਹਨ। ਭਾਰਤ ਦੇ ਕਈ ਸੂਬੇ ਅੱਜ ਲੱਖਾਂ ਕਰੋੜਾਂ ਰੁਪਏ ਦੇ ਕਰਜ਼ੇ ਦੀ ਦਲਦਲ ਵਿਚ ਡੁੱਬ ਚੁੱਕੇ ਹਨ। ਵਿੱਤੀ ਅਨੁਸ਼ਾਸਨ, ਜੋ ਕਿ ਕਿਸੇ ਵੀ ਦੇਸ਼ ਜਾਂ ਸੂਬੇ ਦੀ ਆਰਥਿਕਤਾ ਦੇ ਵਿਕਾਸ ਲਈ 'ਰੀੜ੍ਹ ਦੀ ਹੱਡੀ' ਵਾਂਗ ਹੁੰਦਾ ਹੈ, ਉਹ ਅੱਜ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ।

ਇਸ ਸਿਆਸੀ ਲਾਹੇ ਅਤੇ ਵੋਟ ਬੈਂਕ ਦੀ ਖੇਡ ਅੱਗੇ ਦੇਸ਼ ਦੇ ਸਿਆਣੇ ਅਤੇ ਅਰਥਸ਼ਾਸਤਰੀਆਂ ਦੀਆਂ ਚਿੰਤਾਵਾਂ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਹੀਆਂ ਹਨ। ਸਿਆਸਤਦਾਨਾਂ ਨੇ ਬਹੁਤ ਹੀ ਚਲਾਕੀ ਨਾਲ ਆਮ ਸਾਧਾਰਨ ਲੋਕਾਂ ਨੂੰ ਦੇਸ਼ ਦੀ ਮੁੱਖ ਰਾਜਨੀਤੀ, ਨੀਤੀ-ਨਿਰਧਾਰਨ ਅਤੇ ਵਿਕਾਸ ਦੀ ਪ੍ਰਕਿਰਿਆ ਤੋਂ ਦੂਰ ਕਰ ਦਿੱਤਾ ਹੈ। ਜਨਤਾ ਨੂੰ ਸਿਰਫ਼ ਇੱਕ 'ਲਾਭਪਾਤਰੀ ਵਰਗ' ਜਾਂ ਕੈਟੇਗਰੀ ਵਿਚ ਉਲਝਾ ਕੇ ਰੱਖ ਦਿੱਤਾ ਗਿਆ ਹੈ, ਤਾਂ ਜੋ ਉਹ ਕਦੇ ਵੀ ਰੁਜ਼ਗਾਰ, ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਹੱਕਾਂ 'ਤੇ ਸਰਕਾਰਾਂ ਨੂੰ ਸਵਾਲ ਨਾ ਕਰ ਸਕਣ। ਇਹ ਦੇਸ਼ ਦੇ ਲੋਕਤੰਤਰ ਲਈ ਇੱਕ ਬਹੁਤ ਹੀ ਕੋਝੀ ਅਤੇ ਖ਼ਤਰਨਾਕ ਚਾਲ ਹੈ।

ਅੱਜ ਦੇਸ਼ ਜਿਸ ਨਾਜ਼ੁਕ ਅਤੇ ਚਿੰਤਾਜਨਕ ਦੌਰ ਵਿਚੋਂ ਲੰਘ ਰਿਹਾ ਹੈ, ਉੱਥੇ ਮਹਿੰਗਾਈ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਵਰਗੇ ਮੁੱਦੇ ਹਾਕਮ ਧਿਰ ਦੇ ਸਰੋਕਾਰ (ਏਜੰਡੇ) ਵਿਚੋਂ ਪੂਰੀ ਤਰ੍ਹਾਂ ਗਾਇਬ ਹੋ ਚੁੱਕੇ ਹਨ। ਅੱਜ ਸੱਤਾ ਦਾ ਇੱਕੋ-ਇੱਕ ਸਰੋਕਾਰ ਸਿਰਫ਼ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਨੂੰ ਖੁਸ਼ ਰੱਖਣਾ ਰਹਿ ਗਿਆ ਹੈ। ਇਨ੍ਹਾਂ ਕਾਰਪੋਰੇਟਾਂ ਰਾਹੀਂ ਮਿਲਣ ਵਾਲੇ ਅੰਨ੍ਹੇ ਪੈਸੇ ਅਤੇ ਮੀਡੀਆ ਦੀ ਤਾਕਤ ਦੇ ਬਲ 'ਤੇ ਆਪਣੀ ਸਿਆਸੀ ਕੁਰਸੀ ਨੂੰ ਸੁਰੱਖਿਅਤ ਰੱਖਣਾ ਹੀ ਅੱਜ ਦੀ ਲੀਡਰਸ਼ਿਪ ਦਾ ਮੁੱਖ ਮਕਸਦ ਬਣ ਚੁੱਕਾ ਹੈ।

ਪਰ ਇਸ ਹਨੇਰੇ ਦੇ ਵਿਚ ਇੱਕ ਉਮੀਦ ਦੀ ਕਿਰਨ ਵੀ ਦਿਖਾਈ ਦੇ ਰਹੀ ਹੈ। ਬਿਨਾਂ ਸ਼ੱਕ, ਦੇਸ਼ ਦਾ ਜਾਗਰੂਕ ਨੌਜਵਾਨ ਵਰਗ ਅਤੇ ਸੂਝਵਾਨ ਨਾਗਰਿਕ ਹੁਣ ਸਿਆਸਤਦਾਨਾਂ ਦੀ ਇਸ ਗੰਦੀ ਖੇਡ ਨੂੰ ਸਮਝਣ ਲੱਗ ਪਏ ਹਨ। ਸੋਸ਼ਲ ਮੀਡੀਆ, ਆਜ਼ਾਦ ਪੱਤਰਕਾਰੀ ਅਤੇ ਪ੍ਰੈੱਸ ਰਾਹੀਂ ਹਾਕਮਾਂ ਵੱਲੋਂ ਕੀਤੀ ਜਾ ਰਹੀ ਇਸ ਆਰਥਿਕ ਲੁੱਟ, ਫਿਰਕੂ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਲਗਾਤਾਰ ਆਵਾਜ਼ਾਂ ਉੱਠ ਰਹੀਆਂ ਹਨ। ਦੇਸ਼ ਦੇ ਚਿੰਤਕ ਅਤੇ ਸਿਆਣੇ ਲੋਕ ਆਪਣੀਆਂ ਲਿਖਤਾਂ ਰਾਹੀਂ ਜਨਤਾ ਨੂੰ ਜਗਾਉਣ ਦਾ ਯਤਨ ਕਰ ਰਹੇ ਹਨ।

ਪਰ ਜਿਸ ਬੇਰਹਿਮੀ ਅਤੇ ਤੇਜ਼ੀ ਨਾਲ ਦੇਸ਼ ਦੇ ਹਾਕਮ ਪੂਰੇ ਤੰਤਰ ਨੂੰ ਆਰਥਿਕ ਅਤੇ ਸਮਾਜਿਕ ਤਬਾਹੀ ਵੱਲ ਲੈ ਕੇ ਜਾ ਰਹੇ ਹਨ, ਉਸ ਨੂੰ ਰੋਕਣ ਲਈ ਸਿਰਫ਼ ਲਿਖਤਾਂ ਜਾਂ ਬਿਆਨ ਕਾਫ਼ੀ ਨਹੀਂ ਹੋਣਗੇ। ਦੇਸ਼ ਦੇ ਆਮ ਨਾਗਰਿਕਾਂ ਨੂੰ, ਆਪਣੀ ਹੋਂਦ, ਆਪਣੇ ਬੱਚਿਆਂ ਦੇ ਭਵਿੱਖ ਅਤੇ ਲੋਕਤੰਤਰ ਦੀ ਰੱਖਿਆ ਲਈ ਆਉਣ ਵਾਲੇ ਸਮੇਂ ਵਿਚ ਇੱਕਜੁੱਟ ਹੋਣਾ ਪਵੇਗਾ। ਜੇਕਰ ਮੌਜੂਦਾ ਹਾਲਾਤ ਨਾ ਬਦਲੇ, ਤਾਂ ਸ਼ਾਇਦ ਭਾਰਤ ਦੇ ਆਮ ਲੋਕਾਂ ਨੂੰ ਕਾਰਪੋਰੇਟ-ਸਿਆਸੀ ਗੱਠਜੋੜ ਦੇ ਇਸ ਜਾਲ ਵਿਚੋਂ ਨਿਕਲਣ ਲਈ ਇੱਕ ਹੋਰ ਵੱਡਾ ਅਤੇ ਇਤਿਹਾਸਕ 'ਆਜ਼ਾਦੀ ਅੰਦੋਲਨ' ਲੜਨਾ ਪਵੇਗਾ।

# ਕ੍ਰਿਸਟੀਆਨੋ ਰੋਨਾਲਡੋ ਵਿਚ ਅਜਿਹਾ ਕੀ ਹੈ?

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਰੋਨਾਲਡੋ ਦੁਨੀਆਂ ਦਾ ਮਹਾਨ ਫੁਟਬਾਲ ਖਿਡਾਰੀ ਹੈ। ਅਰਬਾਂ ਖਰਬਾਂ ਦਾ ਮਾਲਕ ਹੈ। ਦੁਨੀਆਂ ਦੇ ਸਭ ਤੋਂ ਮਹਿੰਗੇ ਘਰਾਂ ਵਿਚ ਰਹਿੰਦਾ ਹੈ। ਸਭ ਤੋਂ ਮਹਿੰਗੀਆਂ ਕਾਰਾਂ ਵਿਚ ਘੁੰਮਦਾ ਹੈ।

ਉਸਦੇ ਪਿਤਾ ਨਗਰ ਨਿਗਮ ਵਿਚ ਮਾਲੀ ਸਨ। ਮਾਤਾ ਲੋਕਾਂ ਦੇ ਘਰਾਂ ਵਿਚ ਸਾਫ਼ ਸਫ਼ਾਈ ਦਾ ਕੰਮ ਕਰਦੀ ਸੀ।

ਉਸਦੀ ਮਾਂ ਦਾ ਕਹਿਣਾ ਹੈ, "ਉਨ੍ਹਾਂ ਦਾ ਪਰਿਵਾਰ ਗਰੀਬੀ ਨਾਲ ਜੂਝ ਰਿਹਾ ਸੀ ਅਤੇ ਰੋਨਾਲਡੋ ਦੇ ਪਿਤਾ ਨੂੰ ਸ਼ਰਾਬ ਦੀ ਆਦਤ ਸੀ। ਜਦ ਰੋਨਾਲਡੋ ਦਾ ਜਨਮ ਹੋਣ ਵਾਲਾ ਸੀ, ਤਾਂ ਘਰ ਦੇ ਹਾਲਾਤ ਵੇਖਦਿਆਂ ਉਹ ਗਰਭਪਾਤ ਕਰਵਾਉਣਾ ਚਾਹੁੰਦੀ ਸੀ। ਜਦ ਉਹ ਡਾਕਟਰ ਕੋਲ ਗਈ, ਤਾਂ ਉਸ ਨੇ ਮਨ੍ਹਾਂ ਕਰ ਦਿੱਤਾ।"

ਫਰਵਰੀ 1985 ਵਿਚ ਪੁਰਤਗਾਲ ਦੇ ਮਦੀਰਾ ਦੀਪ ਵਿਖੇ ਜਨਮੇ ਕ੍ਰਿਸਟੀਆਨੋ ਰੋਨਾਲਡੋ ਦਾ ਬਚਪਨ ਬੇਹੱਦ ਗਰੀਬੀ ਵਿਚ ਬੀਤਿਆ।

ਉਹ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਹੈ ਕਿਉਂਕਿ ਉਸਨੇ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਉਸਨੂੰ ਪਾਲਿਆ। ਉਨ੍ਹਾਂ ਕੋਲ ਕੋਈ ਪੈਸਾ ਨਹੀਂ ਸੀ ਹੁੰਦਾ। ਉਹ ਬੱਚਿਆਂ ਨੂੰ ਖਾਣਾ ਖਵਾ ਕੇ ਆਪ ਭੁੱਖੀ ਸੌਂ ਜਾਇਆ ਕਰਦੀ ਸੀ।

ਰੋਨਾਲਡੋ ਕਹਿੰਦਾ ਹੈ, "ਮੇਰੀ ਮਾਂ, ਮੇਰੇ ਕੋਲ ਸਭ ਤੋਂ ਮਹਿੰਗਾ ਤੋਹਫ਼ਾ ਹੈ। ਮੇਰੀ ਸਫ਼ਲਤਾ ਪਿੱਛੇ ਸਭ ਤੋਂ ਵੱਡਾ ਕਾਰਨ ਮੇਰੀ ਮਾਂ ਹੈ।"

ਰੋਨਾਲਡੋ ਦੇ ਜਨਮ ਤੋਂ ਪਹਿਲਾਂ ਜਿਹੜੀ ਮਾਂ ਗਰਭਪਾਤ ਕਰਵਾਉਣ ਗਈ ਸੀ ਪਰ ਡਾਕਟਰ ਨੇ ਮਨ੍ਹਾਂ ਕਰ ਦਿੱਤਾ ਸੀ। ਅੱਜ ਉਹ ਮਾਂ ਆਪਣੇ ਪੁੱਤ 'ਤੇ ਮਣਾਂਮੂੰਹੀਂ ਮਾਣ ਕਰਦੀ ਹੈ।

ਅੱਜ ਰੋਨਾਲਡੋ ਦੀ ਇਕ ਸਾਲ ਦੀ ਕਮਾਈ 22490000000 ਰੁਪਏ ਹੈ।

ਉਸਨੂੰ ਇੰਗਟਾਗ੍ਰਾਮ 'ਤੇ ਆਪਣੀ ਤਸਵੀਰ ਪਾਉਣ ਦੇ 6 ਕਰੋੜ 62 ਲੱਖ 95 ਹਜ਼ਾਰ ਰੁਪਏ ਮਿਲਦੇ ਹਨ ਕਿਉਂਕਿ ਇੰਸਟਾਗ੍ਰਾਮ 'ਤੇ ਉਸਦੇ ਫਾਲੋਅਰਜ਼ ਦੀ ਗਿਣਤੀ 278 ਮਿਲੀਅਨ ਹੈ।

ਰੋਨਾਲਡੋ ਨੂੰ ਬਚਪਨ ਤੋਂ ਹੀ ਫੁੱਟਬਾਲ ਖੇਡ ਦਾ ਬੇਹੱਦ ਸ਼ੌਕ ਸੀ। ਉਸਦੇ ਇਸ ਸ਼ੌਕ ਅਤੇ ਹੁਨਰ ਨੂੰ ਵੇਖ ਕੇ ਕੇਵਲ 12 ਸਾਲ ਦੀ ਉਮਰ ਵਿਚ ਉਸਨੂੰ "ਸਪੋਰਟਿੰਗ ਲਿਸਬਨ ਫੁੱਟਬਾਲ ਅਕੈਡਮੀ' ਵਿਚ ਸ਼ਾਮਲ ਕਰ ਲਿਆ ਗਿਆ।

ਘਰ ਤੋਂ ਦੂਰ ਅਕੈਡਮੀ ਵਿਚ ਇਕੱਲੇ ਰਹਿਣ ਲਈ ਉਸਨੂੰ ਬੜਾ ਸੰਘਰਸ਼, ਬੜੀ ਮਾਨਸਿਕ ਜਦੋ-ਜਹਿਦ ਕਰਨੀ ਪਈ।

ਉਥੇ ਉਸਨੇ 1997 ਤੋਂ 2002 ਤੱਕ ਪੰਜ ਸਾਲ ਦਾ ਸਮਾਂ ਗੁਜ਼ਾਰਿਆ। ਜਦ 2002 ਵਿਚ ਵਾਪਸ ਆਇਆ, ਤਾਂ ਉਸਦੀ ਖੇਡ-ਕਲਾ ਵੇਖ ਕੇ ਸਾਰੇ ਦੰਗ ਰਹਿ ਗਏ। ਉਸਨੇ ਆਪਣੇ ਕਰੀਅਰ ਦੀ ਸ਼ੁਰੂਆਤ ਵਿਚ ਹੀ ਇਤਿਹਾਸ ਰਚਨਾ ਆਰੰਭ ਕਰ ਦਿੱਤਾ।

ਦੁਨੀਆਂ ਦੀਆਂ ਬਿਹਤਰੀਨ ਫੁੱਟਬਾਲ ਕਲੱਬਾਂ ਮੈਨਚੈਸਟਰ ਯੂਨਾਈਟਡ (ਇੰਗਲੈਂਡ), ਰੀਅਲ ਮੈਡਰਿਡ (ਸਪੇਨ), ਜੁਵੈਂਟਸ (ਇਟਲੀ) ਅਤੇ ਅਲ-ਨਸਤਰ ਸਾਊਦੀ ਅਰਬ ਲਈ ਖੇਡਦਿਆਂ ਉਸਨੇ ਇਹ ਸ਼ਾਨਾਂਮੱਤਾ-ਸਫ਼ਰ ਲਗਾਤਾਰ ਜਾਰੀ ਰੱਖਿਆ।

ਉਹ ਹੁਣ ਤੱਕ 226 ਕੌਮਾਂਤਰੀ ਮੈਚ ਖੇਡ ਚੁੱਕਾ ਹੈ ਅਤੇ 143 ਗੋਲ ਕਰ ਚੁੱਕਾ ਹੈ। ਇਹ ਦੋਵੇਂ ਵਿਸ਼ਵ ਰਿਕਾਰਡ ਹਨ। ਉਸਨੇ ਆਪਣੇ ਕੁੱਲ ਮੈਚਾਂ ਦੌਰਾਨ ਹੁਣ ਤੱਕ 900 ਤੋਂ ਵੱਧ ਗੋਲ ਕਰਕੇ ਇਤਿਹਾਸ ਰਚਿਆ ਹੈ।

ਉਸਨੇ ਚਾਰ ਵਾਰ 'ਗੋਲਡਨ ਸ਼ੂਅ' ਅਤੇ ਪੰਜ ਵਾਰ 'ਬੈਲੋਨ ਡੀ ਓਰ' ਖਿਤਾਬ ਜਿੱਤਿਆ ਹੈ।

ਉਸਦੇ ਸੰਘਰਸ਼ ਅਤੇ ਸਫ਼ਲਤਾ ਦੀ ਕਹਾਣੀ ਬੜੀ ਅਨੋਖੀ ਤੇ ਅਦਭੁੱਤ ਹੈ।

ਉਸਨੇ 'ਰੀਅਲ ਮੈਡਰਿਡ ਕਲੱਬ' ਸਪੇਨ ਨਾਲ 80 ਮਿਲੀਅਨ ਪੌਂਡ ਵਿਚ ਅਤੇ ਇਟਲੀ ਦੀ ਕਲੱਬ ਨਾਲ 88 ਮਿਲੀਅਨ ਪੌਂਡ ਵਿਚ ਸਮਝੌਤਾ ਕੀਤਾ ਸੀ।

ਰੋਨਾਲਡੋ ਘਰ ਵਿਚ ਚੌਥਾ ਅਤੇ ਸਭ ਤੋਂ ਛੋਟਾ ਬੱਚਾ ਸੀ। ਗਰੀਬੀ ਐਨੀ ਸੀ ਕਿ ਪਰਿਵਾਰ ਦੇ 6 ਜੀਅ ਛੋਟੇ ਜਿਹੇ ਇਕ ਕਮਰੇ ਵਿਚ ਗੁਜ਼ਾਰਾ ਕਰਦੇ ਸਨ।

15 ਸਾਲ ਦੀ ਉਮਰ ਵਿਚ ਉਸਨੂੰ ਦਿਲ ਦੀ ਸਮੱਸਿਆ ਕਾਰਨ ਸਰਜਰੀ ਕਰਵਾਉਣੀ ਪਈ। ਆਰਾਮ ਦੀ ਅਵਸਥਾ ਵਿਚ ਵੀ ਉਸਦੇ ਦਿਲ ਦੀ ਧੜਕਣ ਵੱਧ ਜਾਂਦੀ ਸੀ। ਇਹ ਸਮੱਸਿਆ ਉਸਦੇ ਖੇਡ-ਕਰੀਅਰ ਨੂੰ ਖਤਮ ਕਰ ਸਕਦੀ ਸੀ। ਪਰ ਸਫ਼ਲ ਸਰਜਰੀ ਉਪਰੰਤ ਸਭ ਠੀਕ ਹੋ ਗਿਆ।

ਮੈਂ ਜਦ ਟੈਲੀਵਿਜ਼ਨ ਪਰਦੇ 'ਤੇ ਉਸਦੇ ਯਾਦਗਾਰੀ ਖੇਡ-ਛਿਣਾਂ ਨੂੰ ਤੱਕਦਾ ਹਾਂ, ਤਾਂ ਅੱਸ਼-ਅੱਸ਼ ਕਰ ਉੱਠਦਾ ਹਾਂ।





ਉਸਨੂੰ ਫੁੱਟਬਾਲ ਦੀ ਦੁਨੀਆਂ ਵਿਚ ਪਿਆਰ ਨਾਲ ਸੀ.ਆਰ.ਟੀ. ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਉਸਦਾ ਕਾਰੋਬਾਰੀ ਬਰੈਂਡ ਹੈ।

ਮੈਂ ਖੁਦ ਨੂੰ ਭਾਗਸ਼ਾਲੀ ਸਮਝਦਾ ਹਾਂ ਕਿ ਦੁਨੀਆਂ ਦੇ ਮਹਾਨ ਖਿਡਾਰੀ ਨੂੰ ਇਸ ਧਰਤੀ 'ਤੇ ਖੇਡਦਿਆਂ ਆਪਣੀ ਅੱਖੀਂ ਵੇਖ ਰਿਹਾ ਹਾਂ।

ਉਸਦੀ ਖੇਡ, ਖੇਡ ਪ੍ਰਤੀ ਸਮਰਪਣ ਅਤੇ ਫਿਟਨੈੱਸ ਹੀ ਕਮਾਲ ਦੀ ਨਹੀਂ ਹੈ, ਬਲਕਿ ਲੋੜਵੰਦਾਂ ਦੀ ਸਹਾਇਤਾ ਕਰਨ ਵਿਚ ਵੀ ਉਹ ਕਮਾਲ ਕਰਦਾ ਹੈ।

ਇਕ ਵਾਰ ਇਕ ਬਿਮਾਰ ਬੱਚੇ ਦੀ ਮਾਂ ਨੇ ਰੋਨਾਲਡੋ ਤੋਂ ਉਸਦੀ ਟੀ-ਸ਼ਰਟ 'ਤੇ ਉਸਦੇ ਆਟੋਗ੍ਰਾਫ ਮੰਗੇ, ਤਾਂ ਜੋ ਉਸਨੂੰ ਵੇਚ ਕੇ ਆਪਣੇ ਬੱਚੇ ਦਾ ਇਲਾਜ ਕਰਵਾ ਸਕੇ। ਰੋਨਾਲਡੋ ਨੇ ਆਪਣੇ ਦਸਤਖ਼ਤ ਵਾਲੀ ਟੀ-ਸ਼ਰਟ ਦੇ ਨਾਲ 83000 ਡਾਲਰ ਦਾ ਚੈੱਕ ਵੀ ਦਿੱਤਾ।

ਉਸਨੇ ਆਪਣੀ 'ਗੋਲਡਨ ਬੂਟ' ਟ੍ਰਾਫ਼ੀ ਨੂੰ ਨਿਲਾਮ ਕਰਕੇ 15 ਲੱਖ ਡਾਲਰ ਗਾਜ਼ਾ ਵਿਚ ਫਲਸਤੀਨੀ ਬੱਚਿਆਂ ਦੇ ਸਕੂਲ ਦੇ ਨਿਰਮਾਣ ਲਈ ਦੇ ਦਿੱਤੇ ਸਨ। ਉਸਦੀਆਂ ਪ੍ਰਾਪਤੀਆਂ ਅਤੇ ਗਰੀਬੀ ਤੋਂ ਕ੍ਰਿਸ਼ਮਈ ਬਣਨ ਦੀ ਕਹਾਣੀ ਸੁਪਨੇ ਵਰਗੀ ਹੈ।

ਉਸਨੇ 14 ਸਾਲ ਦੀ ਉਮਰ ਵਿਚ ਸਕੂਲ ਛੱਡ ਦਿੱਤਾ ਸੀ ਕਿਉਕਿ ਉਸਨੂੰ ਲੱਗਦਾ ਸੀ ਕਿ ਇੰਝ ਕਰਨ ਨਾਲ ਉਹ ਫੁੱਟਬਾਲ ਦਾ ਬਹੁਤ ਵਧੀਆ ਖਿਡਾਰੀ ਬਣ ਸਕਦਾ ਹੈ। ਉਸਦੇ ਇਸ ਫੈਸਲੇ ਵਿਚ ਉਸਦੀ ਮਾਂ ਨੇ ਪੂਰਾ-ਪੂਰਾ ਸਹਿਯੋਗ ਦਿੱਤਾ। ਉਸਨੇ ਹਾਈ ਸਕੂਲ ਵੀ ਪਾਸ ਨਹੀਂ ਕੀਤਾ। ਪਰ ਇਹ ਤਿੰਨ ਭਾਸ਼ਾਵਾਂ ਬੋਲ ਸਕਦਾ ਹੈ।

ਉਸਨੇ ਫੁੱਟਬਾਲ ਖੇਡਣਾ ਇਸ ਲਈ ਆਰੰਭ ਕੀਤਾ ਕਿਉਂਕਿ ਉਹ ਬਚਪਨ ਵਿਚ ਬਹੁਤ ਤੇਜ਼ ਦੌੜਦਾ ਸੀ। ਕੇਵਲ 8 ਸਾਲ ਦੀ ਉਮਰ ਵਿਚ ਉਸਨੇ ਲੋਕਲ ਟੀਮ ਵਿਚ ਖੇਡਣਾ ਸ਼ੁਰੂ ਕਰ ਦਿੱਤਾ ਸੀ।

ਜਦ ਰੋਨਾਲਡੋ ਤੇਜ਼ ਰਫਤਾਰ ਨਾਲ ਬਿਹਤਰੀਨ ਡ੍ਰਿਬਲਿੰਗ ਕਰਦਾ ਸ਼ਾਨਦਾਰ ਹੈਡਰ (ਉੱਚੀ ਛਾਲ) ਲਗਾਉਂਦਾ ਵਿਰੋਧੀ ਟੀਮ ਦੇ ਗੋਲ ਵੱਲ ਵੱਧਦਾ ਹੈ ਅਤੇ ਅੱਖ ਝਮਕਦਿਆਂ ਗੋਲੀ ਨੂੰ ਝਕਾਨੀ ਦੇ ਕੇ ਬਾਲ ਗੋਲਾਂ ਵਿਚ ਸੁੱਟ ਕੇ ਚੀਤੇ ਵਾਂਗ ਵਾਪਸ ਦੌੜਦਾ ਹੈ, ਤਾਂ ਦੁਨੀਆਂ ਉਸਦੇ ਇਸ ਅਦਭੁੱਤ ਹੁਨਰ ਨੂੰ ਵੇਖਦਿਆਂ ਝੂਮ ਉੱਠਦੀ ਹੈ।

ਹੈਰਾਨੀਜਨਕ ਹੈ ਕਿ ਉਸਦੇ ਪੰਜ ਬੱਚੇ ਹਨ, ਚਾਰ ਪਤਨੀਆਂ ਹਨ। ਪਰ ਰਸਮੀਂ ਤੌਰ 'ਤੇ ਵਿਆਹ ਕਿਸੇ ਨਾਲ ਵੀ ਨਹੀਂ ਕਰਵਾਇਆ। ਦੋ ਬੱਚੇ ਜੁੜਵਾਂ ਹਨ। ਉਹ ਬੱਚਿਆਂ ਨਾਲ ਬੱਚਾ ਬਣ ਜਾਂਦਾ ਹੈ।

ਉਹ ਆਪਣੀ ਅਸਲ ਉਮਰ ਨਾਲੋਂ 8-10 ਸਾਲ ਛੋਟਾ ਨਜ਼ਰ ਆਉਂਦਾ ਹੈ। ਫਿਟਨੈੱਸ ਵਾਸਤੇ ਉਹ ਇਕੋ ਵੇਲੇ 8 ਘੰਟੇ ਸੌਣ ਦੀ ਬਜਾਏ 90-90 ਮਿੰਟ ਦੀ ਨੀਂਦ ਪੰਜ ਵਾਰ ਲੈਂਦਾ ਹੈ।

ਭੋਜਨ ਵੀ 6 ਵਾਰ ਕਰਦਾ ਹੈ। ਦੋ ਨਾਸ਼ਤੇ, ਦੋ ਲੰਚ ਅਤੇ ਦੋ ਡਿੰਨਰ। ਪਰ ਥੋੜ੍ਹਾ-ਥੋੜ੍ਹਾ ਖਾਂਦਾ ਹੈ। ਇਨ੍ਹਾਂ ਵਿਚ ਸਲਾਦ, ਫਲ, ਸਬਜ਼ੀਆਂ, ਮੋਟਾ ਅਨਾਜ ਵਧੇਰੇ ਸ਼ਾਮਲ ਹੁੰਦਾ ਹੈ। ਉਸਨੂੰ ਸ਼ਕਰਕੰਦੀ ਅਤੇ ਬਰੋਕਲੀ ਬਹੁਤ ਪਸੰਦ ਹੈ। ਮੈਦਾ, ਪਾਸਤਾ, ਬਰੈੱਡ ਆਦਿ ਦੀ ਸਖ਼ਤ ਮਨਾਹੀ ਹੈ। ਉਹ ਜੋ ਖੁਰਾਕ ਖਾਂਦਾ ਹੈ, ਉਹ ਐਂਟੀ-ਏਜਿੰਗ ਦਾ ਕੰਮ ਕਰਦੀ ਹੈ।

ਰੀਲੈੱਕਸ ਰਹਿਣ ਲਈ, ਸਾਕਾਰਾਤਮਕ ਸੋਚ ਲਈ ਵੱਧ ਤੋਂ ਵੱਧ ਸਮਾਂ ਪਰਿਵਾਰਕ ਮੈਂਬਰਾਂ ਨਾਲ ਬਤਾਉਂਦਾ ਹੈ।

ਹਰੇਕ ਮੈਚ ਤੋਂ ਬਾਅਦ ਉਹ 30 ਮਿੰਟ ਸਵਿਮਿੰਗ ਕਰਦਾ ਹੈ। ਸਰੀਰਕ ਸਿਹਤ ਦੇ ਨਾਲ-ਨਾਲ ਉਹ ਮਾਨਸਿਕ ਸਿਹਤ ਨੂੰ ਵੀ ਬਰਾਬਰ ਤਰਜੀਹ ਦਿੰਦਾ ਹੈ। ਤਣਾਅ ਘਟਾਉਣ ਲਈ ਉਹ ਦੌੜਦਾ ਹੈ, ਰੋਇੰਗ (ਚੱਪੂ ਨਾਲ ਬੇੜੀ ਚਲਾਉਣਾ) ਅਤੇ ਵੇਟ-ਲਿਫਟਿੰਗ ਵੱਲ ਧਿਆਨ ਦਿੰਦਾ ਹੈ।

ਮਸਲ ਰਿਕਵਰੀ ਲਈ ਉਹ ਉਸ ਚੈਂਬਰ ਵਿਚ ਤਿੰਨ ਮਿੰਟ ਬਤਾਉਂਦਾ ਹੈ, ਜਿਸਦਾ ਤਾਪਮਾਨ-130 ਡਿਗਰੀ ਹੁੰਦਾ ਹੈ। ਇਸ ਨਾਲ ਮਾਸਪੇਸ਼ੀਆਂ ਅਤੇ ਸੈਟਾਂ ਦੀ ਰਿਕਵਰੀ ਹੁੰਦੀ ਹੈ।

ਬਚਪਨ ਵਿਚ ਉਹ ਨਿੱਕੀ-ਨਿੱਕੀ ਗੱਲ 'ਤੇ ਰੋਣ ਲੱਗਦਾ ਸੀ। ਉਸਦੇ ਘਰ ਵਾਲੇ ਅਤੇ ਦੋਸਤ ਉਸਨੂੰ 'ਕਰਾਈ ਬੇਬੀ' ਕਿਹਾ ਕਰਦੇ ਸਨ।

ਉਹ ਸਭ ਤੋਂ ਤੇਜ਼ ਦੌੜਣ ਵਾਲੇ ਫੁੱਟਬਾਲ ਖਿਡਾਰੀਆਂ ਵਿਚੋਂ ਇਕ ਹੈ। ਇਕ ਵਾਰ ਮੈਚ ਦੌਰਾਨ ਉਹ 33.6 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਦੌੜਿਆ ਸੀ। ਇਕ ਮੈਚ ਦੌਰਾਨ ਉਸਨੇ 9.6 ਫੁੱਟ ਉੱਚੀ ਛਾਲ ਲਗਾਈ ਸੀ। ਇਸਨੂੰ 'ਸੁਪਰ ਹੀਰੋ ਜੰਪ' ਵੀ ਕਿਹਾ ਜਾਂਦਾ ਹੈ।

ਪੁਰਤਗਾਲ ਦੇ ਮਦੇਰਾ ਵਿਚ ਸਥਿਤ ਹਵਾਈ ਅੱਡੇ ਦਾ ਨਾਮ ਤਬਦੀਲ ਕਰਕੇ 'ਕ੍ਰਿਸਟੀਆਨੋ ਰੋਨਾਲਡੋ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖ ਦਿੱਤਾ ਗਿਆ ਹੈ।

ਉਹ ਹਮੇਸ਼ਾ ਆਪਣੀਆਂ ਸੀਮਾਵਾਂ ਤੋਂ ਪਰ੍ਹੇ ਜਾ ਕੇ ਖੁਦ ਨੂੰ ਚੁਣੌਤੀ ਦਿੰਦਾ ਹੈ। ਉਸ ਵਿਚ ਕਮਾਲ ਦੀ ਮਾਨਸਿਕ ਦ੍ਰਿੜ੍ਹਤਾ ਹੈ। ਉਹ ਦਬਾਅ, ਤਣਾਅ ਅਤੇ ਆਲੋਚਨਾ ਦੇ ਸਮੇਂ ਵੀ ਬਿਹਤਰੀਨ ਪ੍ਰਦਰਸ਼ਨ ਕਰਨ ਵਿਚ ਕਾਮਯਾਬ ਰਹਿੰਦਾ ਹੈ। ਉਸ ਵਿਚ ਸਿਰੇ ਦਾ ਆਤਮ-ਵਿਸ਼ਵਾਸ ਹੈ। ਉਹ ਹਮੇਸ਼ਾ ਮੰਨਦਾ ਹੈ ਕਿ ਉਹ ਸਰਵਸ੍ਰੇਸ਼ਟ ਬਣ ਸਕਦਾ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਰੋਨਾਲਡੋ ਦੇ ਪੈਰਾਂ ਦਾ ਬੀਮਾ ਹੋਇਆ ਹੈ। ਬੀਮੇ ਦੀ ਰਕਮ ਪਤਾ ਲੱਗਣ 'ਤੇ ਤੁਸੀਂ ਪਹਿਲਾਂ ਨਾਲੋਂ ਦੁਗਣੇ ਹੈਰਾਨ ਹੋਵੋਗੇ। ਉਸਦੇ ਪੈਰਾਂ ਦਾ ਬੀਮਾ 1094 ਕਰੋੜ ਰੁਪਏ ਵਿਚ ਹੋਇਆ ਹੈ।

## ਕ੍ਰਿਸਟੀਆਨੋ ਰੋਨਾਲਡੋ ਦਾ ਕਹਿਣਾ ਹੈ :

1. ਸ਼ਾਂਤ ਮਨ ਕਿਸੇ ਵੀ ਤੂਫ਼ਾਨ ਨਾਲ ਨਿਪਟ ਸਕਦਾ ਹੈ।"
2. ਪਛਤਾਵਾ ਕਰਨ ਨਾਲੋਂ ਬਿਹਤਰ ਹੈ, ਉੱਠੋ ਅਤੇ ਜੀਅ ਜਾਨ ਲਗਾ ਦਿਉ।"
3. ਇਨਸਾਨ ਸਫ਼ਲ ਉਦੋਂ ਹੁੰਦਾ ਹੈ, ਜਦ ਉਹ ਦੁਨੀਆਂ ਨੂੰ ਨਹੀਂ, ਖੁਦ ਨੂੰ ਬਦਲਣਾ ਸ਼ੁਰੂ ਕਰ ਦਿੰਦਾ ਹੈ।"
4. "ਲੋਕ ਮੇਰੇ 'ਤੇ ਹੱਸਦੇ ਹਨ ਕਿਉਂਕਿ ਮੈਂ ਅਲੱਗ ਹਾਂ। ਮੈਂ ਉਨ੍ਹਾਂ 'ਤੇ ਹੱਸਦਾ ਹਾਂ ਕਿਉਂਕਿ ਉਹ ਸਾਰੇ ਇਕੋ ਜਿਹੇ ਹਨ।"

ਉਹ ਦੁਨੀਆਂ ਦੀਆਂ ਪ੍ਰਸਿੱਧ ਹਸਤੀਆਂ ਵਿਚੋਂ ਇਕ ਹੈ। ਦੁਨੀਆਂ ਦੇ ਕਈ ਪ੍ਰਸਿੱਧ ਬ੍ਰਾਂਡਾਂ ਦੇ ਇਸ਼ਤਿਹਾਰਾਂ ਤੋਂ ਉਸਨੂੰ ਮੋਟੀ ਕਮਾਈ ਹੁੰਦੀ ਹੈ।

ਸੀ.ਆਰ.ਟੀ. ਬ੍ਰਾਂਡ ਦਾ ਉਹ ਮਾਲਕ ਹੈ, ਜਿਸਦੇ ਤਹਿਤ ਪਰਫਿਊਮ, ਕੱਪੜੇ ਆਦਿ ਬਾਜ਼ਾਰ ਵਿਚ ਉਪਲਬੱਧ ਹਨ। ਇਸੇ ਬ੍ਰਾਂਡ ਤਹਿਤ ਉਸਨੇ ਹੋਟਲ ਚੇਨ ਅਤੇ ਜਿੰਮ ਵੀ ਆਰੰਭ ਕੀਤੇ ਹੋਏ ਹਨ।

ਫੋਰਬਸ ਦੀ ਰਿਪੋਰਟ ਮੁਤਾਬਕ ਉਹ ਦੁਨੀਆਂ ਵਿਚ ਸਭ ਤੋਂ ਵਧੇਰੇ ਕਮਾਈ ਕਰਨ ਵਾਲੇ ਖਿਡਾਰੀਆਂ ਦੀ ਸੂਚੀ ਵਿਚ ਸ਼ਿਖਰ 'ਤੇ ਹੈ।

ਰੋਨਾਲਡੋ ਕੋਲ ਗੋਲ ਕਰਨ ਦੀ ਲਾਜਵਾਬ ਸਮਝ-ਸਮਰੱਥਾ ਤੇ ਮਹਾਰਤ ਹੈ। ਉਹ ਦੋਵੇਂ ਪੈਰਾਂ ਦਾ ਇੰਝ ਇਸਤੇਮਾਲ ਕਰਦਾ ਹੈ ਕਿ ਖੇਡ-ਪ੍ਰੇਮੀ ਦੰਗ ਰਹਿ ਜਾਂਦੇ ਹਨ। ਉਹ ਦੋਹਾਂ ਪੈਰਾਂ ਨਾਲ ਸਟੀਕ ਅਤੇ ਸ਼ਕਤੀਸ਼ਾਲੀ ਸ਼ਾਟ ਲਗਾਉਣ ਵਿਚ ਮਾਹਿਰ ਹੈ।

ਉਹ ਦੂਰ ਤੋਂ, ਪੇਨਲਟੀ ਬਾਕਸ ਦੇ ਬਾਹਰੋਂ ਵੀ ਤੇਜ਼-ਤਰਾਰ ਅਤੇ ਘੁਮਾਉਦਾਰ ਸ਼ਾਟ ਲਗਾ ਕੇ ਗੋਲਕੀਪਰਾਂ ਨੂੰ ਚਕਮਾ ਦੇਣ ਵਿਚ ਪ੍ਰਬੀਨ ਹੈ।

ਉਸਦੀ ਹਵਾਈ ਕਲਾਬਾਜ਼ੀ ਅਤੇ ਸਿਰ ਦੀ ਵਰਤੋਂ ਗਜ਼ਬ ਦੀ ਹੁੰਦੀ ਹੈ। ਟਾਈਮਿੰਗ ਇੰਨੀ ਸਟੀਕ ਹੁੰਦੀ ਹੈ ਕਿ ਉਹ ਅਕਸਰ ਸਾਰੇ ਖਿਡਾਰੀਆਂ ਤੋਂ ਉੱਪਰ ਉੱਠ ਕੇ ਹੈੱਡਰ ਨਾਲ ਗੋਲ ਕਰਕੇ ਸਭ ਨੂੰ ਅਚੰਭਿਤ ਕਰ ਦਿੰਦਾ ਹੈ।

ਆਪਣੀ ਸਰੀਰਕ ਸਮਰੱਥਾ, ਗਰਦਨ, ਛਾਤੀ, ਪੇਟ ਅਤੇ ਪਿੱਠ ਦੀ ਤਾਕਤ ਸਦਕਾ ਉਹ ਹਵਾ ਵਿਚ ਵੀ ਗੇਂਦ ਨੂੰ ਸਹੀ ਦਿਸ਼ਾ ਅਤੇ ਰਫ਼ਤਾਰ ਦੇ ਦਿੰਦਾ ਹੈ।

ਉਹ ਤੇਜ਼ ਤਰਾਰ ਰਫ਼ਤਾਰ, ਜਾਦੂਈ ਲਲਿੰਗ ਅਤੇ ਚਹਿਲ-ਕਦਮੀਂ ਨਾਲ ਰੱਖਿਅਕ ਪੰਕਤੀ ਨੂੰ ਅਸਾਨੀ ਨਾਲ ਪਛਾੜ ਦਿੰਦਾ ਹੈ।

ਆਪਣੀ ਚੁਸਤੀ-ਫੁਰਤੀ ਕਾਰਨ ਉਹ ਕਾਊਂਟਰ ਅਟੈਕ, ਤੁਰੰਤ ਜਵਾਬੀ ਹਮਲਾ ਕਰਨ ਵਿਚ ਵੀ ਮਾਹਿਰ ਹੈ, ਜਿਹੜਾ ਵਿਰੋਧੀ ਟੀਮ ਲਈ ਘਾਤਕ ਸਿੱਧ ਹੁੰਦਾ ਹੈ।

ਉਹ ਸਹੀ ਸਮੇਂ 'ਤੇ, ਸਹੀ ਜਗ੍ਹਾ ਮੌਜੂਦ ਹੁੰਦਾ ਹੈ ਕਿਉਂਕਿ ਉਸਦੀ ਬਿਨ੍ਹਾ ਗੇਂਦ ਦੇ ਮੂਵਮੈਂਟ ਵੀ ਕਮਾਲ ਦੀ ਹੁੰਦੀ ਹੈ। ਇਸ ਨਾਲ ਉਸਦੇ ਸਾਥੀ ਖਿਡਾਰੀ ਉਸਨੂੰ ਅਸਾਨੀ ਨਾਲ ਪਾਸ ਦੇਣ ਵਿਚ ਕਾਮਯਾਬ ਰਹਿੰਦੇ ਹਨ।

ਰੋਨਾਲਡੋ ਪੈਨਲਟੀ ਕਿੰਗ ਹੈ। ਉਹ ਨਹਾਇਤ ਦਬਾਅ ਦੀ ਸਥਿਤੀ ਵਿਚ ਵੀ ਬੇਹੱਦ ਸ਼ਾਂਤ ਰਹਿ ਕੇ ਪੈਨਲਟੀ ਨੂੰ ਗੋਲ ਵਿਚ ਤਬਦੀਲ ਕਰਨ ਲਈ ਜਾਣਿਆ ਜਾਂਦਾ ਹੈ।

ਉਸਦੀ ਫ੍ਰੀ ਕਿੱਕ ਤਕਨੀਕ, ਅਨੋਖੀ 'ਨਕਲਬਾਲ' ਫੁੱਟਬਾਲ ਦੀ ਦੁਨੀਆਂ ਵਿਚ ਬੜੀ ਚਰਚਿਤ, ਬੜੀ ਮਸ਼ਹੂਰ ਰਹੀ ਹੈ। ਜਿਸ ਗੇਂਦ ਹਵਾ ਵਿਚ ਹੈਰਾਨੀਜਨਕ ਢੰਗ ਨਾਲ ਦਿਸ਼ਾ ਬਦਲਦੀ ਹੈ।

ਉਮਰ ਅਤੇ ਤਜ਼ਰਬੇ ਦੇ ਨਾਲ-ਨਾਲ ਉਸਨੇ ਆਪਣੀ ਖੇਡ-ਸ਼ੈਲੀ ਵਿਚ ਕਈ ਤਬਦੀਲੀਆਂ ਕੀਤੀਆਂ। ਵਿੰਗਸ (ਖੱਬੇ ਅਤੇ ਸੱਜੇ ਪਾਸੇ ਖੇਡਣਾ) ਨੂੰ ਛੱਡ ਕੇ ਪੈਨਲਟੀ ਬਾਕਸ ਦੇ ਅੰਦਰ ਇਕ ਖਤਰਨਾਕ ਗੋਲ ਪੋਚਰ (ਗੋਲ ਨੇੜੇ ਗੋਲ ਕਰਨ ਵਾਲੇ) ਜਾਂ ਮੁੱਖ ਸਟਰਾਈਕਰ ਦੀ ਭੂਮਿਕਾ ਨਿਭਾਉਣੀ ਸ਼ੁਰੂ ਕੀਤੀ।

ਉਸਦੀ ਖੇਡ-ਕਲਾ ਕੇਵਲ ਉਸਦੀ ਪ੍ਰਾਕਿਰਤਕ ਪ੍ਰਤਿਭਾ 'ਤੇ ਹੀ ਨਹੀਂ, ਸਗੋਂ ਅਣਥੱਕ ਮਿਹਨਤ, ਸਰੀਰਕ ਫਿੱਟਨੈੱਸ ਅਤੇ ਕਦੇ ਹਾਰ ਨਾ ਮੰਨਣ ਵਾਲੇ ਜਜ਼ਬੇ 'ਤੇ ਟਿਕੀ ਹੋਈ ਹੈ।

ਉਹ ਹਫ਼ਤੇ ਵਿਚ ਪੰਜ ਦਿਨ 3 ਤੋਂ 4 ਘੰਟੇ ਸਖ਼ਤ ਅਭਿਆਸ ਕਰਦਾ ਹੈ। ਉਸਦਾ ਰੋਜ਼ਾਨਾ ਅਭਿਆਸ ਉਸਦੀ ਰਫ਼ਤਾਰ, ਲਚਕੀਲਾਪਨ, ਸਹਿਣਸ਼ਕਤੀ ਅਤੇ ਸਰੀਰਕ ਸਮਰੱਥਾ ਵਧਾਉਣ ਲਈ ਡਿਜ਼ਾਇਨ ਕੀਤਾ ਗਿਆ ਹੈ।

ਇਸੇ ਲਈ ਉਹ 41 ਸਾਲ ਦੀ ਉਮਰ ਵਿਚ ਵੀ ਦੁਨੀਆਂ ਦੀਆਂ ਬਿਹਤਰੀਨ ਫੁੱਟਬਾਲ ਕਲੱਬਾਂ ਲਈ ਖੇਡ ਰਿਹਾ ਹੈ।

ਭਾਵੇਂ ਨੇੜ-ਭਵਿੱਖ (2027 ਵਿਚ) ਵਿਚ ਉਸਦਾ ਖੇਡ ਤੋਂ ਸੰਨਿਆਸ ਲੈਣ ਦਾ ਇਰਾਦਾ ਹੈ ਪਰ ਉਹ ਸਾਊਦੀ ਅਰਬ ਦੀ ਅਲ-ਨਸਤਰ ਕਲੱਬ ਨਾਲ ਕੀਤੇ ਸਮਝੌਤੇ ਤੱਕ ਖੇਡਦਾ ਅਵੱਸ਼ ਨਜ਼ਰ ਆਏਗਾ।

ਉਮੀਦ ਕੀਤੀ ਜਾ ਰਹੀ ਹੈ ਕਿ ਅਲ-ਨਸਤਰ ਨਾਲ ਸਮਝੌਤਾ ਖਤਮ ਹੋਣ 'ਤੇ ਉਹ ਆਪਣੇ ਬੂਟ ਕਿੱਲੀ 'ਤੇ ਟੰਗ ਦੇਵੇਗਾ।

ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਕੋਚ ਬਣ ਸਕਦਾ ਹੈ ਜਾਂ ਕਲੱਬ ਦਾ ਪ੍ਰਧਾਨ ਜਾਂ ਉਹ ਆਪਣੀ ਕਲੱਬ ਬਣਾ ਕੇ ਉਸਤੇ ਪੈਸਾ ਲਗਾ ਸਕਦਾ ਹੈ।

ਇਹ ਵੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਉਹ ਖੇਡਾਂ ਨਾਲ ਜੁੜੇ ਕਾਰੋਬਾਰ ਵਿਚ ਪੈ ਸਕਦਾ ਹੈ।

ਡਿਜ਼ੀਟਲ ਦੁਨੀਆਂ ਵਿਚ ਪ੍ਰਵੇਸ਼ ਕਰ ਸਕਦਾ ਹੈ ਜਾਂ ਕੋਈ ਮੀਡੀਆ ਪਲੇਟਫਾਰਮ ਆਰੰਭ ਕਰ ਸਕਦਾ ਹੈ।

ਉਹ ਖੇਡ ਤੋਂ ਇਸ ਲਈ ਲਾਂਭੇ ਹੋਣਾ ਚਾਹੁੰਦਾ ਹੈ, ਤਾਂ ਜੋ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ, ਆਪਣੇ ਬੱਚਿਆਂ ਨੂੰ ਵਧੇਰੇ ਵਕਤ ਦੇ ਸਕੇ। ਉਹ ਕਹਿੰਦਾ ਹੈ, "ਮੈਂ ਵਧੇਰੇ ਪਰਿਵਾਰਕ ਵਿਅਕਤੀ ਬਣਨਾ ਚਾਹੁੰਦਾ ਹਾਂ। ਪਰਿਵਾਰ ਵਿਚ ਵਧੇਰੇ ਹਾਜ਼ਰ ਰਹਿਣਾ ਚਾਹੁੰਦਾ ਹਾਂ। ਇਸ ਤੋਂ ਇਲਾਵਾ ਮੇਰੇ ਆਪਣੇ ਸ਼ੌਕ ਵੀ ਹਨ, ਸਮਾਂ ਦੇਣਾ ਚਾਹੁੰਦਾ ਹਾਂ।"

ਰੋਨਾਲਡੋ ਦਾ ਕਹਿਣਾ ਹੈ, ਮੇਰੇ ਪਿਤਾ ਕਾਫ਼ੀ ਡ੍ਰਿੰਕ ਕਰਦੇ ਸਨ। ਇਸੇ ਕਾਰਨ ਉਹ ਮੈਨੂੰ 20 ਸਾਲ ਦੀ ਉਮਰ ਵਿਚ ਛੱਡ ਕੇ ਦੁਨੀਆਂ ਤੋਂ ਚੱਲ ਗਏ। ਮੈਨੂੰ ਝੋਰਾ ਹੈ ਕਿ ਮੇਰੀ ਕਦੇ ਉਨ੍ਹਾਂ ਨਾਲ ਚੰਗੀ ਤਰ੍ਹਾਂ ਖੁੱਲ੍ਹ ਕੇ ਗੱਲਬਾਤ ਵੀ ਨਹੀਂ ਹੋਈ ਸੀ। ਉਨ੍ਹਾਂ ਨੂੰ ਮੇਰੀਆਂ ਪ੍ਰਾਪਤੀਆਂ ਬਾਰੇ ਵੀ ਜਾਣਕਾਰੀ ਨਹੀਂ ਸੀ।

ਲੇਖਕ : ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857



ਪੰਜਾਬ ਮੇਲ USA

# ਮਹਾਨ ਲੇਖਕ ਡਬਲਯੂ.ਬੀ. ਯੀਟਸ ਦਾ ਕਾਵਿਕ ਸਫ਼ਰ

## (ਜਨਮ ਦਿਨ ’ਤੇ ਵਿਸ਼ੇਸ਼)





**1886 ਦੇ ਅੰਤ ਵਿਚ ਉਸ ਨੇ ਲੰਡਨ ਰਹਿ ਕੇ ਐਸੀਆਂ ਕਵਿਤਾਵਾਂ, ਨਾਟਕ, ਨਾਵਲ ਅਤੇ ਛੋਟੀਆਂ ਕਹਾਣੀਆਂ ਲਿਖੀਆਂ, ਜਿਸ ਦੇ ਸਾਰੇ ਪਾਤਰਾਂ ਅਤੇ ਦ੍ਰਿਸ਼ਾਂ ਵਿਚ ਆਇਰਿਸ਼ ਸੱਭਿਆਚਾਰ ਦਾ ਹੀ ਵਰਨਣ ਹੁੰਦਾ ਸੀ। ਇਸ ਤੋਂ ਇਲਾਵਾ ਉਸਨੇ ਕਿਤਾਬਾਂ ਦੀਆਂ ਸਮੀਖਿਆਵਾਂ ਵੀ ਤਿਆਰ ਕੀਤੀਆਂ, ਜੋ ਆਮ ਤੌਰ ’ਤੇ ਆਇਰਿਸ਼ ਵਿਸ਼ਿਆਂ ’ਤੇ ਆਧਾਰਿਤ ਹੁੰਦੀਆਂ ਸਨ।**

ਵਿਲੀਅਮ ਬਟਲਰ ਯੀਟਸ ਨੂੰ 20ਵੀਂ ਸਦੀ ਦੇ ਮਹਾਨ ਕਵੀਆਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਬਤੌਰ ਇੱਕ ਨਾਟਕਕਾਰ ਅਤੇ ਵਾਰਤਕ ਲੇਖਕ ਵਜੋਂ ਵੀ ਬੇਹੱਦ ਪ੍ਰਸਿੱਧੀ ਹਾਸਲ ਕੀਤੀ। ਉਨ੍ਹਾਂ ਨੇ ਅੰਗਰੇਜ਼ੀ ਅਤੇ ਆਇਰਿਸ਼ ਸਾਹਿਤ ਦੋਵਾਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਪ੍ਰੋਟੈਸਟੈਂਟ, ਐਂਗਲੋ-ਆਇਰਿਸ਼ ਘੱਟ ਗਿਣਤੀ ਨਾਲ ਸਬੰਧਤ ਸੀ, ਜਿਸਨੇ 17ਵੀਂ ਸਦੀ ਦੇ ਅੰਤ ਤੋਂ ਆਇਰਲੈਂਡ ਦੇ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਜੀਵਨ ਨੂੰ ਨਿਯੰਤਰਿਤ ਕੀਤਾ ਸੀ। ਇਸ ਘੱਟ ਗਿਣਤੀ ਦੇ ਜ਼ਿਆਦਾਤਰ ਮੈਂਬਰ ਆਪਣੇ ਆਪ ਨੂੰ ਅੰਗਰੇਜ਼ੀ ਲੋਕ ਸਮਝਦੇ ਸਨ, ਜੋ ਆਇਰਲੈਂਡ ਵਿਚ ਪੈਦਾ ਹੋਏ ਸਨ, ਪਰ ਯੀਟਸ ਨੇ ਆਪਣੀ ਆਇਰਿਸ਼ ਕੌਮੀਅਤ ਦੀ ਦ੍ਰਿੜ੍ਹਤਾ ਨਾਲ ਪੁਸ਼ਟੀ ਕੀਤੀ। ਹਾਲਾਂਕਿ ਉਹ ਆਪਣੇ ਬਚਪਨ ਦੇ 14 ਸਾਲ ਲੰਡਨ ਵਿਚ ਰਿਹਾ ਪਰ ਯੀਟਸ ਨੇ ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਕਾਇਮ ਰੱਖਿਆ। ਉਨ੍ਹਾਂ ਨੇ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਅਤੇ ਨਾਟਕਾਂ ਵਿਚ ਆਇਰਿਸ਼ ਦੰਤਕਥਾਵਾਂ ਅਤੇ ਨਾਇਕਾਂ ਨੂੰ ਪੇਸ਼ ਕੀਤਾ।

ਇਨ੍ਹਾਂ ਦਾ ਜਨਮ 13 ਜੂਨ, 1865 ਨੂੰ ਡਬਲਿਨ, ਆਇਰਲੈਂਡ ਵਿਚ ਜੌਨ ਬਟਲਰ ਅਤੇ ਸੁਜ਼ਨ ਪੋਲੈਕਸਫੇਨ ਦੇ ਘਰ ਹੋਇਆ। ਇਨ੍ਹਾਂ ਦਾ ਭਰਾ ਜੈਕ ਬਟਲਰ ਯੀਟਸ ਵੀ ਇੱਕ ਮਸ਼ਹੂਰ ਚਿੱਤਰਕਾਰ ਸੀ। ਵਿਲੀਅਮ ਬਟਲਰ ਯੀਟਸ ਦੇ ਪਿਤਾ ਜੀ ਵੀ ਇੱਕ ਪ੍ਰਸਿੱਧ ਚਿੱਤਰਕਾਰ ਸਨ, ਜੋ ਪੋਰਟਰੇਟ ਬਣਾਇਆ ਕਰਦੇ ਸਨ, ਜਿਨ੍ਹਾਂ ਕਰਕੇ ਵਿਲੀਅਮ ਯੀਟਸ ਦੀ ਰੁਚੀ ਛੋਟੀ ਉਮਰ ਵਿਚ ਹੀ ਸਾਹਿਤ ਅਤੇ ਕਵਿਤਾ ਲਿਖਣ ਵੱਲ ਹੋ ਗਈ ਸੀ। ਸੰਨ 1867 ਵਿਚ ਇਨ੍ਹਾਂ ਦਾ ਪਰਿਵਾਰ ਲੰਡਨ ਚਲਾ ਗਿਆ, ਜਦੋਂ ਇਹ ਸਿਰਫ ਦੋ ਸਾਲ ਦੇ ਸਨ। ਸੰਨ 1880 ਵਿਚ ਇਨ੍ਹਾਂ ਦਾ ਪਰਿਵਾਰ ਵਾਪਸ ਡਬਲਿਨ ਆ ਗਿਆ, ਜਿੱਥੋਂ ਇਨ੍ਹਾਂ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੀ। ਬਾਅਦ ਵਿਚ ਇਨ੍ਹਾਂ ਮੈਟਰੋਪੋਲੀਟਨ ਸਕੂਲ ਆਫ ਆਰਟ ਵਿਚ ਦਾਖਲਾ ਲੈ ਲਿਆ। ਸੰਨ 1887 ਵਿਚ ਇਨ੍ਹਾਂ ਦਾ ਪਰਿਵਾਰ ਇੱਕ ਵਾਰ ਫਿਰ ਲੰਡਨ ਵਾਪਸ ਆ ਗਿਆ, ਜਿੱਥੇ ਇਨ੍ਹਾਂ ਨੇ ਲਿਖਣ ਨੂੰ ਇੱਕ ਕੈਰੀਅਰ ਵਜੋਂ ਅੱਗੇ ਵਧਾਉਣ ਦਾ ਫੈਸਲਾ ਕੀਤਾ।

1885 ਵਿਚ, ਯੀਟਸ ਦੇ ਸ਼ੁਰੂਆਤੀ ਬਾਲਗ ਜੀਵਨ ਦਾ ਇੱਕ ਮਹੱਤਵਪੂਰਨ ਸਾਲ ਸੀ, ਜਦੋਂ ਉਸਦੀ ਕਵਿਤਾ ਪਹਿਲੀ ਵਾਰ ਡਬਲਿਨ ਯੂਨੀਵਰਸਿਟੀ ਰਿਵਿਊ ਵਿਚ ਪ੍ਰਕਾਸ਼ਿਤ ਹੋਈ ਅਤੇ ਨਾਲ ਹੀ ਉਸਨੇ ਜਾਦੂਗਰੀ ਵਿਚ ਆਪਣੀ ਮਹੱਤਵਪੂਰਨ ਦਿਲਚਸਪੀ ਸ਼ੁਰੂ ਕੀਤੀ। ਇਹ ਉਹ ਸਾਲ ਵੀ ਸੀ, ਜਦੋਂ ਉਹ ਜੌਨ ਓਲੇਰੀ ਨੂੰ ਮਿਲਿਆ, ਇੱਕ ਮਸ਼ਹੂਰ ਦੇਸ਼ਭਗਤ ਜੋ ਇਨਕਲਾਬੀ ਰਾਸ਼ਟਰਵਾਦੀ ਗਤੀਵਿਧੀਆਂ ਲਈ 20 ਸਾਲ ਦੀ ਕੈਦ ਅਤੇ ਜਲਾਵਤਨੀ ਤੋਂ ਬਾਅਦ ਆਇਰਲੈਂਡ ਵਾਪਸ ਆਇਆ ਸੀ। ਓਲੇਰੀ ਨੂੰ ਆਇਰਿਸ਼ ਕਿਤਾਬਾਂ, ਸੰਗੀਤ ਅਤੇ ਗਾਥਾਵਾਂ ਵਿਚ ਡੂੰਘੀ ਦਿਲਚਸਪੀ ਸੀ ਅਤੇ ਉਸਨੇ ਆਇਰਿਸ਼ ਮੂਲ ਦੇ ਨੌਜਵਾਨ ਲੇਖਕਾਂ ਨੂੰ ਆਇਰਿਸ਼ ਵਿਸ਼ਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਯੀਟਸ ਜਿਸਨੇ ਵਧੇਰੇ ਰੋਮਾਂਟਿਕ ਵਿਸ਼ਿਆਂ ਨੂੰ ਤਰਜੀਹ ਦਿੱਤੀ ਸੀ, ਨੇ ਜਲਦੀ ਹੀ ਓਲਰੀ ਦੀ ਸਲਾਹ ’ਤੇ ਆਇਰਿਸ਼ ਦੰਤ ਕਥਾਵਾਂ, ਆਇਰਿਸ਼ ਲੋਕ ਧਾਰਾਵਾਂ, ਆਇਰਿਸ਼ ਗਾਥਾਵਾਂ ਅਤੇ ਆਇਰਿਸ਼ ਗੀਤਾਂ ’ਤੇ ਆਧਾਰਿਤ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ।

1886 ਦੇ ਅੰਤ ਵਿਚ ਉਸ ਨੇ ਲੰਡਨ ਰਹਿ ਕੇ ਐਸੀਆਂ ਕਵਿਤਾਵਾਂ, ਨਾਟਕ, ਨਾਵਲ ਅਤੇ ਛੋਟੀਆਂ ਕਹਾਣੀਆਂ ਲਿਖੀਆਂ, ਜਿਸ ਦੇ ਸਾਰੇ ਪਾਤਰਾਂ ਅਤੇ ਦ੍ਰਿਸ਼ਾਂ ਵਿਚ ਆਇਰਿਸ਼ ਸੱਭਿਆਚਾਰ ਦਾ ਹੀ ਵਰਨਣ ਹੁੰਦਾ ਸੀ। ਇਸ ਤੋਂ ਇਲਾਵਾ ਉਸਨੇ ਕਿਤਾਬਾਂ ਦੀਆਂ ਸਮੀਖਿਆਵਾਂ ਵੀ ਤਿਆਰ ਕੀਤੀਆਂ, ਜੋ ਆਮ ਤੌਰ ’ਤੇ ਆਇਰਿਸ਼ ਵਿਸ਼ਿਆਂ ’ਤੇ ਆਧਾਰਿਤ ਹੁੰਦੀਆਂ ਸਨ। ਲੰਡਨ ਵਿਚ, ਯੀਟਸ ਦੀ ਮੁਲਾਕਾਤ ਮੌਡ ਗੌਨ ਨਾਲ ਹੋਈ, ਜੋ ਕਿ ਇੱਕ ਲੰਮੀ, ਸੁੰਦਰ, ਸਮਾਜਿਕ ਤੌਰ ’ਤੇ ਪ੍ਰਮੁੱਖ ਨੌਜਵਾਨ ਔਰਤ ਸੀ, ਜੋ ਆਇਰਿਸ਼ ਰਾਸ਼ਟਰਵਾਦ ਪ੍ਰਤੀ ਜੋਸ਼ ਨਾਲ ਸਮਰਪਿਤ ਸੀ। ਯੀਟਸ ਨੂੰ ਜਲਦੀ ਹੀ ਗੌਨ ਨਾਲ ਪਿਆਰ ਹੋ ਗਿਆ। ਗੌਨ ਦੇ ਉਤਸ਼ਾਹ ਨਾਲ ਯੀਟਸ ਨੇ ਆਇਰਿਸ਼ ਰਾਸ਼ਟਰਵਾਦ ਪ੍ਰਤੀ ਆਪਣੇ ਸਮਰਪਣ ਨੂੰ ਦੁੱਗਣਾ ਕਰ ਦਿੱਤਾ ਅਤੇ ਦ ਕਾਉਂਟੇਸ ਕੈਥਲੀਨ (1892) ਵਰਗੇ ਕਾਵਿ ਨਾਟਕ ਪੇਸ਼ ਕੀਤੇ, ਜੋ ਉਸਨੇ ਉਸਨੂੰ ਸਮਰਪਿਤ ਕੀਤੇ ਅਤੇ ਕੈਥਲੀਨ ਨੀ ਹੌਲੀਹਾਨ (1902), ਜੋ ਵਨ ਐਕਟ ਆਇਰਿਸ਼ ਰਾਸਟਰਵਾਦੀ ਨਾਟਕ ਸੀ, ਜੋ ਇੱਕ ਮਿਥਿਹਾਸਿਕ ਔਰਤ ਦੇ ਦੁਆਲੇ ਕੇਂਦ੍ਰਿਤ ਸੀ, ਜੋ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਦੀ ਮੰਗ ਕਰ ਰਹੇ ਬਸਤੀਵਾਦੀ ਆਇਰਲੈਂਡ ਲਈ ਇੱਕ ਸ਼ਕਤੀਸ਼ਾਲੀ ਰੂਪਕ ਵਜੋਂ ਕੰਮ ਕਰਦੀ ਸੀ, ਜਿਸ ਵਿਚ ਉਸਨੂੰ ਸਿਰਲੇਖ ਭੂਮਿਕਾ ਵਿਚ ਆਇਰਲੈਂਡ ਦੇ ਰੂਪ ਵਜੋਂ ਦਰਸਾਇਆ ਗਿਆ ਸੀ। ਉਨ੍ਹਾਂ ਦਿਨਾਂ ਵਿਚ ਹੀ ਯੀਟਸ ਇੱਕ ਐਸੇ ਸੰਗਠਨ ਗੋਲਡਨ ਡਾਨ ਵਿਚ ਸ਼ਾਮਲ ਹੋ ਗਿਆ ਸੀ, ਜੋ ਰਹੱਸਵਾਦ ਅਤੇ ਜਾਦੂਗਰੀ ਨਾਲ ਸੰਬੰਧਿਤ ਵਿਸ਼ਿਆ ਦੀ ਪੜਚੋਲ ਕਰਦਾ ਸੀ। ਸੰਨ 1889 ਵਿਚ ਇਨ੍ਹਾਂ ਨੇ ਆਪਣਾ ਪਹਿਲਾ ਕਾਵਿ ਸੰਗ੍ਰਹਿ ਦਾ ਵੈਡਰਿੰਗਜ਼ ਆਫ ਓਇਸਿਨ ਐਂਡ ਅਦਰ ਪੋਇਮਜ਼ ਪ੍ਰਕਾਸ਼ਿਤ ਕਰਵਾਇਆ।

ਬਚਪਨ ਵਿਚ ਯੀਟਸ ਨੂੰ ਪੀ.ਬੀ. ਸ਼ੈਲੀ ਅਤੇ ਵਿਲੀਅਮ ਬਲੇਕ ਦੀਆਂ ਰਚਨਾਵਾਂ ਪੜ੍ਹਨ ਦਾ ਬਹੁਤ ਮਜ਼ਾ ਆਉਂਦਾ ਸੀ। ਸੰਨ 1890 ਦੇ ਦਹਾਕੇ ਵਿਚ ਉਸਦੀ ਬਹੁਤ ਸਾਰੀ ਕਵਿਤਾ ਆਇਰਿਸ਼ ਵਿਸ਼ਿਆਂ ਵਿਚ ਉਸਦੀ ਦਿਲਚਸਪੀ ਨੂੰ ਦਰਸਾਉਂਦੀ ਰਹੀ। ਇਸ ਦਹਾਕੇ ਦੌਰਾਨ ਉਹ ਕਾਵਿਕ ਤਕਨੀਕਾਂ ਵਿਚ ਵੀ ਵਧੇਰੇ ਦਿਲਚਸਪੀ ਲੈਂਦਾ ਗਿਆ। ਸਦੀ ਦੇ ਮੋੜ ਨੇ ਯੀਟਸ ਦੀ ਥੀਏਟਰ ਵਿਚ ਵਧਦੀ ਦਿਲਚਸਪੀ ਨੂੰ ਦਰਸਾਇਆ, ਇਹ ਦਿਲਚਸਪੀ ਉਸਦੇ ਪਿਤਾ ਜੋ ਇੱਕ ਮਸ਼ਹੂਰ ਕਲਾਕਾਰ ਅਤੇ ਵਧੀਆ ਬੁਲਾਰੇ ਸਨ, ਤੋਂ ਪ੍ਰਭਾਵਿਤ ਸੀ, ਜੋ ਸਾਹਿਤ ਵਿਚ ਬਹੁਤ ਸਾਰੇ ਨਾਟਕੀ ਪਲਾਂ ਨੂੰ ਪਿਆਰ ਕਰਦੇ ਸਨ। ਸੰਨ 1899 ਵਿਚ ਇਨ੍ਹਾਂ ਨੇ ਡਬਲਿਨ ਵਿਚ ਪਹਿਲੇ ਨਾਟਕ ਦਾ ਮੰਚਨ ਕੀਤਾ, ਜਿਸ ਵਿਚ ਇਨ੍ਹਾਂ ਦਾ ਨਾਟਕ ਕਾਊਂਟੇਸ ਕੈਥਲੀਨ ਸ਼ਾਮਲ। ਸੰਨ 1902 ਵਿਚ ਇਨ੍ਹਾਂ ਨੇ ਜਾਰਜ ਰਸਲ ਦੀ ਆਇਰਿਸ਼ ਦੰਤਕਥਾ “ਡੀਅਰਡਰੇ” ਅਤੇ ਆਪਣਾ ਨਾਟਕ “ਦੀ ਕੈਥਲੀਨ ਨੀ ਹੌਲੀਹਾਨ” ਦੋਵਾਂ ਦਾ ਮੰਚਨ ਕਰਨ ਵਿਚ ਸ਼ੌਕੀਆ ਆਇਰਿਸ਼ ਅਦਾਕਾਰਾਂ ਦੀ ਇੱਕ ਕੰਪਨੀ ਦਾ ਸਮਰਥਨ ਕੀਤਾ। ਇਨ੍ਹਾਂ ਪ੍ਰੋਡਕਸ਼ਨਾਂ ਦੀ ਸਫਲਤਾ ਨੇ ਆਇਰਿਸ਼ ਨੈਸ਼ਨਲ ਥੀਏਟਰ ਸੋਸਾਇਟੀ ਦੀ ਸਥਾਪਨਾ ਕੀਤੀ, ਜਿਸਦੇ ਪ੍ਰਧਾਨ ਯੀਟਸ ਸਨ। ਇੱਕ ਅਮੀਰ ਸਪਾਂਸਰ ਦੁਆਰਾ ਕੰਪਨੀ ਦੇ ਸਥਾਈ ਘਰ ਵਜੋਂ ਡਬਲਿਨ ਦੇ ਐਬੇ ਥੀਏਟਰ ਦੀ ਮੁਰੰਮਤ ਲਈ ਸਵੈ-ਇੱਛਾ ਨਾਲ ਭੁਗਤਾਨ ਕਰਨ ਤੋਂ ਬਾਅਦ, ਇਹ ਥੀਏਟਰ 27 ਦਸੰਬਰ, 1904 ਨੂੰ ਖੋਲ੍ਹਿਆ ਗਿਆ, ਜਿੱਥੇ ਮਗਰੋਂ ਬਹੁਤ ਸਾਰੇ ਨਾਟਕ ਖੇਡੇ ਗਏ।

ਯੀਟਸ ਦੀਆਂ ਕੁੱਝ ਮਸ਼ਹੂਰ ਕਵਿਤਾਵਾਂ ਦਾ ਵੇਰਵਾ ਆਰੰਭਿਕ ਸਮੇਂ ਦੀਆਂ ਹਨ - ‘ਦਾ ਸੌਂਗ ਆਫ ਵਾਂਡਰਿੰਗ ਐਗੰਸ’, ‘ਦਾ ਸਟੋਲਨ ਚਾਈਲਡ’, ‘ਦਾ ਲੇਕ ਆਈਸਲ ਆਫ ਇੰਨਸਫ੍ਰੀ’, ‘ਵੈਂਨ ਯੂ ਆਰ ਓਲਡ’, ਅਤੇ ‘ਦਾ ਰੋਜ਼ ਆਫ ਦਾ ਵਰਲਡ’ ਸ਼ਾਮਲ ਹਨ।

ਮੱਧ ਸਮੇਂ ਦੀਆਂ ਰਾਜਨੀਤਿਕ ਵਿਸ਼ੇ ’ਤੇ ਮਸ਼ਹੂਰ ਕਵਿਤਾਵਾਂ- ‘ਨੋ ਸੈਕੰਡ ਟ੍ਰੋਏ’, ‘ਸਤੰਬਰ 1913’, ‘ਦਾ ਵਾਈਲਡ ਸਵੈਨ ਐਟ ਕੂਲੀ’, ਅਤੇ ‘ਦਾ ਸੈਕੰਡ ਕੰਮਿੰਗ’ ਸ਼ਾਮਿਲ ਹਨ।

ਆਖਰੀ ਦੌਰ ਦੀਆਂ ਮਸ਼ਹੂਰ ਕਵਿਤਾਵਾਂ : - ‘ਸੇਅਲਿੰਗ ਟੂ ਬਾਈਜ਼ਨਤੀਅਮ’, ‘ਦਾ ਟਾਵਰ ਅਮੋਂਗ ਸਕੂਲ ਚਿਲਡਰਨ’, ‘ਦਾ ਸਰਕਸ ਐਨੀਮਲ ਡੀਜਰਸ਼ਨ’ ਅਤੇ ਬੇਹੱਦ ਮਸ਼ਹੂਰ ਕਵਿਤਾ ‘ਦਾ ਸੈਕੰਡ ਕੰਮਿੰਗ’ ਪ੍ਰਮੁੱਖ ਹਨ।

**ਯੀਟਸ ਦੇ ਕੁੱਝ ਮਸ਼ਹੂਰ ਨਾਟਕਾਂ ਦਾ ਵੇਰਵਾ**

ਯੀਟਸ ਦਾ ਸਭ ਤੋਂ ਮਸ਼ਹੂਰ ਅਤੇ ਰਾਜਨੀਤਿਕ ਤੌਰ ’ਤੇ ਪ੍ਰਭਾਵਸ਼ਾਲੀ ਨਾਟਕ ਕੈਥਲੀਨ ਨੀ ਹੌਲੀਹਾਨ (1902) ਹੈ, ਜਿਸਨੂੰ ਉਸਨੇ ਆਪਣੀ ਲੰਬੇ ਸਮੇਂ ਦੀ ਸਹਿਯੋਗੀ ਲੇਡੀ ਗ੍ਰੈਗਰੀ ਨਾਲ ਮਿਲ ਕੇ ਲਿਖਿਆ ਸੀ। ਸੰਨ 1798 ਦੇ ਆਇਰਿਸ਼ ਵਿਦਰੋਹ ਦੌਰਾਨ ਸੈੱਟ ਕੀਤਾ ਗਿਆ, ਇਹ ਨਾਟਕ ਇੱਕ ਸ਼ਕਤੀਸ਼ਾਲੀ ਰਾਸ਼ਟਰਵਾਦੀ ਰੂਪਕ ਵਜੋਂ ਕੰਮ ਕਰਦਾ ਹੈ, ਜਿੱਥੇ ਇੱਕ ਬੁੱਢੀ ਔਰਤ (ਆਇਰਲੈਂਡ ਦੀ ਨੁਮਾਇੰਦਗੀ ਕਰਦੀ ਹੈ) ਇੱਕ ਨੌਜਵਾਨ ਨੂੰ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਨ ਲਈ ਆਪਣੇ ਆਉਣ ਵਾਲੇ ਵਿਆਹ ਨੂੰ ਤਿਆਗਣ ਲਈ ਪ੍ਰੇਰਿਤ ਕਰਦੀ ਹੈ।

ਉਨ੍ਹਾਂ ਦਾ ਰਾਸ਼ਟਰਵਾਦੀ ਅਤੇ ਮਿਥਿਹਾਸਕ ਨਾਟਕ ਕਾਊਂਟੇਸ ਕੈਥਲੀਨ (1892): ਆਇਰਿਸ਼ ਸਾਹਿਤਕ ਥੀਏਟਰ (ਜੋ ਬਾਅਦ ਵਿਚ ਐਬੇ ਬਣ ਗਿਆ) ਦੁਆਰਾ ਤਿਆਰ ਕੀਤਾ ਗਿਆ ਇਤਿਹਾਸਕ ਪਹਿਲਾ ਨਾਟਕ ਸੀ। ਇਹ ਇੱਕ ਕੁਲੀਨ ਔਰਤ ਦੀ ਕਹਾਣੀ ਦੱਸਦਾ ਹੈ, ਜੋ ਆਪਣੇ ਭੁੱਖੇ ਕਿਰਾਏਦਾਰਾਂ ਨੂੰ ਅਕਾਲ ਤੋਂ ਬਚਾਉਣ ਲਈ ਆਪਣੀ ਆਤਮਾ ਸ਼ੈਤਾਨ ਨੂੰ ਵੇਚ ਦਿੰਦੀ ਹੈ।

**ਦਿ ਲੈਂਡ ਆਫ਼ ਹਾਰਟਸ ਡਿਜ਼ਾਇਰ (1894):** ਇੱਕ ਬਹੁਤ ਹੀ ਸਫਲ ਸ਼ੁਰੂਆਤੀ ਕਾਵਿਕ ਨਾਟਕ ਜੋ ਆਇਰਿਸ਼ ਲੋਕਧਾਰਾਵਾਂ, ਪਰੀ ਕਹਾਣੀਆਂ ਅਤੇ ਰਹੱਸਵਾਦ ਵਿਚ ਬਹੁਤ ਜ਼ਿਆਦਾ ਜੜ੍ਹਾਂ ਰੱਖਦਾ ਹੈ।

**ਜਾਪਾਨੀ ਨੋਹ-ਪ੍ਰੇਰਿਤ ਪ੍ਰਯੋਗਾਤਮਕ ਨਾਟਕ : ਐਟ ਦ ਹਾਕਸ ਵੈੱਲ (1916):** ਇੱਕ ਆਧੁਨਿਕਤਾਵਾਦੀ, ਇੱਕ-ਐਕਟ ਨਾਟਕ ਜੋ ਪ੍ਰਾਚੀਨ ਅਲਸਟਰ ਮਿਥਿਹਾਸਕ ਨਾਇਕ ਕੁਚੁਲੇਨ ’ਤੇ ਕੇਂਦ੍ਰਿਤ ਹੈ।

**ਦਿ ਡ੍ਰੀਮਿੰਗ ਆਫ਼ ਦ ਬੋਨਜ਼ (1919):** ਉਸਦੇ ਚਾਰ ਨਾਟਕਾਂ ਲਈ ਡਾਂਸਰਾਂ ਦੇ ਸੰਗ੍ਰਹਿ ਦਾ ਹਿੱਸਾ, 1916 ਦੇ ਈਸਟਰ ਰਾਈਜ਼ਿੰਗ ਨੂੰ ਇਤਿਹਾਸਕ ਆਇਰਿਸ਼ ਭੂਤਾਂ ਨਾਲ ਜੋੜਦਾ ਹੈ।

**ਲੇਟ ਮਾਸਟਰਪੀਸ ਸਪਰਗੇਟਰੀ (1938):** ਇੱਕ ਵਿਵਾਦਪੂਰਨ ਛੋਟਾ ਨਾਟਕ, ਜਿਸਨੂੰ ਆਧੁਨਿਕ ਆਲੋਚਕਾਂ ਦੁਆਰਾ ਵਿਆਪਕ ਤੌਰ ’ਤੇ ਉਸਦੇ ਸੰਪੂਰਨ ਮਾਸਟਰਪੀਸਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ।

ਸੰਨ 1917 ਵਿਚ ਇਨ੍ਹਾਂ ਦਾ ਵਿਆਹ ਜੌਰਜੀ ਹਾਈਡ ਲੀਜ਼ ਨਾਲ ਹੋਇਆ ਅਤੇ ਇਨ੍ਹਾਂ ਦੇ ਘਰੇ ਦੋ ਬੱਚਿਆਂ ਨੇ ਜਨਮ ਲਿਆ। ਸੰਨ 1922 ਵਿਚ ਇਨ੍ਹਾਂ ਨੂੰ ਨਵੀ ਆਇਰਿਸ਼ ਸੈਨੇਟ ਦਾ ਮੈਂਬਰ ਬਣਾਇਆ ਗਿਆ ਅਤੇ ਛੇ ਸਾਲ ਤੱਕ ਸੈਨੇਟ ਦੇ ਮੈਂਬਰ ਬਣੇ ਰਹੇ। ਸੰਨ 1923 ਵਿਚ ਇਨ੍ਹਾਂ ਨੂੰ ਸਾਹਿਤ ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜਿਸ ਨੂੰ ਪ੍ਰਾਪਤ ਕਰਨ ਵਾਲਾ ਆਪ ਪਹਿਲੇ ਆਇਰਿਸ਼ ਲੇਖਕ ਸਨ। 28 ਜਨਵਰੀ 1939 ਵਿਚ 74 ਸਾਲ ਦੀ ਉਮਰ ਵਿਚ ਫਰਾਂਸ ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ।

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ,
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA




# ਘੜਾ ਚੁਕਾ ਕੇ ਜਾਈਂ ਵੇ...



ਪੰਜਾਬੀਆਂ ਦਾ ਹਰਮਨਪਿਆਰਾ ਬਰਤਨ ਹੈ ਘੜਾ, ਜੋ ਕੁਝ ਅਰਸਾ ਪਹਿਲਾਂ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ, ਹੁਣ ਇਹਨੂੰ ਗਰੀਬਾਂ ਦੀ ਫਰਿੱਜ ਵੀ ਆਖਿਆ ਜਾਂਦਾ ਹੈ। ਕੋਰੇ ਘੜੇ ਵਿਚ ਪਾਣੀ ਜਿੱਥੇ ਸ਼ੁੱਧ ਰਹਿੰਦਾ ਹੈ, ਉਥੇ ਠੰਢਾ ਸ਼ੀਤ ਵੀ ਰਹਿੰਦਾ ਹੈ। ਸਮੇਂ ਦੀ ਤੋਰ ਨੇ ਅਤੇ ਵਿਗਿਆਨਕ ਤਰੱਕੀ ਨੇ ਸਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੱਤਾ ਹੈ। ਹੁਣ ਘਰ-ਘਰ ਲੱਗੀਆਂ ਟੂਟੀਆਂ ਅਤੇ ਸਬਮਰਸੀਬਲ ਪੰਪ ਘੜੇ ਆਦਿ ਬਰਤਨਾਂ ਦੀ ਯਾਦ ਨਹੀਂ ਆਉਣ ਦਿੰਦੇ। ਕੱਚੇ ਬਰਤਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚ ਕੋਈ ਵੀ ਵਸਤੂ ਥੋੜ੍ਹੇ ਕੀਤੇ ਖਰਾਬ ਨਹੀਂ ਹੁੰਦੀ। ਪੁਰਾਣੇ ਜ਼ਮਾਨੇ ਵਿਚ ਕੱਚੇ ਕਟੋਰੇ, ਕੁਠਾਲੀਆਂ, ਦਧੂਨੇ, ਦੌਰੀਆਂ, ਝੱਜਾਂ ਆਦਿ ਦੀ ਆਮ ਵਰਤੋਂ ਕੀਤੀ ਜਾਂਦੀ ਸੀ।

ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਸਨ ਹੁੰਦੇ, ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਕੇ ਖੂਹ ਤੋਂ ਪਾਣੀ ਭਰਨ ਜਾਂਦੀਆਂ। ਉਥੇ ਉਨ੍ਹਾਂ ਨੂੰ ਗੱਲਾਂਬਾਤਾਂ, ਹਾਸੇ-ਠੱਠੇ ਕਰਨ ਲਈ ਮੋਕਲਾ ਮਾਹੌਲ ਵੀ ਮਿਲ ਜਾਂਦਾ। ਉਹ ਛੇੜਖਾਨੀ ਵੀ ਕਰਦੀਆਂ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ-ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ-ਤਿੰਨ ਘੜੇ ਚੁੱਕ ਮਟਕ ਨਾਲ ਤੁਰਦੀਆਂ:

ਘੜਾ ਚੁੱਕੀ ਜਾਣ ਮੁਟਿਆਰਾਂ
ਜਿਉਂ ਹਰਨਾਂ ਦੀਆਂ ਡਾਰਾਂ।

ਜਦੋਂ ਇਕ ਮੁਟਿਆਰ ਇਕੱਲੀ ਖੂਹ ’ਤੇ ਰਹਿ ਜਾਂਦੀ ਹੈ, ਤਾਂ ਉਹਨੂੰ ਲਾਗੇ ਖੜ੍ਹੇ ਚੋਬਰ ਨੂੰ ਆਵਾਜ਼ ਮਾਰ ਕੇ ਘੜਾ ਚੁਕਾਉਣਾ ਪੈਂਦਾ ਸੀ। ਮਨਚਲਿਆਂ ਲਈ ਖੂਹ ਖਿੱਚ ਦਾ ਕੇਂਦਰ ਹੁੰਦਾ ਸੀ:

ਘੜਾ ਚੁਕਾ ਕੇ ਜਾਈਂ ਵੇ ਚੋਬਰਾ
ਖੜ੍ਹੀ ਅਵਾਜ਼ਾਂ ਮਾਰਾਂ
ਛੱਡਕੇ ਮੈਨੂੰ ਤੁਰ ਗਈਆਂ
ਮੇਰੇ ਹਾਣ ਦੀਆਂ ਮੁਟਿਆਰਾਂ।

ਸਾਡੇ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਵਿਚ ਘੜੇ ਦਾ ਨਿਵੇਕਲੇ ਅੰਦਾਜ਼ ਨਾਲ ਬਿਆਨ ਮਿਲਦਾ ਹੈ। ਦਿਉਰ-ਭਾਬੀ ਦਾ ਰਿਸ਼ਤਾ ਵੀ ਬੜਾ ਨਿੱਘਾ ਤੇ ਪਿਆਰਾ ਹੁੰਦਾ ਹੈ, ਉਹ ਆਖਦਾ ਹੈ:

ਕੱਚੀਆਂ ਖੂਹੀਆਂ ’ਤੇ ਡੋਲ ਖੜਕਦੇ
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ
ਭਾਬੀ ਸਾਗ ਨੂੰ ਨਾ ਜਾਈਂ
ਤੇਰਾ ਮੁੰਡਾ ਰੋਊਗਾ।

ਸੋਹਣੀ ਮਹੀਂਵਾਲ ਦੇ ਪਿਆਰ ਦੀ ਅਮਰ ਕਹਾਣੀ ਵਿਚ ਘੜਾ ਇਕ ਪਾਤਰ ਵਜੋਂ ਉਭਰਿਆ ਹੈ:

ਮੈਨੂੰ ਪਾਰ ਲੰਘਾ ਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ।

ਜੇਕਰ ਸੋਹਣੀ ਦਾ ਸਾਥੀ ਘੜਾ ਨਾ ਬਣਦਾ, ਤਾਂ ਸ਼ਾਇਦ ਇਸ ਕਹਾਣੀ ਦਾ ਮੂੰਹ-ਮੱਥਾ ਕਿਸੇ ਹੋਰ ਢੰਗ ਦਾ ਹੁੰਦਾ। ਇਸ਼ਕ ਵਿਚ ਪਾਗਲ ਹੋ ਉਹਨੇ ਕੱਚੇ ਘੜੇ ਨੂੰ ਪੱਕਾ ਸਮਝ ਝਨਾਅ ਵਿਚ ਤਾਰੀ ਲਾਈ, ਤਾਂ ਉਹ ਨਿਮਾਣਾ ਖੁਰਨ ਲੱਗਿਆ। ਪਰ ਇਸ ਵਿਚ ਘੜੇ ਵਿਚਾਰੇ ਦਾ ਕੀ ਦੋਸ਼:

ਨਣਦ ਨੇ ਡਾਢਾ ਕਹਿਰ ਕਮਾਇਆ
ਪੱਕਾ ਚੁੱਕ ਕੇ ਕੱਚਾ ਟਿਕਾਇਆ।

ਜਦੋਂ ਘੜਾ ਚੁੱਕੀ ਜਾਂਦੀ ਮੁਟਿਆਰ ਨੂੰ ਗੱਭਰੂ ਦਿਲ ਦੀ ਦਾਸਤਾਨ ਸੁਣਾਉਂਦਾ ਹੈ, ਤਾਂ ਉਹ ਕਹਿ ਉਠਦੀ ਹੈ:

ਕਰਿਆ ਨਾ ਕਰ ਐਵੇਂ ਟਿਚ ਮੁੰਡਿਆ
ਹੋ ਜਾਊ ਲਾ-ਲਾ ਸਾਰੇ ਪਿੰਡ ਵਿਚ ਮੁੰਡਿਆ।

ਪੰਜਾਬਣਾਂ ਜਦੋਂ ਗਿੱਧੇ ਦੇ ਪਿੜ ਵਿਚ ਜਾਂਦੀਆਂ ਨੇ, ਤਾਂ ਧਰਤੀ ਦੀ ਹਿੱਕ ਹਿਲਾ ਦਿੰਦੀਆਂ ਨੇ। ਜਦੋਂ ਦੰਦਾਂ ਨਾਲ ਘੜਾ ਚੁੱਕਦੀਆਂ ਹਨ:

ਘੜਾ ਆਰ ਸੋਹਣੀਏ, ਘੜਾ ਪਾਰ ਸੋਹਣੀਏ
ਘੜਾ ਚੁੱਕ ਲੈ ਦੰਦਾਂ ਦੇ ਨਾਲ ਸੋਹਣੀਏ।

ਘੜੇ ਨਾਲ ਸਾਡਾ ਅਧਿਆਤਮਕ ਜੀਵਨ ਵੀ ਜੁੜਿਆ ਹੋਇਆ ਹੈ। ਬਹੁਤ ਸਾਰੇ ਮਹਾਂ ਪੁਰਖਾਂ ਨੇ ਇਹਨੂੰ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ, ਗੁਰੂ ਅਮਰ ਦਾਸ ਨੇ ਫੁਰਮਾਇਆ ਹੈ:

ਕੁੰਭੇ ਬੱਧਾ ਜਲ ਰਹੇ ਜਲ ਬਿਨ ਕੁੰਭ ਨਾ ਹੋਵਿ।
ਗਿਆਨ ਦਾ ਬੱਝਾ ਮਨ ਰਹੇ ਗੁਰ ਬਿਨ ਗਿਆਨ ਨਾ ਹੋਇ।

ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਸੱਭਿਆਚਾਰਕ ਜੀਵਨ ਦਾ ਘੜੇ ਤੋਂ ਬਗੈਰ ਅਧਿਐਨ ਅਧੂਰਾ ਹੈ। ਮੁਟਿਆਰ ਦੀ ਜੀਵਨ ਕਹਾਣੀ ਨਾਲ ਜੁੜੇ ਘੜੇ ਬਾਰੇ ਕੁਝ ਅਮਰ ਸਤਰਾਂ:

ਉਸ ਪਾਰ ਮੇਰੇ ਮਾਹੀ ਦਾ ਡੇਰਾ
ਘੜਿਆ ਸਾਥ ਨਿਭਾਵੀਂ ਮੇਰਾ।
ਘੜਾ ਆਰ ਨੂੰ ਵੇ ਘੜਾ ਪਾਰ ਨੂੰ ਵੇ
ਘੜਾ ਚੁੱਕਿਆ ਨਾ ਜਾਏ ਮੁਟਿਆਰ ਤੋਂ ਵੇ।


ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਸਨ ਹੁੰਦੇ, ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਕੇ ਖੂਹ ਤੋਂ ਪਾਣੀ ਭਰਨ ਜਾਂਦੀਆਂ। ਉਥੇ ਉਨ੍ਹਾਂ ਨੂੰ ਗੱਲਾਂਬਾਤਾਂ, ਹਾਸੇ-ਠੱਠੇ ਕਰਨ ਲਈ ਮੋਕਲਾ ਮਾਹੌਲ ਵੀ ਮਿਲ ਜਾਂਦਾ। ਉਹ ਛੇੜਖਾਨੀ ਵੀ ਕਰਦੀਆਂ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ-ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ-ਤਿੰਨ ਘੜੇ ਚੁੱਕ ਮਟਕ ਨਾਲ ਤੁਰਦੀਆਂ





ਅੱਜ ਅਸੀਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਘੜਿਆਂ ਨੂੰ ਛੱਡ ਕੇ ਫਰਿੱਜ਼ਾਂ ਦੇ ਕਾਇਲ ਹੋ ਗਏ ਹਾਂ। ਸਮੇਂ ਦੀ ਤੋਰ ਨਾਲ ਘਰੇਲੂ ਬਰਤਨਾਂ ਵਿਚ ਵੀ ਤਬਦੀਲੀ ਆ ਗਈ ਹੈ। ਸ਼ਾਇਦ ਉਹ ਵੇਲਾ ਵੀ ਆ ਜਾਵੇਗਾ, ਜਦੋਂ ਘੜਾ ਵੀ ਚਰਖੇ ਅਤੇ ਚੱਕੀ ਵਾਂਗ ਅਜਾਇਬ ਘਰਾਂ ਵਿਚ ਸੰਭਾਲਣਾ ਪਵੇਗਾ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਲਈ ਘੜਾ ਆਪ ਚੁੱਕਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਨੂੰ ਤਾਂ ਘੜੇ ਦੀਆਂ ਖੂਬੀਆਂ ਦਾ ਵੀ ਗਿਆਨ ਨਹੀਂ ਹੈ। ਇਸ ਸਭ ਕਾਸੇ ਦੇ ਬਾਵਜੂਦ ਜਦੋਂ ਆਯੂਰਵੈਦਿਕ ਮਾਹਿਰਾਂ ਨੇ ਮਿੱਟੀ ਦੇ ਘੜੇ ਦੀ ਮਹਾਨਤਾ ਨੂੰ ਮੁੜ ਉਜਾਗਰ ਕੀਤਾ, ਤਾਂ ਅੱਜਕੱਲ੍ਹ ਮੁੜ ਇਸਦੀ ਲੋੜ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਵਿਗਿਆਨੀਆਂ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਫਿਲਟਰ ਰਾਹੀਂ ਜਿਹੜੇ ਜ਼ਰੂਰੀ ਤੱਤ ਪਾਣੀ ਤੋਂ ਬਾਹਰ ਚਲੇ ਜਾਂਦੇ ਹਨ, ਘੜਾ ਉਨ੍ਹਾਂ ਨੂੰ ਆਪਣੇ ਪਾਣੀ ਵਿਚ ਸੁਰੱਖਿਅਤ ਕਰਕੇ ਸਾਡੇ ਤਨ ਤੇ ਮਨ ਨੂੰ ਨਰੋਆ ਬਣਾਉਂਦਾ। ਪਾਣੀ ਦੇ ਪ੍ਰਦੂਸ਼ਣ ਨੂੰ ਵੀ ਘੜਾ ਸਾਫ਼ ਅਤੇ ਸ਼ੁੱਧ ਕਰਦਾ ਹੈ। ਅਤਿ ਦੀ ਗਰਮੀ ਵਿਚ ਘੜੇ ਦਾ ਪਾਣੀ ਪੀ ਕੇ ਜੋ ਸਕੂਨ ਮਿਲਦਾ ਹੈ, ਉਹ ਸ਼ਾਇਦ ਹੋਰ ਢੰਗਾਂ ਨਾਲ ਹਾਸਲ ਨਹੀਂ ਹੁੰਦਾ। ਕਾਰਨ ਇਹ ਕਿ ਘੜਾ ਪਾਣੀ ਦੀ ਗੁਣਵਤਾ ਵਿਚ ਵਾਧਾ ਕਰਦਾ ਹੈ, ਜਦਕਿ ਹੋਰ ਸਭ ਯੰਤਰ ਇਸਨੂੰ ਘਟਾਉਂਦੇ ਹਨ। ਇਸੇ ਕਰਕੇ ਫਰਿੱਜਾਂ ਅਤੇ ਫਿਲਟਰਾਂ ਦੇ ਨਾਲ-ਨਾਲ ਹੁਣ ਘਰਾਂ ਵਿਚ ਘੜਿਆਂ ਦਾ ਪਾਣੀ ਪੀਣ ਦਾ ਰਿਵਾਜ਼ ਮੁੜ ਪ੍ਰਚੱਲਿਤ ਹੋ ਰਿਹਾ ਹੈ। ਘੜੇ ਦੇ ਪਾਣੀ ਦਾ ਤਾਪਮਾਨ ਵੀ ਸਰੀਰ ਦੇ ਅਨੁਕੂਲ ਹੁੰਦਾ ਹੈ। ਕਾਰਨ ਕੁਝ ਵੀ ਹੋਵੇ, ਤਕਨੀਕ ਜਿੱਥੋਂ ਤੱਕ ਮਰਜ਼ੀ ਚਲੇ ਜਾਵੇ ਪਰ ਅਸੀਂ ਜਿਉਂਦੇ ਇਸ ਧਰਤੀ ਮਾਂ ਨਾਲ ਜੁੜ ਕੇ ਹੀ ਰਹਿ ਸਕਦੇ ਹਾਂ। ਇਸ ਲਈ ਮਨੁੱਖੀ ਜੀਵਨ ਵਿਚੋਂ ਘੜੇ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਅੱਜ ਬਾਜ਼ਾਰ ਵਿਚ ਘੜੇ ਦੇ ਨੈਣ ਨਕਸ਼ਾਂ ਦਾ ਵੀ ਆਧੁਨਿਕੀਕਰਨ ਹੋ ਗਿਆ ਹੈ, ਜਿਨ੍ਹਾਂ ਵਿਚ ਕੁੱਝ ਨੂੰ ਟੂਟੀਆਂ ਅਤੇ ਕੁੱਝ ਝੱਜਰ ਅਤੇ ਸੁਰਾਹੀ ਵਰਗੇ ਰੰਗ ਰੂਪ ਦਿੱਤੇ ਗਏ ਹਨ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਅਲਵਿਦਾ : ਵਿਦਿਆ ਦੇ ਵਣਜਾਰੇ ਸਵਰਨ ਸਿੰਘ ਭੰਗੂ



ਸੰਸਾਰ ਵਿਚ ਅਣਗਿਣਤ ਲੋਕ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਪੋ-ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਕੇ ਇਸ ਸੰਸਾਰ ਤੋਂ ਚੁੱਪਚਾਪ ਰੁਖ਼ਸਤ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਉਨ੍ਹਾਂ ਦੇ ਜਾਣ ਦਾ ਸਮਾਜ ਨੂੰ ਬਹੁਤਾ ਫਰਕ ਵੀ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੇ ਕੋਈ ਅਜਿਹਾ ਕੰਮ ਨਹੀਂ ਕੀਤਾ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਸਮਾਜ ਵਿਚ ਕੁਝ ਗਿਣਵੇਂ-ਚੁਣਵੇਂ ਅਜਿਹੇ ਇਨਸਾਨ ਵੀ ਹੁੰਦੇ ਹਨ, ਜਿਹੜੇ ਆਪਣੇ ਸਮਾਜ ਵਿਚ ਪਾਏ ਯੋਗਦਾਨ ਕਰਕੇ ਜਾਣੇ ਜਾਂਦੇ ਹਨ, ਭਾਵ ਉਨ੍ਹਾਂ ਲੋਕਾਂ ਨੂੰ ਸਮਾਜ ਦੇ ਦਰਦ ਦੀ ਪਛਾਣ ਹੁੰਦੀ ਹੈ।

ਪੰਜਾਬੀ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਿੱਖਿਆ ਅਤੇ ਸਮਾਜਿਕ ਬਰਾਬਰੀ ਦੇ ਪੈਰੋਕਾਰ ਸਵਰਨ ਸਿੰਘ ਭੰਗੂ ਪ੍ਰਸ਼ਾਸਨਿਕ ਪ੍ਰਣਾਲੀ ਦੀ ਅਣਗਹਿਲੀ ਦਾ ਸ਼ਿਕਾਰ ਹੋ ਕੇ ਅਚਨਚੇਤ ਸਵਰਗ ਸਿਧਾਰ ਗਏ ਹਨ। ਉਹ ਸਮਾਜ ਵਿਚ ਫੈਲੀਆਂ ਜਿਹੜੀਆਂ ਊਣਤਾਈਆਂ ਦੇ ਗੰਦ ਨੂੰ ਖ਼ਤਮ ਕਰਨ ਲਈ ਸਾਰੀ ਉਮਰ ਜੱਦੋ-ਜਹਿਦ ਕਰਦੇ ਰਹੇ, ਅਖ਼ੀਰ ਉਨ੍ਹਾਂ ਊਣਤਾਈਆਂ ਨੇ ਹੀ ਉਸਦੀ ਜਾਨ ਲੈ ਲਈ। ਇਹ ਮੌਤ ਇਕੱਲੇ ਸਵਰਨ ਸਿੰਘ ਭੰਗੂ ਦੀ ਮੌਤ ਨਹੀਂ, ਸਗੋਂ ਇਹ ਇੱਕ ਲਹਿਰ ਦੀ ਮੌਤ ਹੈ, ਜਿਹੜੀ ਸਵਰਨ ਸੰਘ ਭੰਗੂ ਨੇ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ ਦੇ ਖਾਤਮੇ ਲਈ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਬੇਵਕਤੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਕਰਕੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਗ੍ਰਹਿਣ ਲੱਗ ਗਿਆ ਹੈ, ਜਿਹੜੇ ਸਵਰਨ ਸਿੰਘ ਭੰਗੂ ਦੀ ਰਹਿਨੁਮਾਈ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਸਨ। ਸਵਰਨ ਸਿੰਘ ਭੰਗੂ ਰੌਸ਼ਨ ਦਿਮਾਗ, ਸੁਜੱਗ, ਚੇਤੰਨ ਤੇ ਬਿਹਤਰੀਨ ਇਨਸਾਨ ਸਨ। ਉਨ੍ਹਾਂ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਇੱਕ ਲਹਿਰ ਪੈਦਾ ਕੀਤੀ ਹੋਈ ਸੀ। ਪੰਜਾਬ ਦੇ ਕਾਲੇ ਦਿਨਾਂ ਵਿਚ ਉਹ ਸਰਕਾਰੀਤੰਤਰ ਅਤੇ ਸਮਾਜ ਵਿਰੋਧੀ ਅਨਸਰਾਂ ਭਾਵ ਦੋਵੇਂ ਧਿਰਾਂ ਨੂੰ ਮਾਨਵਤਾ ਦੇ ਹਿਤਾਂ ਦੇ ਵਿਰੁੱਧ ਚੱਲਣ ਕਰਕੇ ਤਾੜਦੇ ਰਹਿੰਦੇ ਸਨ। ਉਹ ਬਹੁਤ ਹੀ ਬੇਬਾਕੀ ਨਾਲ ਪਬਲਿਕ ਸਮਾਗਮਾਂ ਵਿਚ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਲੋਕਾਂ ਨੂੰ ਮੋਹਰੇ ਬਣਾਕੇ ਵਰਤਣ ਤੋਂ ਗੁਰੇਜ ਕਰਨ ਲਈ ਰੋਕਦੇ ਸਨ। ਉਹ ਖੱਬੇ ਪੱਖੀ ਸੋਚ ਦੇ ਸਮਰੱਥਕ ਹੋਣ ਕਰਕੇ ਸੱਚਾਈ ਦਾ ਸਾਥ ਦਿੰਦੇ ਸਨ। ਉਹ ਲੋਕਾਂ ਨਾਲ ਹੋ ਰਹੀ ਹਰ ਜ਼ਿਆਦਤੀ ਵਿਰੁੱਧ ਆਵਾਜ਼ ਉਠਾਉਂਦੇ ਸਨ। ਸੱਚਾਈ 'ਤੇ ਪਹਿਰਾ ਦਿੰਦੇ ਸਨ। ਸਮਾਜਿਕ ਬੁਰਾਈਆਂ ਦੀ ਲਾਹਨਤ ਨੂੰ ਦੂਰ ਕਰਨ ਲਈ ਪਿੰਡਾਂ ਵਿਚ ਜਾ ਕੇ ਨਾਟਕ ਖੇਡਦੇ ਰਹੇ ਹਨ।

ਸੰਸਾਰ ਵਿਚ ਅਣਗਿਣਤ ਲੋਕ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਪੋ-ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਕੇ ਇਸ ਸੰਸਾਰ ਤੋਂ ਚੁੱਪਚਾਪ ਰੁਖ਼ਸਤ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਉਨ੍ਹਾਂ ਦੇ ਜਾਣ ਦਾ ਸਮਾਜ ਨੂੰ ਬਹੁਤਾ ਫਰਕ ਵੀ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੇ ਕੋਈ ਅਜਿਹਾ ਕੰਮ ਨਹੀਂ ਕੀਤਾ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਸਮਾਜ ਵਿਚ ਕੁਝ ਗਿਣਵੇਂ-ਚੁਣਵੇਂ ਅਜਿਹੇ ਇਨਸਾਨ ਵੀ ਹੁੰਦੇ ਹਨ, ਜਿਹੜੇ ਆਪਣੇ ਸਮਾਜ ਵਿਚ ਪਾਏ ਯੋਗਦਾਨ ਕਰਕੇ ਜਾਣੇ ਜਾਂਦੇ ਹਨ, ਭਾਵ ਉਨ੍ਹਾਂ ਲੋਕਾਂ ਨੂੰ ਸਮਾਜ ਦੇ ਦਰਦ ਦੀ ਪਛਾਣ ਹੁੰਦੀ ਹੈ। ਉਨ੍ਹਾਂ ਦਾ ਦਿਲ ਸਮਾਜ ਲਈ ਧੜਕਦਾ ਹੁੰਦਾ ਹੈ। ਸਵਰਨ ਸਿੰਘ ਭੰਗੂ ਅਜਿਹੇ ਹੀ ਇਨਸਾਨ ਨਹੀਂ ਸਨ, ਸਗੋਂ ਇੱਕ ਫਰਿਸ਼ਤੇ ਦੇ ਰੂਪ ਵਿਚ ਜਾਣੇ ਜਾਂਦੇ ਵਿਅਕਤੀ ਸੀ, ਸਵਰਨ ਸਿੰਘ ਭੰਗੂ, ਜਿਨ੍ਹਾਂ ਨੇ ਸਮਾਜ ਦੇ ਗਰੀਬ, ਦੱਬੇ ਕੁਚਲੇ, ਪਛੜੇ, ਅਨੁਸੂਚਿਤ ਜਾਤੀਆਂ ਅਤੇ ਸਮਾਜ ਵੱਲੋਂ ਦੁਰਕਾਰੇ ਲੋਕਾਂ ਦੀ ਪੀੜ ਨੂੰ ਪਛਾਣਿਆਂ ਅਤੇ ਉਨ੍ਹਾਂ ਦੇ ਹੰਝੂ ਪੂੰਝੇ ਹੀ ਨਹੀਂ, ਸਗੋਂ ਉਨ੍ਹਾਂ ਦੇ ਚਿਹਰਿਆਂ 'ਤੇ ਖ਼ੁਸ਼ੀਆਂ ਤੇ ਖੇੜੇ ਲੈ ਕੇ ਆਉਣ ਵਿਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਉਹ ਇੱਕ ਖ਼ਰੇ ਸੋਨੇ ਵਰਗੇ ਸਨ, ਜਿਹੜੇ ਗਰੀਬਾਂ ਦੀਆਂ ਬਸਤੀਆਂ ਵਿਚ ਵਿਦਿਆ ਦੀ ਰੌਸ਼ਨੀ ਵੰਡਦੇ ਰਹਿੰਦੇ ਸੀ। ਉਨ੍ਹਾਂ ਦਾ ਸਵਰਨ ਸਿੰਘ ਨਾਮ ਹੀ ਸਹੀ ਅਰਥਾਂ ਵਿਚ ਪਵਿੱਤਰਤਾ, ਦਿਆਨਤਦਾਰੀ, ਇਮਾਨਦਾਰੀ ਅਤੇ ਆਪਣੇ ਫ਼ਰਜ਼ਾਂ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਸੀ। ਉਹ ਬਹੁ-ਪੱਖੀ, ਬਹੁ-ਦਿਸ਼ਾਵੀ ਅਤੇ ਉਚੀ ਤੇ ਸੁੱਚੀ-ਸੋਚ ਵਾਲੇ ਇਨਸਾਨ ਦੇ ਰੂਪ ਵਿਚ ਦੇਵਤਾ ਸਨ। ਉਹ 'ਨਾ ਕਿਸੀ ਸੇ ਦੋਸਤੀ, ਨਾ ਕਿਸੀ ਸੇ ਵੈਰ' ਦੇ ਸਿਧਾਂਤ 'ਤੇ ਚਲਦੇ ਹੋਏ ਹਮੇਸ਼ਾ ਸਰਬੱਤ ਦੇ ਭਲੇ ਦੀ ਗੱਲ ਕਰਦੇ ਸਨ। ਉਨ੍ਹਾਂ ਦੀ ਨਿਰਪੱਖਤਾ ਦੀ ਪ੍ਰਵਿਰਤੀ ਵੀ ਲਾਮਿਸਾਲ ਸੀ। ਮਸਤ ਹਾਥੀ ਦੀ ਤਰ੍ਹਾਂ ਲੋਕ ਭਲਾਈ ਦੇ ਕਾਰਜਾਂ ਵਿਚ ਰੁੱਝੇ ਰਹਿੰਦੇ ਸਨ। ਬਹੁਤ ਹੀ ਸਾਧਾਰਨ ਜੀਵਨ ਬਤੀਤ ਕਰਦੇ ਸਨ। ਸਾਈਕਲ ਦੀ ਸਵਾਰੀ ਨੂੰ ਤਰਜੀਹ ਦਿੰਦੇ ਸਨ, ਸਾਈਕਲ ਹੀ ਉਸਦੀ ਦੀ ਮੌਤ ਦਾ ਕਾਰਨ ਬਣਿਆਂ। ਨਿਮਰਤਾ, ਸਮਾਜਿਕ ਜਾਗਰੂਕਤਾ, ਮਾਨਵਤਾ ਦੀ ਸੇਵਾ ਤੇ ਨੇਕਨੀਤੀ ਉਸਦੇ ਗਹਿਣੇ ਸਨ। ਉਹ ਸਮਾਜਿਕ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਦੇ ਸਨ। ਅਗਾਂਹਵਧੂ ਅਤੇ ਖੱਬੇ ਪੱਖੀ ਵਿਚਾਰਧਾਰਾ ਦੇ ਮਾਲਕ ਸਨ। ਸਮਾਜਿਕ ਤਾਣਾ-ਬਾਣਾ ਹੀ ਉਸਦਾ ਪਰਿਵਾਰ ਸੀ। ਲੋਕਾਂ ਦੀ ਆਵਾਜ਼ ਬਣਕੇ ਉਸਨੂੰ ਖ਼ੁਸ਼ੀ ਮਿਲਦੀ ਸੀ। ਲੋਕ ਹਿਤਾਂ ਲਈ ਸਰਕਾਰ ਦਰਬਾਰ ਨਾਲ ਵੀ ਆਢ੍ਹਾ ਲਾ ਲੈਂਦੇ ਸਨ। ਡਰ ਭੈਅ ਤੋਂ ਕੋਹਾਂ ਦੂਰ ਸਨ।

ਸਵਰਨ ਸਿੰਘ ਭੰਗੂ ਸਮਾਜ ਸੇਵੀ, ਸਿੱਖਿਆ ਸ਼ਾਸਤਰੀ, ਇਨਕਲਾਬੀ, ਆਦਰਸ਼ਵਾਦੀ, ਤਰਕਸ਼ੀਲਵਾਦੀ, ਚਿੰਤਕ, ਦਾਰਸ਼ਨਿਕ, ਨਿਆਸਰਿਆਂ ਦੇ ਆਸਰਾ, ਉੱਘੇ ਪੱਤਰਕਾਰ, ਕਾਲਮ ਨਵੀਸ ਅਤੇ ਜ਼ਮਹੂਰੀ ਹੱਕਾਂ ਦੇ ਰਾਖਵਾਲੇ ਸਨ। ਮੁੱਖ ਤੌਰ 'ਤੇ ਉਹ ਸਮਾਜਿਕ ਸਰੋਕਾਰਾਂ ਨਾਲ ਗੜੁੱਚ ਸਨ। ਉਹ ਸਿਰਫ ਇੱਕ ਵਿਅਕਤੀ ਹੀ ਨਹੀਂ, ਸਗੋਂ ਇੱਕ ਸੰਸਥਾ ਤੋਂ ਵੀ ਵੱਧ ਕੰਮ ਕਰਦੇ ਸਨ। ਉਹ ਹਮੇਸ਼ਾ ਸਮਾਜ ਨੂੰ ਸਿਹਤਮੰਦ ਤੇ ਉਸਾਰੂ ਰਾਹਾਂ 'ਤੇ ਤੋਰਨ ਦੀ ਕੋਸ਼ਿਸ਼ ਵਿਚ ਰਹਿੰਦੇ ਸਨ। ਅਸਲ ਵਿਚ ਉਹ ਸਮਾਜਿਕ ਕਾਰਕੁੰਨ ਸਨ, ਜਿਹੜੇ ਪੰਜਾਬੀ ਸੱਭਿਆਚਾਰ, ਦਿਹਾਤੀ ਰਹਿਤਲ, ਸਿੱਖਿਆ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਸਮਰਪਿਤ ਭਾਵਨਾ ਰੱਖਦੇ ਸਨ। ਸਵਰਨ ਸਿੰਘ ਭੰਗੂ ਆਪਣੇ ਲੇਖਾਂ, ਕਾਲਮਾਂ ਨਾਟਕਾਂ, ਸੈਮੀਨਾਰਾਂ ਅਤੇ ਭਾਸ਼ਣਾਂ ਰਾਹੀਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹਿੰਦੇ ਸਨ। ਚਮਕੌਰ ਸਾਹਿਬ ਨੇੜੇ ਉਹ ਬੱਸੀ ਗੁਜਰਾਂ ਵਿਖੇ 'ਮਾਲਵਾ ਰੂਰਲ ਐਜੂਕੇਸ਼ਨ ਸੋਸਾਇਟੀ' ਅਤੇ ਇੱਕ ਵਿਦਿਅਕ ਸੰਸਥਾ 'ਡ੍ਰੀਮਲੈਂਡ ਪਬਲਿਕ ਸਕੂਲ' ਚਲਾਉਂਦੇ ਸਨ, ਜਿਸ ਵਿਚ ਗ਼ਰੀਬ ਲੋਕਾਂ ਨੂੰ ਨਾਮਾਤਰ ਫੀਸ 'ਤੇ ਹੀ ਮਿਆਰੀ ਪੜ੍ਹਾਈ ਕਰਵਾਈ ਜਾਂਦੀ ਸੀ। ਇਸ ਸੰਸਥਾ ਦਾ ਦਿਹਾਤੀ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਹੈ। ਮੰਨੇ-ਪ੍ਰਮੰਨੇ ਸਿੱਖਿਆ ਸ਼ਾਸਤਰੀ ਦਿਹਾਤੀ ਖੇਤਰ ਦੀ ਇਸ ਸੰਸਥਾ ਨੂੰ ਸਵਰਨ ਸਿੰਘ ਭੰਗੂ ਮਾਡਲ ਦਾ ਨਾਮ ਦਿੰਦੇ ਸਨ। ਉਨ੍ਹਾਂ ਨੂੰ ਜਿਊਂਦੀ ਜਾਗਦੀ ਵਿਦਿਅਕ ਸੰਸਥਾ ਕਿਹਾ ਜਾਂਦਾ ਸੀ। ਉਨ੍ਹਾਂ ਦੀ ਸੰਸਥਾ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਉੱਚ ਅਹੁਦਿਆਂ 'ਤੇ ਲੱਗੇ ਹੋਏ ਹਨ ਤੇ ਕਈ ਵਿਦੇਸ਼ਾਂ ਵਿਚ ਬਿਹਤਰੀਨ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਨਿਸ਼ਚਿਤ ਕਰਵਾਉਂਦੇ ਤੇ ਫਿਰ ਉਸ ਦੀ ਪ੍ਰਾਪਤੀ ਲਈ ਪੜ੍ਹਾਈ ਸਮਾਂਬੱਧ ਕਰਨ 'ਤੇ ਜ਼ੋਰ ਦਿੰਦੇ ਸਨ। ਸਕੂਲ ਦੇ ਸਾਰੇ ਵਿਦਿਆਰਥੀ ਸਵਰਨ ਸਿੰਘ ਭੰਗੂ ਦੀ ਸਿਖਿਆ ਪ੍ਰਤੀ ਵਚਨਬੱਧਤਾ ਕਰਕੇ ਉਸਦੇ ਕਦਰਦਾਨ ਸਨ। ਉਹ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਆਪਣੇ ਪਰਿਵਾਰਿਕ ਮੈਂਬਰ ਹੀ ਸਮਝਦੇ ਸਨ। ਉਹ ਮੋਹਵੰਤੀ ਇਨਸਾਨ ਸਨ, ਜਿਹੜੇ ਮਾਨਵਤਾ ਨਾਲ ਮੋਹ ਕਰਦੇ ਸਨ।

ਸਵਰਨ ਸਿੰਘ ਭੰਗੂ ਦਾ ਅਚਾਨਕ 4 ਜੂਨ 2026 ਨੂੰ ਇਸ ਸੰਸਾਰ ਤੋਂ ਚਲੇ ਜਾਣ ਦਾ ਦੁੱਖ ਤੇ ਦਰਦ ਦੇਸ਼-ਵਿਦੇਸ਼ ਦੇ ਹਜ਼ਾਰਾਂ ਨਹੀਂ, ਲੱਖਾਂ ਲੋਕਾਂ ਨੇ ਮਹਿਸੂਸ ਕੀਤਾ ਹੈ। ਅਸਮਾਨ ਰੂਪੀ ਧਰਤੀ 'ਤੇ ਚਮਕਦੇ ਧਰੂ ਤਾਰੇ ਦੀ ਰੌਸ਼ਨੀ ਤੋਂ ਮਾਨਵਤਾ ਵਾਂਝੀ ਹੋ ਗਈ ਹੈ। ਸਵਰਨ ਸਿੰਘ ਭੰਗੂ 68 ਸਾਲ ਦੀ ਉਮਰ ਵਿਚ ਸਵਰਗ ਸਿਧਾਰ ਗਏ ਹਨ। ਉਸਦਾ ਅਜੇ ਪਹਿਲੀ ਜੂਨ ਨੂੰ ਹੀ ਜਨਮ ਦਿਨ ਸੀ। ਸਵਰਨ ਸਿੰਘ ਭੰਗੂ ਸਾਰੀ ਉਮਰ ਜਿਸ ਮਾੜੀ ਪ੍ਰਸ਼ਾਸਨਿਕ ਪ੍ਰਣਾਲੀ ਵਿਰੁੱਧ ਲੜਦਾ ਰਿਹਾ, ਉਸਦੀ ਅਣਗਹਿਲੀ ਦੀ ਭੇਂਟ ਚੜ੍ਹ ਗਿਆ। ਸਵਰਨ ਸਿੰਘ ਭੰਗੂ ਨੇ ਆਪਣੀ ਵਸੀਅਤ ਕੀਤੀ ਹੋਈ ਸੀ ਕਿ ਉਸ ਦਾ ਸਰੀਰ ਪੀ.ਜੀ.ਆਈ. ਨੂੰ ਦਾਨ ਕਰ ਦਿੱਤਾ ਜਾਵੇ, ਤਾਂ ਜੋ ਉਸਦਾ ਸਰੀਰ ਵੀ ਮਾਨਵਤਾ ਦੇ ਲੇਖੇ ਲੱਗ ਸਕੇ। ਉਸਦੀ ਉਸਾਰੂ ਸੋਚ ਨੂੰ ਸਲਾਮ ਕਰਨੀ ਬਣਦੀ ਹੈ। ਉਸਦੇ ਲੜਕੇ ਦੇ ਆਸਟ੍ਰੇਲੀਆ ਤੋਂ ਆਉਣ ਤੋਂ ਬਾਅਦ ਪੀ.ਜੀ.ਆਈ. ਨੂੰ ਸਰੀਰ ਦਾਨ ਕਰ ਦਿੱਤਾ ਜਾਵੇਗਾ। ਉਸਦੀ ਪਤਨੀ ਗੁਰਪ੍ਰੀਤ ਕੌਰ ਭੰਗੂ ਪਹਿਲਾਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਜੀ ਨਾਲ ਨਾਟਕਾਂ ਵਿਚ ਅਦਾਕਾਰੀ ਕਰਦੇ ਸਨ। ਗੁਰਪ੍ਰੀਤ ਕੌਰ ਭੰਗੂ ਅਧਿਆਪਕਾ ਸਨ, ਪ੍ਰੰਤੂ ਫਿਰ ਉਹ ਪੰਜਾਬੀ ਫਿਲਮਾਂ ਦੀ ਅਦਾਕਾਰੀ ਕਰਨ ਲੱਗ ਪਏ। ਸਵਰਨ ਸਿੰਘ ਭੰਗੂ ਨੇ ਆਪਣੀ ਪਤਨੀ ਗੁਰਪ੍ਰੀਤ ਕੌਰ ਭੰਗੂ ਨੂੰ ਫਿਲਮਾਂ ਵਿਚ ਕੰਮ ਕਰਨ ਲਈ ਪੂਰੀ ਖੁੱਲ੍ਹਦਿਲੀ ਵਿਖਾਈ ਅਤੇ ਹਮੇਸ਼ ਉਸਦੀ ਅਦਾਕਾਰੀ ਦੀ ਪ੍ਰੋੜ੍ਹਤਾ ਕੀਤੀ। ਅੱਜਕੱਲ੍ਹ ਕੋਈ ਪੰਜਾਬੀ ਫਿਲਮ ਨਹੀਂ, ਜਿਸ ਵਿਚ ਗੁਰਪ੍ਰੀਤ ਕੌਰ ਭੰਗੂ ਦੀ ਅਦਾਕਾਰੀ ਨਾ ਹੋਵੇ। ਉਸਦਾ ਲੜਕਾ ਗਾਇਕ ਬਾਗ਼ੀ ਭੰਗੂ ਵੀ ਆਪਣੀ ਪਰਿਵਾਰਿਕ ਸੱਭਿਆਚਾਰਕ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ। ਉਹ ਆਸਟ੍ਰੇਲੀਆ ਵਿਚ ਰਹਿੰਦਾ ਹੈ। ਸਮੁੱਚਾ ਪੰਜਾਬੀ ਭਾਈਚਾਰਾ ਸਵਰਨ ਸਿੰਘ ਭੰਗੂ ਦੀ ਮੌਤ ਦੇ ਮਾਤਮ ਵਿੱਚ ਹੈ।


# ਹਰਪ੍ਰੀਤ ਕੌਰ ਸੰਧੂ ਦਾ ਮਿੰਨੀ-ਕਹਾਣੀ ਸੰਗ੍ਰਹਿ 'ਨਾਨੀ ਦੀਆਂ ਬਾਤਾਂ' ਗੁਣਾਂ ਦੀ ਗੁੱਥਲੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com



ਪੰਜਾਬ ਮੇਲ USA

ਹਰਪ੍ਰੀਤ ਕੌਰ ਸੰਧੂ ਕਵਿਤਾ ਅਤੇ ਵਾਰਤਕ ਲਿਖਦੀ ਹੈ। ਉਸਦੀਆਂ ਹੁਣ ਤੱਕ ਤਿੰਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਦੋ ਕਾਵਿ-ਸੰਗ੍ਰਹਿ ਅਤੇ ਇੱਕ ਨਿਬੰਧ-ਸੰਗ੍ਰਹਿ ਸ਼ਾਮਲ ਹਨ। ਪੜਚੋਲ ਅਧੀਨ 'ਨਾਨੀ ਦੀਆਂ ਬਾਤਾਂ' ਮਿੰਨੀ-ਕਹਾਣੀ ਸੰਗ੍ਰਹਿ ਚੌਥੀ ਪੁਸਤਕ ਹੈ। ਉਸਦੀ ਵਾਰਤਕ ਬਹੁਤ ਹੀ ਸੰਵੇਦਨਸ਼ੀਲ ਤੇ ਕਵਿਤਰੀ ਹੋਣ ਕਰਕੇ ਕਾਵਿਮਈ ਹੁੰਦੀ ਹੈ। ਇਸ ਪੁਸਤਕ ਵਿਚ ਉਸਦੀਆਂ 31 ਮਿੰਨੀ ਕਹਾਣੀਆਂ ਹਨ, ਜੋ ਬਹੁਤ ਹੀ ਪ੍ਰੇਰਨਾਦਾਇਕ ਹਨ ਅਤੇ ਦਿਲਚਸਪ ਹਨ। ਪਾਠ ਇੱਕ ਬੈਠਕ ਵਿਚ ਹੀ ਸਾਰੀਆਂ ਮਿੰਨੀ ਕਹਾਣੀਆਂ ਪੜ੍ਹਕੇ ਛੱਡਦਾ ਹੈ, ਕਿਉਂਕਿ ਵਿਚਾਕਾਰ ਛੱਡੀ ਹੀ ਨਹੀਂ ਜਾ ਸਕਦੀ। ਭਾਵੇਂ ਕਹਾਣੀਆਂ ਨਿੱਕੀਆਂ-ਨਿੱਕੀਆਂ ਹਨ, ਪ੍ਰੰਤੂ ਉਨ੍ਹਾਂ ਦੀਆਂ ਗੱਲਾਂ ਵੱਡੇ ਸੰਦੇਸ਼ ਦਿੰਦੀਆਂ ਹੋਈਆਂ ਜ਼ਿੰਦਗੀ ਜਿਊਣ ਲਈ ਸਾਰਥਿਕ ਨੁਕਤੇ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਵਰਤਮਾਨ ਅਧੁਨਿਕਤਾ ਅਤੇ ਨੈਟ ਦੇ ਜ਼ਮਾਨੇ ਵਿਚ ਸਾਂਝੇ ਪਰਿਵਾਰਾਂ ਦਾ ਸੰਕਲਪ ਖ਼ਤਮ ਹੋ ਗਿਆ ਹੈ। ਇਸ ਸਮੇਂ ਬੱਚੇ ਵੈਸੇ ਤਾਂ ਨਾਨਕੇ ਤੇ ਦਾਦਕੇ ਜਾਂਦੇ ਹੀ ਨਹੀਂ। ਨਾਨੀ ਦੀਆਂ ਬਾਤਾਂ ਤਾਂ ਇੱਕ ਸਪਨਾ ਹੋ ਗਿਆ ਹੈ, ਬੱਚੇ ਤਾਂ ਮਾਂ-ਬਾਪ ਕੋਲ ਨਹੀਂ ਬੈਠਦੇ। ਬੱਚੇ ਤਾਂ ਪੜ੍ਹਾਈ ਦੇ ਬੋਝ ਥੱਲੇ ਦੱਬੇ ਰਹਿੰਦੇ ਹਨ। ਬਾਕੀ ਰਹਿੰਦਾ ਸਮਾਂ ਮੋਬਾਈਲਾਂ ਨੇ ਖਾ ਲਿਆ ਹੈ। ਜੇਕਰ ਇਹ ਪੁਸਤਕ ਪਾਠਕਰਮ ਵਿਚ ਸ਼ਾਮਲ ਕਰਕੇ ਬੱਚਿਆਂ ਨੂੰ ਪੜ੍ਹਾਈ ਜਾਵੇ, ਤਾਂ ਹੋ ਸਕਦਾ ਪਰਿਵਰਾਂ ਵਿਚ ਆਪਸੀ ਪਿਆਰ ਅਤੇ ਮਿਲਵਰਤਨ ਦੁਬਾਰਾ ਕਾਇਮ ਹੋ ਸਕੇ। ਇਹ ਨਿੱਕੀਆਂ ਕਹਾਣੀਆਂ ਭਾਵੇਂ ਸਾਰੀਆਂ ਕਾਲਪਨਿਕ ਹੁੰਦੀਆਂ ਹਨ, ਪ੍ਰੰਤੂ ਇਨ੍ਹਾਂ ਨੂੰ ਸੁਣਨ ਤੇ ਸੁਣਾਉਣ ਨਾਲ ਪਰਿਵਾਰਾਂ ਦੇ ਮੁੜ ਜੁੜਨ ਦੀ ਸੰਭਾਵਨਾ ਹੋ ਸਕਦੀ ਹੈ। ਇਨ੍ਹਾਂ ਮਿੰਨੀ ਕਹਾਣੀਆਂ ਨੂੰ ਪੜ੍ਹਕੇ ਜਿਹੜੇ ਨੁਕਤੇ ਗ੍ਰਹਿਣ ਕਰਨ ਦੇ ਯੋਗ ਹਨ, ਉਹ ਇਸ ਪ੍ਰਕਾਰ ਹਨ : ਸਫ਼ਲ ਵਿਆਹੁਤਾ ਜੀਵਨ ਲਈ ਪਤੀ-ਪਤਨੀ ਨੂੰ ਇੱਕਮਤ ਹੋ ਕੇ ਰਹਿਣਾ, ਸੁਣਕੇ ਗੱਲ ਨੂੰ ਹਜ਼ਮ ਕਰਨਾ ਜ਼ਰੂਰੀ, ਰਿਸ਼ਤਿਆਂ ਵਿਚ ਇਮਾਨਦਾਰੀ ਰੱਖਣੀ ਚਾਹੀਦੀ ਹੈ, ਆਪਣੀ ਕਮਾਈ ਤੋਂ ਬਾਅਦ ਕਮਾਈ ਦੀ ਕੀਮਤ ਦਾ ਅਹਿਸਾਸ ਹੁੰਦਾ ਹੈ, ਬਜ਼ੁਰਗਾਂ ਦੀ ਕਮਾਈ ਨੂੰ ਉਜਾੜੋ







ਨਾ, ਭਵਿੱਖ ਦੀ ਥਾਂ ਵਰਤਮਾਨ ਬਾਰੇ ਸੋਚੋ, ਜ਼ੁਬਾਨ ਦਾ ਰਸ ਕੀਮਤੀ ਹੁੰਦਾ, ਪਰਵਰਿਸ਼ ਨਾਲ ਜਨਮ ਜਾਤ ਗੁਣ ਸੁਧਾਰੇ ਜਾ ਸਕਦੇ ਹਨ, ਪ੍ਰੰਤੂ ਬਦਲੇ ਨਹੀਂ ਜਾ ਸਕਦੇ, ਸੁਹੱਪਣ ਅੰਦਰ ਹੁੰਦੈ ਬਾਹਰੀ ਨਹੀਂ, ਦੋਸਤ ਉਹੀ ਜੋ ਮੁਸੀਬਤ ਵਿਚ ਕੰਮ ਆਵੇ, ਸੁਚੇਤ ਹੋ ਕੇ ਕੀਤਾ ਕੰਮ ਪ੍ਰਮਾਤਮਾ ਦੀ ਭਗਤੀ ਦੇ ਬਰਾਬਰ ਹੁੰਦੈ, ਲੋੜ ਕਿੱਤੇ ਮੁਤਾਬਕ ਹੁੰਦੀ ਹੈ, ਕਿਸੇ ਨਾਲ ਈਰਖਾ ਨਾ ਕਰੋ, ਇੱਕ ਮੰਜ਼ਿਲ ਨਿਸ਼ਚਿਤ ਕਰਕੇ ਮਿਹਨਤ ਕਰੋ, ਬਹੁਤੇ ਪਾਸੇ ਹੱਥ ਨਾ ਮਾਰੋ, ਕੁਦਰਤ 'ਤੇ ਭਰੋਸਾ ਕਰੋ, ਹਰ ਇੱਕ ਦੀ ਇੱਜ਼ਤ ਕਰੋ, ਵਿਰਾਸਤ ਵਿਚ ਮਿਲਿਆ ਸੁਭਾਅ ਬਦਲਣਾ ਅਸੰਭਵ, ਜੋ ਕਰੋਗੇ ਉਹੀ ਭਰੋਗੇ, ਭਾਵ ਕਰਮਾਂ ਦਾ ਫਲ ਭੁਗਤਣਾ ਪੈਂਦਾ, ਆਪਣੀ ਹੀ ਚੀਜ਼ ਖਾਣੀ ਹੋਵੇ ਪਰਦੇ ਵਿਚ ਖਾਓ, ਕਿਸੇ ਦੀ ਉਮੀਦ ਨਹੀਂ ਤੋੜਨੀ ਚਾਹੀਦੀ, ਮਾਪਿਆਂ ਦਾ ਸਤਿਕਾਰ ਕਰੋ, ਕਿਸੇ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ, ਮੁਸੀਬਤ ਦਾ ਸਾਹਮਣਾ ਸਿਆਣਪ ਨਾਲ ਕੀਤਾ ਜਾ ਸਕਦਾ, ਮਿਹਨਤ ਨਾਲ ਕਿਸਮਤ ਚਮਕਾਈ ਜਾ ਸਕਦੀ ਹੈ, ਉਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਇਹ ਜ਼ਿੰਦਗੀ ਦਾ ਮੰਤਰ ਹੋਣਾ ਚਾਹੀਦਾ ਹੈ, ਰਾਜ ਰਾਜ ਹੀ ਰਹਿਣਾ ਚਾਹੀਦਾ, ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਣਾ ਚਾਹਦਾ, ਰੁੱਤਬੇ ਤਾਂ ਆਉਂਦੇ ਜਾਂਦੇ ਰਹਿੰਦੇ ਹਨ, ਸਬਰ ਸੰਤੋਖ਼ ਗਹਿਣਾ ਹੈ, ਕੋਈ ਚੀਜ਼ ਚੰਗੀ ਜਾਂ ਮਾੜੀ ਕਦੀਂ ਵੀ ਕੰਮ ਆ ਸਕਦੀ ਹੈ, ਮਿਹਨਤ ਸੱਚਾਈ ਤੇ ਤਨਦੇਹੀ ਨਾਲ ਕਰੋ, ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖੋ ਅਤੇ ਸੂਝ-ਬੂਝ ਨਾਲ ਹਰ ਮੁਸੀਬਤ ਦਾ ਹੱਲ ਨਿਕਲ ਆਉਂਦਾ ਹੈ।

**79 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਮਿੰਨੀ ਕਹਾਣੀ ਸੰਗ੍ਰਹਿ ਪ੍ਰਤੀਕ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਹਰਪ੍ਰੀਤ ਕੌਰ ਸੰਧੂ : 9041073310**

ਸਫਾ 1 ਦਾ ਬਾਕੀ

## ਫੈਡਰਲ ਅਦਾਲਤ ਵੱਲੋਂ ਐੱਚ-1ਬੀ ਵੀਜ਼ਾ ਲਈ...

ਅਦਾਲਤ ਨੇ ਇਹ ਵੀ ਕਿਹਾ ਕਿ ਸਰਕਾਰ ਕਿਸੇ ਫੀਸ ਨੂੰ "ਜੁਰਮਾਨਾ" ਜਾਂ "ਪਾਬੰਦੀ" ਦਾ ਨਾਮ ਦੇ ਕੇ ਉਸ ਨੂੰ ਟੈਕਸ ਵਿਚ ਨਹੀਂ ਬਦਲ ਸਕਦੀ। ਜੱਜ ਨੇ ਹਾਲ ਹੀ ਦੇ ਇੱਕ ਸੁਪਰੀਮ ਕੋਰਟ ਫੈਸਲੇ ਦਾ ਹਵਾਲਾ ਵੀ ਦਿੱਤਾ, ਜਿਸ ਵਿਚ ਟਰੰਪ ਪ੍ਰਸ਼ਾਸਨ ਦੇ ਕੁਝ ਟੈਰਿਫ ਨੂੰ ਵੀ ਇਸੇ ਤਰ੍ਹਾਂ ਦੀ ਕਾਨੂੰਨੀ ਦਲੀਲ ਦੇ ਆਧਾਰ 'ਤੇ ਰੱਦ ਕੀਤਾ ਗਿਆ ਸੀ।

ਹਾਲਾਂਕਿ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਨਾਲ ਸਹਿਮਤ ਨਹੀਂ ਹੈ ਅਤੇ ਸਰਕਾਰ ਇਸ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇ ਸਕਦੀ ਹੈ। ਇਸ ਲਈ ਆਖਰੀ ਕਾਨੂੰਨੀ ਲੜਾਈ ਅਜੇ ਬਾਕੀ ਹੈ। ਇਸ ਵੇਲੇ ਲਈ ਸਭ ਤੋਂ ਵੱਡੀ ਗੱਲ ਇਹ ਹੈ ਕਿ 100,000 ਡਾਲਰ ਵਾਲੀ ਐੱਚ-1ਬੀ ਫੀਸ ਦੇਸ਼ ਵਿਆਪੀ ਰੱਦ ਹੋ ਗਈ ਹੈ ਅਤੇ ਕੰਪਨੀਆਂ ਨੂੰ ਮੁੜ ਪਹਿਲਾਂ ਵਾਲੇ ਨਿਯਮਾਂ ਅਧੀਨ ਹੁਨਰਮੰਡ ਵਿਦੇਸ਼ੀ ਕਾਮਿਆਂ ਨੂੰ ਸਪਾਂਸਰ ਕਰਨ ਦਾ ਰਾਹ ਖੁੱਲ੍ਹ ਗਿਆ ਹੈ।

ਸਫਾ 1 ਦਾ ਬਾਕੀ

## ਐਡਵੋਕੇਟ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ...

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਥਾਨਕ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਕਾਰਜਾਂ ਸਬੰਧੀ ਯੋਜਨਾਵਾਂ ਨੂੰ ਆਪਸੀ ਸਲਾਹ-ਮਸ਼ਵਰੇ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਵਿਚ ਸਹਿਯੋਗੀ ਬਣਨ ਦੀ ਅਪੀਲ ਕੀਤੀ।

ਸ਼੍ਰੋਮਣੀ ਕਮੇਟੀ ਵਫ਼ਦ ਦਾ ਸਵਾਗਤ ਕਰਨ ਵਾਲਿਆਂ 'ਚ ਅਮਰੀਕਾ ਨਿਵਾਸੀ ਸ. ਦੀਦਾਰ ਸਿੰਘ ਬੈਂਸ ਦੇ ਸਪੁੱਤਰ ਸ. ਕਰਮਦੀਪ ਸਿੰਘ ਬੈਂਸ (ਕਾਊਂਟੀ ਸੁਪਰਵਾਈਜ਼ਰ), ਹਰਗੁਰਜੀਤ ਸਿੰਘ ਬੱਲ, ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ, ਗੁਰਨਾਮ ਸਿੰਘ ਪੰਮਾ, ਕੁਲਵੰਤ ਸਿੰਘ ਖੈਹਰਾ, ਬਲਜੀਤ ਸਿੰਘ ਮਾਨ, ਜੀਵਨ ਸਿੰਘ, ਗੁਰਸੇਵਕ ਸਿੰਘ ਭੰਗੂ, ਸੁਖਵੰਤ ਸਿੰਘ ਖੈਹਰਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੰਡਾਂ, ਮੁਖਤਿਆਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਗਿੱਲ, ਇੰਦਰਜੀਤ ਸਿੰਘ ਹੈਪੀ, ਦਲਬੀਰ ਸਿੰਘ ਸੰਘੇੜਾ, ਜੋਗਿੰਦਰ ਸਿੰਘ ਨਿੱਜਰ ਅਤੇ ਹੋਰ ਮੌਜੂਦ ਸਨ।

ਸਫਾ 1 ਦਾ ਬਾਕੀ

## ਫੈਡਰਲ ਕੋਰਟ ਵੱਲੋਂ ਅਸਾਇਲਮ ਅਤੇ ਇਮੀਗ੍ਰੇਸ਼ਨ ਕੇਸਾਂ...

ਅਦਾਲਤ ਨੇ ਚਾਰ ਮੁੱਖ ਨੀਤੀਆਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਵਿਚ ਸਾਰੇ ਅਸਾਇਲਮ ਕੇਸਾਂ 'ਤੇ ਰੋਕ, 39 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੇਸ਼ਨ ਲਾਭਾਂ ਦੀ ਪ੍ਰੋਸੈਸਿੰਗ ਰੋਕਣਾ, ਪਹਿਲਾਂ ਮਨਜ਼ੂਰ ਹੋਏ ਕੇਸਾਂ ਦੀ ਮੁੜ ਜਾਂਚ ਅਤੇ ਦੇਸ਼ ਦੇ ਆਧਾਰ 'ਤੇ ਨਕਾਰਾਤਮਕ ਫੈਸਲੇ ਲੈਣ ਦੀ ਹਦਾਇਤ ਸ਼ਾਮਲ ਸੀ। ਇਹ ਨੀਤੀਆਂ 2025 ਦੇ ਅਖੀਰ ਵਿਚ ਲਾਗੂ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਕਾਰਨ ਹਜ਼ਾਰਾਂ ਲੋਕ ਮਹੀਨਿਆਂ ਤੱਕ ਆਪਣੇ ਵਰਕ ਪਰਮਿਟ, ਗ੍ਰੀਨ ਕਾਰਡ ਜਾਂ ਅਸਾਇਲਮ ਫੈਸਲਿਆਂ ਦੀ ਉਡੀਕ ਕਰਦੇ ਰਹੇ। ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਡੈਮੋਕਰੇਸੀ ਫਾਰਵਰਡ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਕਾਰ ਕਾਨੂੰਨੀ ਇਮੀਗ੍ਰੇਸ਼ਨ ਦੇ ਰਸਤੇ ਬੰਦ ਨਹੀਂ ਕਰ ਸਕਦੀ ਅਤੇ ਨਾ ਹੀ ਕਿਸੇ ਵਿਅਕਤੀ ਨਾਲ ਉਸਦੇ ਮੂਲ ਦੇਸ਼ ਦੇ ਆਧਾਰ 'ਤੇ ਭੇਦਭਾਵ ਕਰ ਸਕਦੀ ਹੈ। ਫੈਸਲੇ ਤੋਂ ਬਾਅਦ ਹੁਣ ਯੂ.ਐੱਸ.ਸੀ.ਆਈ.ਐੱਸ. ਨੂੰ ਰੋਕੇ ਗਏ ਆਸਾਇਲਮ, ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨੀ ਪਵੇਗੀ। ਹਾਲਾਂਕਿ ਟਰੰਪ ਪ੍ਰਸ਼ਾਸਨ ਕੋਲ ਇਸ ਫ਼ੈਸਲੇ ਖ਼ਿਲਾਫ਼ ਉੱਚ ਅਦਾਲਤ ਵਿਚ ਅਪੀਲ ਕਰਨ ਦਾ ਵਿਕਲਪ ਮੌਜੂਦ ਹੈ। ਇਮੀਗ੍ਰੇਸ਼ਨ ਮਾਹਿਰਾਂ ਦੇ ਅਨੁਸਾਰ ਇਹ ਫ਼ੈਸਲਾ ਹਜ਼ਾਰਾਂ ਪ੍ਰਵਾਸੀਆਂ ਲਈ ਵੱਡੀ ਰਾਹਤ ਸਾਬਤ ਹੋ ਸਕਦਾ ਹੈ, ਜਿਨ੍ਹਾਂ ਦੇ ਕੇਸ ਪਿਛਲੇ ਕਈ ਮਹੀਨਿਆਂ ਤੋਂ ਰੁਕੇ ਹੋਏ ਸਨ ਅਤੇ ਜੋ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਵਿਚ ਜੀਅ ਰਹੇ ਸਨ।

ਸਫਾ 1 ਦਾ ਬਾਕੀ

## ਅਮਰੀਕੀ ਸਰਕਾਰ ਵੱਲੋਂ 17 ਨਾਗਿਰਕਾਂ ਦੀ ਨਾਗਰਿਕਤਾ...

ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ ਨੇ ਵੀ ਕਿਹਾ ਕਿ ਸਰਕਾਰ ਹਰ ਕਾਨੂੰਨੀ ਰਸਤਾ ਵਰਤ ਕੇ ਉਨ੍ਹਾਂ ਲੋਕਾਂ ਦੀ ਨਾਗਰਿਕਤਾ ਰੱਦ ਕਰਵਾਏਗੀ, ਜਿਨ੍ਹਾਂ ਨੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਧੋਖੇ ਨਾਲ ਵਰਤਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਅਮਰੀਕਾ ਆ ਕੇ ਕਾਨੂੰਨ ਤੋੜਦੇ ਹਨ ਅਤੇ ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਝੂਠ ਬੋਲਦੇ ਹਨ, ਉਹ ਅਮਰੀਕੀ ਨਾਗਰਿਕਤਾ ਦੇ ਹੱਕਦਾਰ ਨਹੀਂ ਹਨ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਡੀਨੈਚੁਰਲਾਈਜ਼ੇਸ਼ਨ ਦੀ ਪ੍ਰਕਿਰਿਆ ਸੌਖੀ ਨਹੀਂ ਹੁੰਦੀ। ਸਰਕਾਰ ਨੂੰ ਫੈਡਰਲ ਅਦਾਲਤ ਵਿਚ ਸਬੂਤਾਂ ਦੇ ਆਧਾਰ 'ਤੇ ਇਹ ਸਾਬਤ ਕਰਨਾ ਪੈਂਦਾ ਹੈ ਕਿ ਵਿਅਕਤੀ ਨੇ ਨਾਗਰਿਕਤਾ ਹਾਸਲ ਕਰਦੇ ਸਮੇਂ ਧੋਖਾਧੜੀ ਕੀਤੀ ਸੀ ਜਾਂ ਕੋਈ ਅਹਿਮ ਜਾਣਕਾਰੀ ਲੁਕਾਈ ਸੀ। ਦੋਸ਼ਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਅਤੇ ਸਰਕਾਰ ਦੇ ਦਾਅਵਿਆਂ ਨੂੰ ਚੁਣੌਤੀ ਦੇਣ ਦਾ ਪੂਰਾ ਅਧਿਕਾਰ ਹੋਵੇਗਾ। ਜੇ ਅਦਾਲਤ ਸਰਕਾਰ ਦੇ ਹੱਕ ਵਿਚ ਫੈਸਲਾ ਦਿੰਦੀ ਹੈ, ਤਾਂ ਸੰਬੰਧਤ ਵਿਅਕਤੀ ਦੀ ਅਮਰੀਕੀ ਨਾਗਰਿਕਤਾ ਖਤਮ ਹੋ ਸਕਦੀ ਹੈ। ਉਸ ਤੋਂ ਬਾਅਦ ਉਹ ਮੁੜ ਗ੍ਰੀਨ ਕਾਰਡ ਧਾਰਕ ਦੇ ਦਰਜੇ ਵਿਚ ਆ ਸਕਦਾ ਹੈ ਅਤੇ ਕੁਝ ਮਾਮਲਿਆਂ ਵਿਚ ਉਸ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਵੀ ਸ਼ੁਰੂ ਹੋ ਸਕਦੀ ਹੈ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਇਹ ਕਾਰਵਾਈ ਆਮ ਨੈਚੁਰਲਾਈਜ਼ਿਡ ਯੂ.ਐੱਸ. ਸਿਟੀਜ਼ਨਾਂ ਖ਼ਿਲਾਫ਼ ਨਹੀਂ, ਸਗੋਂ ਉਨ੍ਹਾਂ ਕੇਸਾਂ ਖ਼ਿਲਾਫ਼ ਹੈ, ਜਿੱਥੇ ਸਰਕਾਰ ਨੂੰ ਧੋਖਾਧੜੀ, ਜਾਅਲਸਾਜ਼ੀ, ਝੂਠੀ ਜਾਣਕਾਰੀ ਜਾਂ ਗੰਭੀਰ ਅਪਰਾਧਾਂ ਦੇ ਸਬੂਤ ਮਿਲੇ ਹਨ। ਫਿਰ ਵੀ ਇਹ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਪ੍ਰਕਿਰਿਆ ਉੱਤੇ ਵਧਦੀ ਸਖ਼ਤੀ ਦਾ ਇੱਕ ਹੋਰ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ।

ਸਫਾ 1 ਦਾ ਬਾਕੀ

## ਮੈਡੀਕੇਡ ਲਾਭਪਾਤਰੀਆਂ ਦੀ ਯੋਗਤਾ ਦੀ ਹੁਣ ਹਰ 6...

ਅਰਬਨ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ ਇਸ ਨਵੇਂ ਨਿਯਮ ਕਾਰਨ 2028 ਤੱਕ ਮੈਡੀਕੇਡ ਵਿਸਥਾਰ ਪ੍ਰੋਗਰਾਮ ਵਿਚ ਸ਼ਾਮਲ 20 ਲੱਖ ਤੋਂ 31 ਲੱਖ ਲੋਕ ਕਵਰੇਜ ਤੋਂ ਬਾਹਰ ਹੋ ਸਕਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਅਸਲ ਵਿਚ ਅਯੋਗ ਨਹੀਂ ਹੋਣਗੇ, ਸਗੋਂ ਸਿਰਫ਼ ਕਾਗਜ਼ੀ ਕਾਰਵਾਈ ਪੂਰੀ ਨਾ ਕਰਨ ਕਾਰਨ ਕਵਰੇਜ ਗੁਆ ਸਕਦੇ ਹਨ।

ਸਿਹਤ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਕਵਰੇਜ ਸੰਬੰਧੀ ਸਮੱਸਿਆ ਵੱਧ ਸਕਦੀ ਹੈ। ਇਸਦਾ ਮਤਲਬ ਹੈ ਕਿ ਲੋਕ ਕੁਝ ਮਹੀਨਿਆਂ ਲਈ ਮੈਡੀਕੇਡ ਤੋਂ ਬਾਹਰ ਹੋ ਜਾਣਗੇ ਅਤੇ ਫਿਰ ਦੁਬਾਰਾ ਯੋਗ ਹੋਣ 'ਤੇ ਵਾਪਸ ਸ਼ਾਮਲ ਹੋਣਗੇ। ਇਸ ਕਾਰਨ ਕੈਂਸਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਹੋਰ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਦਾ ਇਲਾਜ ਪ੍ਰਭਾਵਿਤ ਹੋ ਸਕਦਾ ਹੈ।

ਖ਼ਾਸ ਤੌਰ 'ਤੇ ਘੱਟ ਆਮਦਨ ਵਾਲੇ ਪਰਿਵਾਰ, ਅੰਗਰੇਜ਼ੀ ਭਾਸ਼ਾ ਵਿਚ ਸੀਮਤ ਦਖਲ ਵਾਲੇ ਲੋਕ, ਪ੍ਰਵਾਸੀ ਭਾਈਚਾਰੇ ਅਤੇ ਉਹ ਲੋਕ ਜਿਨ੍ਹਾਂ ਦੀ ਰਿਹਾਇਸ਼ ਜਾਂ ਨੌਕਰੀ ਅਸਥਿਰ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ। ਫੈਡਰਲ ਸਰਕਾਰ ਨੇ ਰਾਜਾਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਪਹਿਲਾਂ ਇਲੈਕਟ੍ਰਾਨਿਕ ਡਾਟਾਬੇਸ ਰਾਹੀਂ ਯੋਗਤਾ ਦੀ ਪੁਸ਼ਟੀ ਕਰਨ ਅਤੇ ਕੇਵਲ ਲੋੜ ਪੈਣ 'ਤੇ ਹੀ ਲਾਭਪਾਤਰੀਆਂ ਤੋਂ ਵਾਧੂ ਦਸਤਾਵੇਜ਼ ਮੰਗਣ। ਫਿਰ ਵੀ ਨੀਤੀ ਮਾਹਿਰਾਂ ਦਾ ਕਹਿਣਾ ਹੈ ਕਿ ਹਰ 6 ਮਹੀਨੇ ਬਾਅਦ ਜਾਂਚ ਹੋਣ ਨਾਲ ਗਲਤੀਆਂ ਅਤੇ ਕਵਰੇਜ ਖਤਮ ਹੋਣ ਦੇ ਮਾਮਲੇ ਵੱਧ ਸਕਦੇ ਹਨ। ਇਹ ਨਵਾਂ ਨਿਯਮ 2027 ਦੀ ਪਹਿਲੀ ਤਿਮਾਹੀ ਤੋਂ ਲਾਗੂ ਹੋਣਾ ਸ਼ੁਰੂ ਹੋਵੇਗਾ ਅਤੇ ਆਉਣ ਵਾਲੇ ਸਾਲਾਂ ਵਿਚ ਮੈਡੀਕੇਡ ਪ੍ਰੋਗਰਾਮ ਦੀ ਦਿਸ਼ਾ ਉੱਤੇ ਡੂੰਘਾ ਅਸਰ ਪਾ ਸਕਦਾ ਹੈ। ਖ਼ਾਸ ਕਰਕੇ ਕੈਲੀਫੋਰਨੀਆ ਸਮੇਤ ਉਨ੍ਹਾਂ ਰਾਜਾਂ ਵਿਚ, ਜਿੱਥੇ ਮੈਡੀਕੇਡ ਵਿਸਥਾਰ ਤਹਿਤ ਲੱਖਾਂ ਲੋਕ ਸਿਹਤ ਕਵਰੇਜ ਪ੍ਰਾਪਤ ਕਰ ਰਹੇ ਹਨ, ਇਸ ਨੀਤੀ ਦੇ ਪ੍ਰਭਾਵ ਨੂੰ ਬਹੁਤ ਧਿਆਨ ਨਾਲ ਦੇਖਿਆ ਜਾ ਰਿਹਾ ਹੈ।

# ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ



ਜਿਸ ਨੇ ਆਪਣੇ ਸੁਆਰਥ ਤੋਂ ਪਰ੍ਹੇ ਹੋ ਕੇ ਸੱਚਾਈ, ਪਰਉਪਕਾਰ ਤੇ ਕੌਮੀ ਆਨ-ਸ਼ਾਨ ਦੇ ਲਈ ਆਪਣਾ ਵਾਰ ਦਿੱਤਾ ਹੋਵੇ, ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਆਪਣੇ ਉੱਚੇ ਆਦਰਸ਼ 'ਤੇ ਪਹਿਰਾ ਦਿੰਦਾ ਹੋਇਆ ਉਹ ਇਕ ਚਾਨਣ-ਮੁਨਾਰਾ ਹੈ, ਜੋ ਦੀਨ-ਹੀਨ, ਗੁਲਾਮੀ ਵਿਚ ਫਸੇ ਲੋਕਾਂ ਨੂੰ ਨਿਰਭੈਤਾ ਦਾ ਰਾਹ ਦੱਸ ਕੇ ਆਜ਼ਾਦੀ ਤੱਕ ਪਹੁੰਚਾਉਂਦਾ ਹੈ। ਗੁਰਬਾਣੀ 'ਚ ਸਮਝਾਇਆ ਹੈ ਕਿ: ਜੋ ਮਨੁੱਖ ਇਸ ਜਗਤ ਰੂਪ ਰਣਭੂਮੀ ਵਿਚ ਦਲੇਰ ਹੋ ਕੇ ਟਾਕਰੇ 'ਤੇ ਅੜ ਖਲੋਤਾ ਹੈ ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਮੌਕਾ ਹੈ, ਜਦੋਂ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ। ਉਹ ਅਸਲ ਸੂਰਮਾ ਹੈ। ਉਸ ਦੇ ਦਸਮ-ਦੁਆਰ ਵਿਚ ਧੌਂਸਾ ਵੱਜਦਾ ਹੈ। ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ-ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ, ਇਕ ਹੋਰ ਭੀ ਸੂਰਮਾ ਹੈ। ਉਸ ਮਨੁੱਖ ਨੂੰ ਭੀ ਸੂਰਮਾ ਹੀ ਸਮਝਣਾ ਚਾਹੀਦਾ ਹੈ, ਜੋ ਗਰੀਬਾਂ ਵਾਸਤੇ ਲੜਦਾ ਹੈ। ਟੋਟੇ-ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। (ਅੰਗ : 1105)

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਨਿਸ਼ਠਾ ਸ਼ਰਧਾ ਕਰਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ-ਆਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰੀਤੀਆਂ ਦੀ ਨਿਖੇਧੀ ਕਰਕੇ, ਵਹਿਮਾਂ-ਭਰਮਾਂ ਦਾ ਵਿਰੋਧ ਕਰਕੇ ਸਾਵੀਂ-ਪੱਧਰੀ ਜੀਵਨ ਜਾਂਚ ਸਿਖਾਈ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ, ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ, ਜੋ ਕ੍ਰਾਂਤੀਕਾਰੀ ਪ੍ਰੇਰਣਾ ਪ੍ਰਦਾਨ ਕਰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ 'ਚ ਆਉਣ ਲਈ ਪ੍ਰੇਰਿਆ, ਜੋ ਕਿ ਕੱਟੜ ਸ਼ਰਈ ਮੁਸਲਮਾਨਾਂ ਲਈ ਦੁਖਦਾਇਕ ਸੀ।

ਉਨ੍ਹਾਂ ਨੇ ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਗੁਰੂ ਸਾਹਿਬ ਵਿਰੁੱਧ ਧਾਰਮਿਕ ਈਰਖਾ ਦੀਆਂ ਸ਼ਿਕਾਇਤਾਂ ਲਾਈਆਂ। ਪਰ ਬਾਦਸ਼ਾਹ ਨੂੰ ਸਿੱਖੀ ਦੇ ਅਸੂਲਾਂ, ਰਹਿਤ ਮਰਿਯਾਦਾ ਤੇ ਸਿੱਖੀ ਦੇ ਪ੍ਰਚਾਰ ਢੰਗ ਉਪਰੰਤ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਵਿਚ ਕੁੱਝ ਵੀ ਅਯੋਗ ਨਹੀਂ ਸੀ ਦਿਸਿਆ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਲਈ ਸੇਵਾ ਅਤੇ ਸ਼ਰਧਾ ਪ੍ਰਗਟ ਕੀਤੀ।

ਬਾਦਸ਼ਾਹ ਅਕਬਰ ਦੀ 17 ਅਕਤੂਬਰ, 1605 ਵਿਚ ਆਗਰੇ ਵਿਖੇ ਮੌਤ ਹੋ ਗਈ। ਸ਼ੇਖ ਅਹਿਮਦ ਸਰਹਿੰਦੀ ਜਿਹੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨੂੰ ਰਾਜਗੱਦੀ 'ਤੇ ਬਿਠਾਇਆ। ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ, ਇਹ ਮੁਗਲ ਸਾਮਰਾਜ ਲਈ ਖਤਰਾ ਹੈ। ਇਸ ਵਿਚ ਪ੍ਰਿਥੀ ਚੰਦ, ਚੰਦੂ ਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ।

ਬਾਦਸ਼ਾਹ ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਸ਼ੇਖ ਅਹਿਮਦ ਸਰਹਿੰਦੀ ਨੇ ਸਾਜ਼ਿਸ਼ ਅਧੀਨ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਵਿਰੁੱਧ ਲਿਖਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਾਚਣ ਲਈ ਗੁਰੂ ਜੀ ਨੂੰ ਤਲਬ ਕੀਤਾ ਗਿਆ। ਜਦੋਂ ਗ੍ਰੰਥ ਵਿਚ ਕੁਝ ਵੀ ਵਿਰੋਧ ਵਿਚ ਦਰਜ ਨਾ ਮਿਲਿਆ, ਤਾਂ ਗ੍ਰੰਥ ਵਿਚ ਇਸਲਾਮ ਦੀ ਤਾਰੀਫ ਵਿਚ ਦਰਜ ਕਰਨ 'ਤੇ ਜ਼ੋਰ ਦਿੱਤਾ ਗਿਆ। ਗੁਰੂ ਜੀ ਨੇ ਅਜਿਹਾ ਕਰਨ ਦੀ ਪੁਰਜ਼ੋਰ ਨਾਂਹ ਕਰ ਦਿੱਤੀ। ਤਦ ਇਸਲਾਮ ਵਿਰੁੱਧ ਪ੍ਰਚਾਰ ਕਰਨ ਅਤੇ ਬਾਦਸ਼ਾਹ ਦੀ ਹੇਠੀ ਕਰਨ ਦਾ ਦੋਸ਼ ਲਾਇਆ। ਇਸ 'ਤੇ ਬਾਦਸ਼ਾਹ ਨੇ ਦੋ ਲੱਖ ਦਾ ਜੁਰਮਾਨਾ ਲਾਇਆ। ਗੁਰੂ ਜੀ ਨੇ ਸੰਗਤਾਂ ਨੂੰ ਜੁਰਮਾਨਾ ਅਦਾ ਕਰਨ ਤੋਂ ਮਨਾਂ ਕਰ ਦਿੱਤਾ।

ਦੂਸਰਾ, 6 ਅਪ੍ਰੈਲ 1606 ਨੂੰ ਖੁਸਰੋ ਨੇ ਰਾਜਗੱਦੀ ਲਈ ਬਗਾਵਤ ਕਰ ਦਿੱਤੀ। ਖੁਸਰੋ ਆਗਰੇ ਤੋਂ ਪੰਜਾਬ ਵੱਲ ਵਧਿਆ। ਉਸ ਦਾ ਪਿੱਛਾ ਕਰਦਾ ਜਹਾਂਗੀਰ ਸੁਲਤਾਨਪੁਰ, ਗੋਂਦਵਾਲ ਤਰਨਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿਚ ਉਹ ਲੋਕਾਂ ਨੂੰ ਸਜ਼ਾਵਾਂ ਦਿੰਦਾ ਆਇਆ, ਜਿਨ੍ਹਾਂ ਨੇ ਖੁਸਰੋ ਦੀ ਕਿਸੇ ਪ੍ਰਕਾਰ ਦੀ ਹਮਦਰਦੀ ਜਾਂ ਮਦਦ ਕੀਤੀ ਸੀ। ਉਸ ਨੇ ਗੁਰੂ ਜੀ 'ਤੇ ਦੋਸ਼ ਲਾਇਆ ਕਿ ਉਨ੍ਹਾਂ ਖੁਸਰੋ ਦੀਆਂ ਫੌਜਾਂ ਦੀ ਲੰਗਰ, ਪਾਣੀ ਨਾਲ ਸੇਵਾ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਖੁਸਰੋ ਅਤੇ ਫੌਜਾਂ ਨੇ ਗੋਂਦਵਾਲ ਪ੍ਰਸ਼ਾਦਾ ਜ਼ਰੂਰ ਛੱਕਿਆ। ਪਰ ਮੈਂ ਖੁਦ ਉਸ ਵੇਲੇ ਤਰਨਤਾਰਨ ਵਿਖੇ ਸੀ। ਪਰ ਗੁਰੂ ਘਰ ਵਿਚ ਪ੍ਰਸ਼ਾਦਾ ਛੱਕਣ ਕੋਈ ਵੀ, ਕਿਸੇ ਵੇਲੇ ਆ ਸਕਦਾ ਹੈ, ਇਥੇ ਕਦੇ ਭੇਦਭਾਵ ਨਹੀਂ ਹੋਇਆ। ਅੱਗੇ ਦੋਸ਼ ਲਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਉਸ ਦੇ ਮੱਥੇ 'ਤੇ ਤਿਲਕ ਲਗਾਇਆ ਕਿ ਖੁਸਰੋ ਜਹਾਂਗੀਰ ਦਾ ਟਾਕਰਾ ਕਰ ਸਕੇ ਅਤੇ ਤਖਤ ਹਾਸਲ ਕਰਨ ਲਈ ਆਸ਼ੀਰਵਾਦ ਵੀ ਦਿੱਤਾ। ਵਿਰੋਧੀਆਂ ਨੇ ਬਾਦਸ਼ਾਹ ਨੂੰ ਭੜਕਾਇਆ ਕਿ ਖੁਸਰੋ ਦੇ ਹਮਾਇਤੀਆਂ ਦੀ ਤਰ੍ਹਾਂ ਗੁਰੂ ਜੀ ਨੂੰ ਵੀ ਖੌਫਨਾਕ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ।

ਬਾਦਸ਼ਾਹ ਜਹਾਂਗੀਰ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਗੁਰੂ ਜੀ ਨੂੰ ਮੁਸਲਮਾਨ ਬਣਾਇਆ ਜਾਵੇ, ਜਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਵੇ। ਆਪਣੀ ਸਵੈ-ਜੀਵਨੀ (ਤੋਜ਼ਕਿ ਜਹਾਂਗੀਰੀ) ਵਿਚ 6 ਜੂਨ, 1606 ਨੂੰ ਇਵੇਂ ਬਿਆਨ ਕੀਤਾ ਹੈ ਕਿ:

ਬਿਆਸ ਦਰਿਆ ਦੇ ਕੰਢੇ ਇਕ ਅਰਜਨ ਨਾਉਂ ਦਾ ਹਿੰਦੂ, ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿਚ ਰਹਿੰਦਾ ਸੀ।



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲUSA


ਕਈ ਸਾਧਾਰਨ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸ ਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਣਾਉਣ ਲਈ ਨਾਲ ਜੋੜ ਲਿਆ ਹੈ। ਉਸ ਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੱਚੇ ਪਾਤਸ਼ਾਹ ਕਿਹਾ ਜਾਂਦਾ ਸੀ। ਬਹੁਤ ਥਾਂਵਾਂ ਤੋਂ ਚਰਵਾਹੇ ਅਤੇ ਬੇਵਕੂਫ ਉਸ ਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸ ਨੇ 3-4 ਪੀੜ੍ਹੀਆਂ ਤੋਂ ਚਲਾਇਆ ਹੈ। ਕਾਫੀ ਸਮੇਂ ਤੋਂ ਮੇਰੇ ਮਨ ਵਿਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ-ਮੱਤ ਵਿਚ ਲਿਆਉਣ ਦਾ ਖਿਆਲ ਸੀ।

ਇਸ ਤਰ੍ਹਾਂ ਮੁਗਲ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਸਿਰਫ ਗੁਰੂ ਜੀ ਨੂੰ ਸ਼ਹੀਦ ਹੀ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਉਹ ਸਿੱਖ-ਲਹਿਰ ਦੀ ਵਿਚਾਰਧਾਰਾ ਨੂੰ ਮਾਰਨਾ ਚਾਹੁੰਦਾ ਸੀ। ਜਿਸ ਨੂੰ ਉਸ ਨੇ ਝੂਠੀ ਦੁਕਾਨਦਾਰੀ ਦਾ ਨਾਉਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ 'ਤੇ ਹਮਲਾ ਸੀ। ਜੋ ਮੁਗਲ ਹਕੂਮਤ ਲਈ ਇਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ 'ਤੇ ਉਹ ਚੱਲ ਰਹੇ ਹਨ, ਉਸ ਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਕੇ ਹੋਰ ਧਰਮ ਅਪਣਾਉਣ ਵਾਲੇ ਲਈ ਮੌਤ ਦੀ ਸਜ਼ਾ ਸੀ। ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰਧਾਰਾ ਬਦਲਣ ਅਤੇ ਨਾ ਹੀ ਗੁਰ ਮਰਿਯਾਦਾ ਦੀ ਰਾਹ ਛੱਡਣ ਲਈ ਤਿਆਰ ਹੋਏ। ਸਮਰਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ ਸਨ, ਜਿਸ ਨਾਲ ਕੌਮ ਨੇ ਜ਼ੁਲਮ ਅਤੇ ਮੁਸੀਬਤਾਂ ਦੇ ਖਿਲਾਫ ਤਿਆਰ ਹੋਣਾ ਸੀ।

ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ-ਮੱਤ ਵਿਚ ਲਿਆਉਣਾ ਚਾਹੁੰਦਾ ਸੀ, ਤਾਂ ਜੋ ਗੁਰੂ ਜੀ ਦੇ ਵੱਡੀ ਗਿਣਤੀ ਵਿਚ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਉਸ ਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ-ਅਸਬਾਬ ਜ਼ਬਤ ਕਰਕੇ, ਉਸ ਨੂੰ ਸਿਆਸਤ ਅਤੇ ਯਾਸਾਂ ਦੇ ਸਖ਼ਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਜਹਾਂਗੀਰ ਹੁਕਮ ਸੁਣਾ ਕੇ ਆਪ ਉਥੋਂ ਸਿੰਧ ਇਲਾਕੇ ਵੱਲ ਚਲਾ ਗਿਆ।

ਗੁਰੂ ਜੀ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰੀ ਅਹਿਲਕਾਰ ਚੰਦੂ ਨੇ ਲੈ ਲਈ। ਉਸ ਦੀ ਗੁਰੂ ਜੀ ਨਾਲ ਚਿਰੋਕਣਾ ਵੈਰ ਸੀ। ਉਸ ਦੀ ਧੀ ਦਾ ਸਾਕ ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ, ਤਾਂ ਉਸ ਵੇਲੇ ਉਸ ਨੇ ਗੁੱਸੇ ਵਿਚ ਕਿਹਾ ਕਿ 'ਤੂੰ ਚੋਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈਂ'। ਇਸ ਤਰ੍ਹਾਂ ਉਸ ਨੇ ਗੁਰੂ ਘਰ ਅਤੇ ਘਰਾਣੇ ਨੂੰ ਮੋਰੀ ਕਹਿ ਕੇ ਸਖਤ ਬੇਅਦਬੀ ਕੀਤੀ। ਬਾਅਦ ਵਿਚ ਉਹ ਤਜਵੀਜ਼ ਮੰਨਣ ਲਈ ਤਿਆਰ ਹੋ ਗਿਆ। ਗੁਰੂ ਜੀ ਨੇ ਸੰਗਤ ਦੀ ਬੇਨਤੀ 'ਤੇ ਸਾਕ ਲੈਣ ਤੋਂ ਨਾਂਹ ਕਰ ਦਿੱਤੀ। ਚੰਦੂ ਨੇ ਮੌਕਾ ਵੇਖ ਕੇ ਆਪਣੀ ਧੀ ਦੇ ਰਿਸ਼ਤੇ ਦੀ ਗੱਲ ਤੋਰੀ, ਤਾਂ ਗੁਰੂ ਜੀ ਨੇ ਫਿਰ ਨਾਂਹ ਕਰ ਦਿੱਤੀ। ਜਦ ਗੁਰੂ ਜੀ ਨੂੰ ਮਨਾਉਣ ਦੇ ਉਸ ਦੇ ਸਾਰੇ ਯਤਨ ਸਫਲ ਨਾ ਹੋਏ, ਤਾਂ ਉਸ ਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਹਵਾਲੇ ਕਰ ਦਿੱਤਾ।

ਗੁਰੂ ਜੀ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਲਿਆਂਦਾ ਗਿਆ। ਗੁਰੂ ਜੀ ਨੂੰ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸਾ ਰੱਖ ਕੇ ਦੇਗ ਵਿਚ ਉਬਾਲਿਆ ਗਿਆ। ਤੱਤੀ ਤਵੀ 'ਤੇ ਬਿਠਾਇਆ ਗਿਆ। ਸੜ੍ਹਦੀ ਬਲਦੀ ਰੇਤ ਸਰੀਰ ਉੱਤੇ ਪਾ ਕੇ ਸਰੀਰ ਛਾਲੇ-ਛਾਲੇ ਕਰ ਦਿੱਤਾ। ਚਾਰ ਦਿਨ ਅਜਿਹੇ ਖੌਫਨਾਕ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਛਾਲਿਆਂ ਨਾਲ ਫਿਸੇ ਸਰੀਰ ਨੂੰ ਰਾਵੀ ਦੇ ਠੰਡੇ ਜਲ 'ਚ ਡੁਬੋ ਕੇ ਸਤਿਗੁਰਾਂ ਨੂੰ 30 ਮਈ, 1606 ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਵਾਸਤੇ ਅਸਹਿ ਤੇ ਅਕਹਿ ਕਸ਼ਟ ਝੱਲਦੇ ਹੋਏ, ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਰਾਵੀ ਦੇ ਕੰਢੇ ਆਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ) ਬਣਿਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਤਲਬ ਕੀਤਾ, ਤਾਂ ਗੁਰੂ ਜੀ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਲਾਹੌਰ ਜਾਣ ਲੱਗਿਆਂ, ਆਪ ਆਗਿਆ ਕਰ ਗਏ ਸਨ ਕਿ ਸਾਡੇ ਪਿੱਛੋਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਜੋ 25 ਮਈ, 1606 ਨੂੰ ਗੁਰਗੱਦੀ 'ਤੇ ਬੈਠੇ।

ਅੰਤਿਕਾ:- ਜੋ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਮਨ ਵਿਚ ਮਿੱਠੀ ਕਰਕੇ ਮੰਨਦਾ ਹੈ। ਉਹੀ ਜਿਉਂਦਾ ਮੁਕਤ ਅਖਵਾਉਂਦਾ ਹੈ। ਉਸ ਨੂੰ ਖੁਸ਼ੀ ਤੇ ਗਮੀ ਇਕੋ ਜਿਹੀ ਹੈ। ਉਸ ਨੂੰ ਸਦਾ ਆਨੰਦ ਹੈ। ਕਿਉਂਕਿ ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਤੋਂ ਵਿਛੋੜਾ ਨਹੀਂ ਹੈ। ਸੋਨਾ ਤੇ ਮਿੱਟੀ ਭੀ ਉਸ ਮਨੁੱਖ ਵਾਸਤੇ ਬਰਾਬਰ ਹੈ। ਭਾਵ ਸੋਨਾ ਵੇਖਕੇ ਉਹ ਲੋਭ ਵਿਚ ਨਹੀਂ ਫੱਸਦਾ। ਅੰਮ੍ਰਿਤ ਅਤੇ ਕੌੜੀ ਵਿਹੁ ਭੀ ਉਸ ਲਈ ਇਕੋ ਜਿਹੀ ਹੈ। ਕਿਸੇ ਵੱਲੋਂ ਆਦਰ ਦਾ ਵਰਤਾਉ ਹੋਵੇ ਜਾਂ ਅਹੰਕਾਰ ਦਾ, ਉਸ ਮਨੁੱਖ ਵਾਸਤੇ ਇਕ ਸਮਾਨ ਹੈ। ਕੰਗਾਲ ਤੇ ਸ਼ਹਿਨਸ਼ਾਹ ਭੀ ਉਸ ਦੀ ਨਜ਼ਰ ਵਿਚ ਬਰਾਬਰ ਹੈ।

ਜੋ ਰਜ਼ਾ ਪ੍ਰਭੂ ਵਰਤਾਉਂਦਾ ਹੈ, ਉਹੀ ਉਸ ਵਾਸਤੇ ਜ਼ਿੰਦਗੀ ਦਾ ਗਾਡੀ ਰਾਹ ਹੈ। ਹੇ ਨਾਨਕ! ਉਹ ਮਨੁੱਖ ਜਿਉਂਦਾ ਮੁਕਤ ਕਿਹਾ ਜਾ ਸਕਦਾ ਹੈ। (ਅੰਗ : 275)

# (ਅਰਜਨਾ ਅਵਾਰਡੀ ਦੇ ਸਦੀਵੀ ਵਿਛੋੜੇ 'ਤੇ ਵਿਸ਼ੇਸ਼)

# ਖਾਲਸਾ ਕਾਲਜ ਅੰਮ੍ਰਿਤਸਰ ਦੇ ਕੌਮਾਂਤਰੀ ਸ਼ਾਟਪੁੱਟ ਖਿਡਾਰੀ ਬਾਬਾ ਬਲਵਿੰਦਰ ਸਿੰਘ ਧਾਲੀਵਾਲ

ਲੇਖਕ:- ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਗੁਰੂ ਕੀ ਵਡਾਲੀ, ਛੇਹਰਟਾ
99880-66466



ਪੰਜਾਬ ਮੇਲ USA



ਬਾਬਾ ਬਲਵਿੰਦਰ ਸਿੰਘ ਧਾਲੀਵਾਲ



ਰਾਸ਼ਟਰਪਤੀ ਸ਼੍ਰੀ ਆਰ. ਵੈਂਕਟਾਰਤਨਮ ਤੋਂ ਅਰਜਨਾ ਐਵਾਰਡ ਪ੍ਰਾਪਤ ਕਰਦੇ ਹੋਏ ਬਾਬਾ ਬਲਵਿੰਦਰ ਸਿੰਘ ਧਾਲੀਵਾਲ

ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸ਼ਾਟਪੁੱਟ ਖੇਡ ਵਿਚ ਉੱਚਾ ਨਾਮਣਾ ਖੱਟਣ ਵਾਲੇ, ਕੌਮਾਂਤਰੀ ਖੇਡਾਂ ਵਿਚ ਭਾਰਤ ਦਾ ਝੰਡਾ ਉੱਚਾ ਕਰਨ ਵਾਲੇ ਅਰਜਨਾ ਅਵਾਰਡੀ ਅਤੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਪ੍ਰਾਪਤ ਕਰਨ ਵਾਲੇ ਗੁਰਸਿੱਖ ਖਿਡਾਰੀ ਬਾਬਾ ਬਲਵਿੰਦਰ ਸਿੰਘ ਧਾਲੀਵਾਲ 1 ਜੂਨ 2026 ਨੂੰ ਸਾਢੇ 67 ਸਾਲ ਦੀ ਚੜ੍ਹਦੀਕਲਾ ਦੀ ਉਮਰ ਭੋਗਕੇ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਕਰ ਗਏ ਹਨ।

**ਪਰਿਵਾਰਕ ਪਿਛੋਕੜ:-** ਸਵ: ਬਾਬਾ ਬਲਵਿੰਦਰ ਸਿੰਘ ਧਾਲੀਵਾਲ ਦਾ ਜਨਮ 5 ਦਸੰਬਰ 1958 ਈ: ਨੂੰ ਪਿਤਾ ਤਾਰਾ ਸਿੰਘ ਧਾਲੀਵਾਲ ਦੇ ਗ੍ਰਹਿ ਅਤੇ ਮਾਤਾ ਹਰਬੰਸ ਕੌਰ ਦੀ ਕੁਖੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘਰਾਲਾ (ਨੇੜੇ ਦੀਨਾਨਗਰ) ਵਿਖੇ ਹੋਇਆ ਸੀ। ਉਨ੍ਹਾਂ ਨੇ ਦਸਵੀਂ ਤੱਕ ਦੀ ਵਿਦਿਆ ਪਿੰਡ ਘਰਾਲਾ ਦੇ ਸਕੂਲ ਤੋਂ ਪ੍ਰਾਪਤ ਕੀਤੀ। ਸੰਨ 1978 ਈ: ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਆ ਦਾਖਲ ਹੋਏ, ਜਿਥੇ ਉਨ੍ਹਾਂ ਨੂੰ ਕਾਲਜ ਦੇ ਡੀ.ਪੀ.ਈ. ਅਮਰੀਕ ਸਿੰਘ ਬਾਜਵਾ ਅਤੇ ਸਹਾਇਕ ਡੀ.ਪੀ.ਈ. ਕੇ.ਐੱਸ. ਚਿਮਨੀ ਵਲੋਂ ਆਪ ਦੇ ਰਿਸ਼ਟ-ਪੁਸ਼ਟ ਤੇ ਡੀਲ-ਡੌਲ ਵਾਲੇ ਜੁੱਸੇ ਨੂੰ ਵੇਖਕੇ ਸ਼ਾਟਪੁੱਟ ਦੀ ਖੇਡ ਵਿਚ ਹੋਰ ਉੱਚ ਪਦਵੀਆਂ ਪ੍ਰਾਪਤ ਕਰਨ ਲਈ ਐਥਲੈਟਿਕਸ ਖੇਡਾਂ ਦੇ ਉਸਤਾਦ ਅਜੀਤ ਸਿੰਘ ਦੀ ਸਪੁੱਰਦੀ ਹੇਠ ਖਾਲਸਾ ਕਾਲਜ ਅੰਮ੍ਰਿਤਸਰ ਦੀ ਗਰਾਊਂਡ ਵਿਚ ਸਵੇਰੇ ਸ਼ਾਮ ਸ਼ਾਟਪੁੱਟ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰਵਾਈ। ਉਹ 7 ਭਰਾਵਾਂ ਅਤੇ 2 ਭੈਣਾਂ ਵਿਚੋਂ ਪੰਜਵੇਂ ਸਥਾਨ 'ਤੇ ਸਨ।

**ਬਾਬਾ ਧਾਲੀਵਾਲ ਜੀ ਦਾ ਪਰਿਵਾਰ:-** ਉਨ੍ਹਾਂ ਦਾ ਵਿਆਹ ਗੋਬਿੰਦ ਸਦਨ ਦਿੱਲੀ ਵਾਲੇ ਮਹਾਰਾਜ ਬਾਬਾ ਵਿਰਸਾ ਸਿੰਘ ਜੀ ਸਰਾਵਾਂ ਵਾਲਿਆਂ ਨੇ ਬਟਾਲਾ ਨਿਵਾਸੀ ਹਰਬੰਸ ਸਿੰਘ ਰੰਧਾਵਾ ਅਤੇ ਅਮਰਜੀਤ ਕੌਰ ਦੀ ਸੁੱਘੜ ਸਿਆਣੀ ਸਪੁੱਤਰੀ ਬੀਬਾ ਹਰਦੀਸ਼ ਕੌਰ ਨਾਲ 1 ਦਸੰਬਰ 1986 ਈ: ਨੂੰ ਕਰਵਾਇਆ ਸੀ। ਸਵ: ਧਾਲੀਵਾਲ ਦੀ ਸੁਪੱਤਨੀ ਵਿਆਹ ਤੋਂ ਪਹਿਲਾਂ ਬਟਾਲਾ ਵਿਖੇ ਡੀ.ਏ.ਵੀ. ਸਕੂਲ ਵਿਚ ਪ੍ਰਿੰਸੀਪਲ ਰਹੇ ਅਤੇ ਵਿਆਹ ਤੋਂ ਬਾਅਦ ਆਪਣੇ ਪਤੀ ਬਾਬਾ ਧਾਲੀਵਾਲ ਨਾਲ ਟਾਟਾਨਗਰ ਵਿਖੇ ਟਾਟਾ ਸਟੀਲ ਫਰਮ (ਜਮਸ਼ੇਦਪੁਰ, ਝਾਰਖੰਡ ਸਟੇਟ) ਚਲੇ ਗਏ, ਜਿਥੇ ਉਨ੍ਹਾਂ ਨੇ ਵੀ ਉੱਚ ਪਦਵੀ 'ਤੇ ਸਰਵਿਸ ਕੀਤੀ ਹੈ। ਬਾਬਾ ਧਾਲੀਵਾਲ ਅਤੇ ਬੀਬੀ ਹਰਦੀਸ਼ ਕੌਰ ਦੇ ਗ੍ਰਹਿ ਵਿਖੇ ਇਕ ਬੇਟੇ ਪਰਮਜੀਤ ਸਿੰਘ ਅਤੇ ਦੋ ਬੇਟੀਆਂ ਤਰਨਦੀਪ ਕੌਰ ਤੇ ਹਰਮਨ ਕੌਰ ਨੇ ਜਨਮ ਲਿਆ। ਬੇਟੇ ਪਰਮਜੀਤ ਸਿੰਘ ਧਾਲੀਵਾਲ ਨੇ ਪਿਤਾ ਜੀ ਦੀ ਵਿਰਾਸਤ ਨੂੰ ਸਾਂਭਣ ਲਈ ਸ਼ਾਟਪੁੱਟ ਖੇਡ ਵਿਚ ਨੈਸ਼ਨਲ ਜਿੱਤਾਂ ਪ੍ਰਾਪਤ ਕਰਦੇ ਹੋਏ ਖੇਡਾਂ ਵਿਚ ਹੀ ਪੀ.ਐੱਚ.ਡੀ. ਕੀਤੀ ਅਤੇ ਅੱਜਕੱਲ੍ਹ ਚੰਡੀਗੜ੍ਹ ਵਿਖੇ ਹੀ ਇੰਟਰਨੈਸ਼ਨਲ ਸ਼ਾਟਪੁੱਟ ਕੋਚ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਬੇਟੀ ਤਰਨਦੀਪ ਕੌਰ ਵਿਆਹ ਤੋਂ ਪਹਿਲਾਂ ਦਿੱਲੀ ਵਿਚ ਸ੍ਰੀ ਗੰਗਾਰਾਮ ਹਸਪਤਾਲ ਵਿਚ ਰੀਸਰਚ ਅਫਸਰ ਦੀ ਪੋਸਟ 'ਤੇ ਰਹੇ ਹਨ ਅਤੇ ਪਰਦੀਪ ਸਿੰਘ ਕੁੰਦਲ ਨਾਲ ਵਿਆਹ ਤੋਂ ਬਾਅਦ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਅ ਰਹੀ ਹੈ। ਛੋਟੀ ਬੇਟੀ ਹਰਮਨ ਕੌਰ ਵੀ ਵਿਆਹੀ ਹੋਈ ਹੈ, ਜੋ ਇੰਗਲੈਂਡ ਵਿਚ ਆਪਣੇ ਜੀਵਨ ਸਾਥੀ ਪ੍ਰਤਾਪ ਸਿੰਘ ਨਾਲ ਸੁਖੀ ਜੀਵਨ ਬਤੀਤ ਕਰ ਰਹੀ।

**ਸਵ: ਧਾਲੀਵਾਲ ਦੀਆਂ ਸ਼ਾਟਪੁੱਟ ਖੇਡ ਵਿਚ ਨੈਸ਼ਨਲ ਅਤੇ ਇੰਟਰਨੈਸ਼ਨਲ ਉਪਲੱਬਧੀਆਂ:-** ਬਾਬਾ ਧਾਲੀਵਾਲ ਦੀਆਂ ਖੇਡਾਂ ਦੇ ਖੇਤਰ ਵਿਚ ਨਾ ਗਿਣੀਆਂ ਜਾਣ ਵਾਲੀਆਂ ਪ੍ਰਾਪਤੀਆਂ ਹਨ ਪਰ ਫਿਰ ਵੀ ਉੱਚ ਪੱਧਰੀ ਉਪਲੱਬਧੀਆਂ ਦਾ ਵੇਰਵਾ ਦੇ ਰਹੇ ਹਾਂ। ਸੰਨ 1978 'ਚ ਨੈਸ਼ਨਲ ਸਕੂਲ ਗੇਮਜ਼ 'ਚ ਗੋਲਡ ਮੈਡਲ, 1980 ਆਲ ਇੰਡੀਆ ਇੰਟਰ ਯੂਨੀਵਰਸਿਟੀ ਗੇਮਜ਼ 'ਚ ਗੋਲਡ ਮੈਡਲ, 1980 ਤੋਂ 1990 ਤੱਕ 11 ਵਾਰ ਇੰਡੀਅਨ ਨੈਸ਼ਨਲ ਚੈਂਪੀਅਨਸ਼ਿਪ 'ਚ ਨੈਸ਼ਨਲ ਚੈਂਪੀਅਨ, 1981-1992 ਤੱਕ ਇੰਡੀਅਨ ਨੈਸ਼ਨਲ ਅਥਲੈਟਿਕਸ ਮੀਟ 'ਚ ਲਗਾਤਾਰ 10 ਵਾਰ ਨੈਸ਼ਨਲ ਚੈਂਪੀਅਨ, 1982 'ਚ ਏਸ਼ੀਅਨ ਗੇਮਜ਼ ਨਵੀਂ ਦਿੱਲੀ ਵਿਖੇ ਚੌਥੀ ਪੁਜੀਸ਼ਨ, ਕਾਮਨਵੈਲਥ ਗੇਮਜ਼ 1982 ਤੇ 1990 'ਚ ਭਾਗ ਲਿਆ, 1983 'ਚ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ ਕੁਵੈਤ ਵਿਖੇ ਸਿਲਵਰ ਮੈਡਲ, ਉਲੰਪਿਕ 1984 'ਚ ਲਾਸ ਏਂਜਲਸ ਵਿਖੇ ਵਰਲਡ ਕੱਪ ਐਥਲੈਟਿਕਸ 'ਚ 7ਵੀਂ ਪੁਜੀਸ਼ਨ, 1985 'ਚ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ ਜਕਾਰਤਾ ਵਿਖੇ ਗੋਲਡ ਮੈਡਲ, 1986 'ਚ ਏਸ਼ੀਅਨ ਕਾਂਟੀਨੈਂਟਲ ਗੇਮਜ਼ 'ਚ ਕਾਂਟੀਨੈਂਟਲ ਚੈਂਪੀਅਨ, 1987 'ਚ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ ਸਿੰਗਾਪੁਰ ਵਿਖੇ ਬਰੌਂਜ ਮੈਡਲ, 1989 'ਚ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ ਦਿੱਲੀ ਵਿਖੇ ਗੋਲਡ ਮੈਡਲ ਜਿੱਤਿਆ।

**ਬਾਬਾ ਧਾਲੀਵਾਲ ਨੇ ਖੇਡਾਂ ਦੇ ਖੇਤਰ 'ਚ ਕਈ ਸਰਵੋਤਮ ਅਵਾਰਡ ਪ੍ਰਾਪਤ ਕੀਤੇ:-** ਸਵ: ਬਾਬਾ ਧਾਲੀਵਾਲ ਨੇ ਕੌਮੀ ਅਤੇ ਕੌਮਾਂਤਰੀ ਖੇਡਾਂ ਦੇ ਖੇਤਰਾਂ (ਉਲੰਪਿਕਸ ਗੇਮਜ਼, ਏਸੀਅਨ ਗੇਮਜ਼, ਕਾਮਨਵੈਲਥ ਗੇਮਜ਼) ਆਦਿ ਵਿਚ ਸ਼ਾਟਪੁੱਟ ਖੇਡ 'ਚ ਕਈ ਰਿਕਾਰਡ ਪੈਦਾ ਕੀਤੇ ਹਨ, ਜਿਸ ਕਰਕੇ ਉਨ੍ਹਾਂ ਨੂੰ ਖੇਡਾਂ ਦੇ ਖੇਤਰ ਵਿਚ ਕਈ ਉੱਚ ਅਵਾਰਡ ਪ੍ਰਾਪਤ ਹੋਏ। ਸੰਨ 1983 ਨੂੰ ਪੰਜਾਬ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਖੇਡ ਅਵਾਰਡ ਅਤੇ 1987 ਨੂੰ ਭਾਰਤ ਸਰਕਾਰ ਦੇ ਰਾਸ਼ਟਰਪਤੀ ਸ਼੍ਰੀ ਆਰ. ਵੈਂਕਟਾਰਤਨਮ ਵਲੋਂ ਅਰਜਨਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਸੰਨ 1988 ਨੂੰ ਲਿਮਕਾ ਬੁੱਕ ਆਫ ਰਿਕਾਰਡ, ਪੰਜਾਬ ਪੁਲਿਸ ਵਲੋਂ 2007 'ਚ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ 2010 'ਚ ਟਾਟਾ ਸਟੀਲ ਵਲੋਂ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

> ਸਵ: ਬਾਬਾ ਧਾਲੀਵਾਲ ਨੇ ਕੌਮੀ ਅਤੇ ਕੌਮਾਂਤਰੀ ਖੇਡਾਂ ਦੇ ਖੇਤਰਾਂ (ਉਲੰਪਿਕਸ ਗੇਮਜ਼, ਏਸ਼ੀਅਨ ਗੇਮਜ਼, ਕਾਮਨਵੈਲਥ ਗੇਮਜ਼) ਆਦਿ ਵਿਚ ਸ਼ਾਟਪੁੱਟ ਖੇਡ 'ਚ ਕਈ ਰਿਕਾਰਡ ਪੈਦਾ ਕੀਤੇ ਹਨ, ਜਿਸ ਕਰਕੇ ਉਨ੍ਹਾਂ ਨੂੰ ਖੇਡਾਂ ਦੇ ਖੇਤਰ ਵਿਚ ਕਈ ਉੱਚ ਅਵਾਰਡ ਪ੍ਰਾਪਤ ਹੋਏ। ਸੰਨ 1983 ਨੂੰ ਪੰਜਾਬ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਖੇਡ ਅਵਾਰਡ ਅਤੇ 1987 ਨੂੰ ਭਾਰਤ ਸਰਕਾਰ ਦੇ ਰਾਸ਼ਟਰਪਤੀ ਸ਼੍ਰੀ ਆਰ. ਵੈਂਕਟਾਰਤਨਮ ਵਲੋਂ ਅਰਜਨਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਸੰਨ 1988 ਨੂੰ ਲਿਮਕਾ ਬੁੱਕ ਆਫ ਰਿਕਾਰਡ, ਪੰਜਾਬ ਪੁਲਿਸ ਵਲੋਂ 2007 'ਚ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ 2010 'ਚ ਟਾਟਾ ਸਟੀਲ ਵਲੋਂ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

**ਬਾਬਾ ਧਾਲੀਵਾਲ ਵੱਖ-ਵੱਖ ਵਿਭਾਗਾਂ 'ਚ ਉੱਚ ਅਹੁੱਦਿਆਂ 'ਤੇ ਅਫਸਰ ਰਹੇ:-** ਭਾਰਤ ਦੇ ਕੌਮੀ ਅਤੇ ਕੌਮਾਂਤਰੀ ਰਿਕਾਰਡ ਹੋਲਡਰ ਸ਼ਾਟਪੁੱਟ ਐਥਲੀਟ ਬਾਬਾ ਧਾਲੀਵਾਲ ਨੂੰ 1981 ਵਿਚ ਪੰਜਾਬ ਪੁਲਿਸ 'ਚ ਬਤੌਰ ਸਬ ਇੰਸਪੈਕਟਰ ਦੀ ਸੇਵਾ ਪ੍ਰਾਪਤ ਹੋਈ, ਜਿਸ ਨੂੰ ਉਨ੍ਹਾਂ ਨੇ 2 ਸਾਲ ਬਾਅਦ ਛੱਡ ਦਿੱਤਾ। ਸੰਨ 1983 ਤੋਂ 2002 ਤੱਕ ਉਨ੍ਹਾਂ ਨੇ ਜਮਸ਼ੇਦਪੁਰ (ਝਾਰਖੰਡ) ਟਾਟਾ ਨਗਰ ਵਿਖੇ ਬਤੌਰ ਟਾਟਾ ਸਟੀਲ ਸਪੋਰਟਸ ਅਫ਼ੀਸਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਂਦੇ ਹੋਏ ਸ਼ਾਟਪੁੱਟ ਖੇਡ ਵਿਚ ਇੰਟਰਨੈਸ਼ਨਲ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਟਾਟਾਨਗਰ ਤੋਂ ਚੰਡੀਗੜ੍ਹ ਆਕੇ ਬਾਬਾ ਵਿਰਸਾ ਸਿੰਘ ਜੀ ਗੋਬਿੰਦ ਸਦਨ ਦਿੱਲੀ ਵਾਲਿਆਂ ਦੀਆਂ ਅਸੀਸਾਂ ਸਦਕਾ ਗੁ: ਨਾਨਕ ਸਾਗਰ ਸਾਹਿਬ ਸੈਕਟਰ 39-ਸੀ ਨੂੰ ਲੰਮੀ ਜੱਦੋ-ਜਹਿਦ ਬਾਅਦ ਪੰਥ ਦੋਖੀਆਂ ਕੋਲੋਂ ਆਜ਼ਾਦ ਕਰਵਾਇਆ, ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਦੀਆਂ ਸੇਵਾਵਾਂ ਸੌਂਪ ਦਿੱਤੀਆਂ। ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਦੇ ਨਾਲ-ਨਾਲ ਉਨ੍ਹਾਂ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਸ਼ਾਟਪੁੱਟ ਖੇਡ ਸੈਂਟਰ ਵਿਚ ਸ਼ਾਟਪੁੱਟ ਖਿਡਾਰੀਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ।

# PUNJAB MAIL USA

TV Channel, Newspaper, Radio

24 Hours 7 Days




**All over America, Canada, Australia & Europe**

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX

Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**